ਗੁਰਕੀਰਤ ਪ੍ਰਕਾਸ਼

ਕਵੀ ਵੀਰ ਸਿੰਘ ਬਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

[redacted]

[redacted]

24
394 0364 - 7440

SUBMITTED: [redacted]
PRINTED: [redacted]
REQUEST NO.: [redacted]
SENT VIA: [redacted]
EXTERNAL NO. [redacted]

Book

A
a¯bi¯ Yu¯ni¯warasit?i¯ Pat?ia¯la¯

[redacted]

IJ.

ਕਵੀ ਵੀਰ ਸਿੰਘ ਬਲ ਕ੍ਰਿਤ

ਗੁਰਕੀਰਤ ਪ੍ਰਕਾਸ਼

ਸੰਪਾਦਿਕਾ

ਡਾ. ਗੁਰਬਚਨ ਕੌਰ

[redacted]

Wīra Siṅgha Bala, fl. 1812-1851.
Gurakīrata prakāsha / Wīra Siṅgha Bala krita ; sampādikā Gurabacana Kaura. -- Paṭiālā : Pabalīkeshana Biūro, Pañjābī Yūnīwarasiṭī, 1986.
vi, 270, [1] p., [2] leaves of plates : ill. ; 22 cm.
Pan
In Panjabi.
Verse work on the lives of Sikh gurus.
Bibliography: p. [271]
Rs32.00

Ea 3/10/87 13 vps PAN

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

GURKIRAT PARKASH (*Punjabi*)

by

VIR SINGH BAL

edited by

DR. GURBACHAN KAUR
M. A., Ph. D.
Lecturer, Baring Union Christian College
BATALA

1986
ਪਹਿਲੀ ਵਾਰ : 1100
ਮੁੱਲ : 32-00

ਸਰਦਾਰ ਦੇਵਿੰਦਰ ਸਿੰਘ ਕੰਗ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ
ਮੈ/ਸ. ਯੈੱਸਮੈਨ ਪ੍ਰਿੰਟਰਜ਼, ਪਟਿਆਲਾ ਦੁਆਰਾ ਮੁਦ੍ਰਿਤ

ਦੋ ਸ਼ਬਦ

ਜਿਨ੍ਹਾਂ ਉਦੇਸ਼ਾਂ ਲਈ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਸੀ ਉਨ੍ਹਾਂ ਵਚੋਂ ਇਕ ਉਦੇਸ਼ ਇਹ ਵੀ ਹੈ ਕਿ ਪੰਜਾਬੀ ਭਾਸ਼ਾ ਅਤੇ ਸਾਹਿੱਤ ਦੀ ਬਹੁਪੱਖੀ ਉੱਨਤੀ ੀਤੀ ਜਾਏ। ਇਸ ਦ੍ਰਿਸ਼ਟੀ ਤੋਂ ਯੂਨੀਵਰਸਿਟੀ ਵਲੋਂ ਕਈ ਪ੍ਰਕਾਰ ਦੀਆਂ ਜਨਾਵਾਂ ਚਲਾਈਆਂ ਗਈਆਂ ਹਨ, ਜਿਨ੍ਹਾਂ ਵਿਚੋਂ ਇਕ ਪੁਰਾਣੇ ਹੱਥ-ਲਿਖਤ ਖਰੜਿਆਂ ਨੂੰ ਪਾਦਿਤ ਕਰਵਾ ਕੇ ਅਤੇ ਗ਼ੈਰ-ਵਿਗਿਆਨਿਕ ਢੰਗ ਨਾਲ ਸੰਪਾਦਿਤ ਹੋਈਆਂ ਪੁਰਾਣੀਆਂ ਚਨਾਵਾਂ ਦਾ ਪੁਨਰ-ਸੰਪਾਦਨ ਕਰਵਾ ਕੇ ਛਪਵਾਉਣ ਬਾਰੇ ਹੈ। ਇਸੇ ਉਦੇਸ਼ ਦੀ ਪੂਰਤੀ ਈ ਇਹ ਪੁਸਤਕ ਵੀ ਸੰਪਾਦਿਤ ਕਰਵਾਈ ਜਾ ਰਹੀ ਹੈ।

ਇਹ ਪੁਸਤਕ ਕਵੀ ਵੀਰ ਸਿੰਘ ਬਲ ਦੀ 'ਗੁਰਕੀਰਤ ਪ੍ਰਕਾਸ਼' ਨਾਂ ਦੀ ਰਚਨਾ ਾ ਪ੍ਰਕਾਸ਼ਿਤ ਰੂਪ ਹੈ। ਕਵੀ ਬਲ 19ਵੀਂ ਸਦੀ ਦੇ ਪਹਿਲੇ ਅੱਧ ਦਾ ਪ੍ਰਮੁਖ ਕਵੀ ਸੀ। ਸ ਨੇ ਪਟਿਆਲਾ ਰਾਜ ਦੀ ਸਰਪਰਸਤੀ ਪ੍ਰਾਪਤ ਕਰ ਕੇ ਪੰਜਾਬੀ ਅਤੇ ਬ੍ਰਜ ਦੋਹਾਂ ਸ਼ਾਵਾਂ ਵਿਚ ਰਚਨਾ ਕੀਤੀ। 'ਹੀਰ ਰਾਂਝਾ' ਅਤੇ 'ਬਾਰ੍ਹਾਮਾਹ' ਉਸ ਦੀਆਂ ਪੰਜਾਬੀ ਦੀਆਂ ਚਨਾਵਾਂ ਹਨ ਅਤੇ 'ਸਿੰਘ ਸਾਗਰ' ਅਤੇ 'ਗੁਰਕੀਰਤ ਪ੍ਰਕਾਸ਼' ਬ੍ਰਜ ਭਾਸ਼ਾ ਵਿਚ ਖੀਆਂ ਪ੍ਰਸਿੱਧ ਰਚਨਾਵਾਂ ਹਨ, ਪਰ ਇਨ੍ਹਾਂ ਉਤੇ ਵੀ ਪੰਜਾਬੀ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਦਾ ਹੈ। 'ਸਿੰਘ ਸਾਗਰ' ਵਿਚ ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਪਰਾਕ੍ਰਮ ਉਤੇ ਰਧਾ-ਪੂਰਨ ਢੰਗ ਨਾਲ ਪ੍ਰਕਾਸ਼ ਪਾਇਆ ਗਿਆ ਹੈ ਅਤੇ 'ਗੁਰਕੀਰਤ ਪ੍ਰਕਾਸ਼' ਵਿਚ ਸ ਗੁਰੂ ਸਾਹਿਬਾਨ ਦੇ ਚਰਿਤ੍ਰਾਂ ਦੇ ਪ੍ਰਸੰਗਾਂ ਵਿਚ ਉਨ੍ਹਾਂ ਦੀ ਕੀਰਤੀ ਗਾਈ ਗਈ ਹੈ। ਵੀ ਨੇ 'ਸਿੰਘ ਸਾਗਰ' ਵਿਚ ਗੁਰੂ ਗੋਬਿੰਦ ਸਿੰਘ ਦੇ ਜੀਵਨ ਬ੍ਰਿੱਤਾਂਤ ਨੂੰ ਲਿਖਣ ਪਰੰਤ ਇਸ ਪੁਸਤਕ ਵਿਚ ਕੇਵਲ ਪਹਿਲੇ ਨੌਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਪਕਾਰਾਂ ਤੇ ਪ੍ਰਕਾਸ਼ ਪਾਇਆ ਹੈ ਤੇ ਦਸਵੇਂ ਗੁਰੂ ਬਾਰੇ ਕੇਵਲ ਪ੍ਰਸੰਗ-ਪੂਰਤੀ ਲਈ ਕੁਝ ਸਾਮਗ੍ਰੀ ਾਮਲ ਕੀਤੀ ਹੈ। ਇਹ ਰਚਨਾ ਪੰਜਾਬ ਦੇ ਮਹਾਨ ਧਾਰਮਿਕ ਨਾਇਕਾਂ ਅਤੇ ਪੰਜਾਬੀ ਭਿਆਚਾਰ ਨੂੰ ਬੜੀ ਰੁਚੀ ਨਾਲ ਚਿਤਰਦੀ ਹੈ। ਇਹ ਹੁਣ ਤਕ ਹੱਥ-ਲਿਖਤ ਪ ਵਿਚ ਉਪਲਬਧ ਸੀ। ਇਸ ਲਈ ਇਸ ਦਾ ਸੰਪਾਦਨ ਕਰਵਾ ਕੇ ਪ੍ਰਕਾਸ਼ਿਤ ਕੀਤਾ ਜਾ ਹਾ ਹੈ ਤਾਂ ਜੋ ਗੁਰ-ਇਤਿਹਾਸ ਅਤੇ 19ਵੀਂ ਸਦੀ ਦੇ ਸਿੱਖ-ਸਾਹਿੱਤ ਵਿਚ ਰੁਚੀ ਰਖਣ ਲੇ ਪਾਠਕ ਇਸ ਤੋਂ ਲਾਭ ਉਠਾ ਸਕਣ।

ਾਬੀ ਯੂਨੀਵਰਸਿਟੀ
ਟਿਆਲਾ

ਸ. ਸ. ਜੌਹਲ
ਵਾਈਸ-ਚਾਂਸਲਰ

[illegible]

ਭੂਮਿਕਾ

ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਦੇ ਮੁੱਖ ਉਦੇਸ਼ਾਂ ਵਿਚੋਂ ਇਕ ਦੇਸ਼ ਇਹ ਵੀ ਸੀ ਕਿ ਪੰਜਾਬੀ ਦੀਆਂ ਕਲਾਸਕੀ ਰਚਨਾਵਾਂ ਨੂੰ ਹੱਥ-ਲਿਖਤਾਂ ਦੇ ਆਧਾਰ ਸਹੀ ਢੰਗ ਨਾਲ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ ਜਾਵੇ । ਇਸ ਸੰਬੰਧ ਵਿਚ ਜੋ ਜੈਕਟ ਬਣਾਈ ਗਈ, ਉਸ ਵਿਚ 'ਗੁਰਕੀਰਤ ਪ੍ਰਕਾਸ਼' ਦਾ ਸੰਪਾਦਨ ਵੀ ਸ਼ਾਮਲ ਸੀ ।

ਇਹ ਪੁਸਤਕ 'ਗੁਰਕੀਰਤ ਪ੍ਰਕਾਸ਼' ਦਾ ਸੰਪਾਦਿਤ ਰੂਪ ਹੈ । 'ਗੁਰਕੀਰਤ ਪ੍ਰਕਾਸ਼' ਵੀ ਵੀਰ ਸਿੰਘ ਬਲ ਦੀ ਰਚਨਾ ਹੈ ਜੋ ਬਖਤ ਸਿੰਘ ਦਾ ਪੁੱਤਰ ਅਤੇ ਸਭਾ ਸਿੰਘ ਦਾ ਤਰਾ ਸੀ ਅਤੇ ਜਿਸ ਦਾ ਪਿਛਾ ਪਵਾਰ ਰਾਜਪੂਤਾਂ ਨਾਲ ਜਾ ਜੁੜਦਾ ਹੈ । ਕਵੀ ਠਿਆਲੇ ਦਾ ਨਿਵਾਸੀ ਸੀ । ਪਹਿਲਾਂ ਕੁਝ ਸਮਾਂ ਅੰਮ੍ਰਿਤਸਰ ਰਿਹਾ ਪਰ ਬਾਅਦ ਵਿਚ ਟਿਆਲਾ ਦੇ ਮਹਾਰਾਜਾ ਕਰਮ ਸਿੰਘ ਦੇ ਦਰਬਾਰ ਵਿਚ ਆ ਗਿਆ । ਇਸ ਦੀਆਂ ਛੇ ਚਨਾਵਾਂ ਹੁਣ ਉਪਲਬਧ ਹਨ— 'ਕਿੱਸਾ ਹੀਰ ਰਾਂਝਾ', 'ਬਾਰ੍ਹਾਮਾਹਾ', 'ਸਿੰਘ ਸਾਗਰ', 'ਗੁਰ-ਕੀਰਤ ਪ੍ਰਕਾਸ਼,' 'ਗੋਪੀ ਚੰਦ ਵੈਰਾਗ ਸ਼ਤਕ' ਤੇ 'ਸੁਧਾ ਸਿੰਧ ਰਾਮਾਇਣ' । ਇਨ੍ਹਾਂ ਰਚਨਾਵਾਂ ਦੇ ਆਧਾਰ ਤੇ ਕਵੀ ਦਾ ਰਚਨਾ-ਕਾਲ 1812 ਤੋਂ 1851 ਤਕ ਪਸਰਿਆ ਸਿੱਧ ਹੁੰਦਾ ਹੈ । ਇਹ ਬ੍ਰਜ ਭਾਸ਼ਾ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਕਾਵਿ ਸਿਰਜਨਾ ਕਰਨ ਵਿਚ ਸਮਰਥ ਸੀ ।

ਸੰਪਾਦਨ ਅਧੀਨ ਰਚਨਾ ਦਾ ਸੰਬੰਧ ਦਸ ਸਿੱਖ ਗੁਰੂ ਸਾਹਿਬਾਨ ਨਾਲ ਹੈ ਜਿਨ੍ਹਾਂ ਦੇ ਸੰਖਿਪਤ ਜੀਵਨ-ਚਰਿਤ ਗੁਰੂ-ਕਾਲ-ਕ੍ਰਮ ਅਨੁਸਾਰ ਇਕ ਇਕ ਹੁਲਾਸ ਵਿਚ ਵਰਣਿਤ ਹਨ । ਇਨ੍ਹਾਂ ਵਿਚੋਂ ਵੀ ਪਹਿਲਾ ਅਤੇ ਛੇਵਾਂ ਹੁਲਾਸ ਅਧਿਕ ਵਿਸਤਰਿਤ ਹਨ । ਛੇਵਾਂ ਹੁਲਾਸ (593 ਪਦ) ਸਭ ਨਾਲੋਂ ਵੱਡੇ ਆਕਾਰ ਦਾ ਹੈ । ਦਸਵੇਂ ਹੁਲਾਸ ਵਿਚ ਕੇਵਲ 45 ਪਦਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਜੀਵਨ-ਚਰਿਤ ਤੇ ਪ੍ਰਕਾਸ਼ ਪਾਇਆ ਗਿਆ ਹੈ, ਕਿਉਂਕਿ ਕਵੀ ਨੇ 'ਸਿੰਘ ਸਾਗਰ' ਨਾਂ ਦੀ ਰਚਨਾ ਵਿਚ ਦਸਮ ਗੁਰੂ ਦਾ ਬ੍ਰਿੱਤਾਂਤ ਪੂਰੇ ਵਿਸਤਾਰ ਨਾਲ ਦਿੱਤਾ ਹੈ, ਇਸ ਲਈ ਇਥੇ ਇਸ ਪ੍ਰਸੰਗ ਨੂੰ ਬਹੁਤ ਵਿਸਤਾਰਨਾ ਉਚਿਤ ਨਹੀਂ ਸਮਝਿਆ ਗਿਆ ਪ੍ਰਤੀਤ ਹੁੰਦਾ ।

ਗੁਰੂ ਸਾਹਿਬਾਨ ਬਾਰੇ ਚਰਿਤਾਂ ਦੀ ਰਚਨਾ ਗੁਰੂ-ਕਾਲ ਤੋਂ ਹੀ ਸ਼ੁਰੂ ਹੋ ਗਈ ਸੀ । ਇਹ ਵਾਰਤਕ ਅਤੇ ਕਵਿਤਾ ਦੋਹਾਂ ਰੂਪਾਂ ਵਿਚ ਉਪਲਬਧ ਹਨ । ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਜਨਮਸਾਖੀਆਂ ਵਾਰਤਕ ਵਿਚ ਲਿਖੇ ਗੁਰੂ ਚਰਿਤ ਹਨ ਅਤੇ ਗੁਰਬਿਲਾਸ ਆਦਿ ਰਚਨਾਵਾਂ ਚਰਿਤ-ਕਾਵਿ ਦੇ ਉਜਲੇ ਨਮੂਨੇ ਹਨ । ਇਨ੍ਹਾਂ ਪ੍ਰਬੰਧਪੂਰਣ ਰਚਨਾਵਾਂ ਤੋਂ ਇਲਾਵਾ ਸੰਖਿਪਤ ਚਰਿਤਾਂ ਦੀ ਰਚਨਾ ਵੀ ਹੋਈ ਮਿਲ ਜਾਂਦੀ ਹੈ । ਇਹ ਚਰਿਤ ਇਤਿਹਾਸ ਅਤੇ ਕਾਵਿ ਦਾ ਮਿਸ਼ਰਿਤ ਰੂਪ ਹਨ । ਸਰੂਪ ਦਾਸ ਭਲਾ ਕ੍ਰਿਤ 'ਮਹਿਮਾ ਪ੍ਰਕਾਸ਼' ਲਘੂ ਚਰਿਤ ਕਾਵਿ ਪਰੰਪਰਾ ਦੀਆਂ ਮੁਢਲੀਆਂ ਰਚਨਾਵਾਂ ਵਿਚੋਂ ਹੈ । ਕੇਸਰ ਸਿੰਘ

ਛਿੱਬਰ ਰਚਿਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ', ਰਤਨ ਸਿੰਘ ਭੰਗੂ ਕ੍ਰਿਤ 'ਪ੍ਰਾਚੀਨ ਪੰਥ ਪ੍ਰਕਾਸ਼' ਇਸੇ ਪਰੰਪਰਾ ਦੀਆਂ ਅਗਲੀਆਂ ਕੜੀਆਂ ਹਨ। 'ਗੁਰਪ੍ਰਤਾਪ ਸੂਰਜ' ਵਿਚ ਵੀ ਵਿਸਤਰਿਤ ਰੂਪ ਵਿਚ ਹਰ ਇਕ ਗੁਰੂ ਸਾਹਿਬ ਦੇ ਪ੍ਰਸੰਗ ਮਿਲ ਜਾਂਦੇ ਹਨ। ਸਾਖੀ ਅਤੇ ਪਰਚੀ ਸਾਹਿੱਤ ਵਿਚ ਵਾਰਤਕ ਵਿਚ ਲਿਖੇ ਗੁਰੂ ਸਾਹਿਬਾਨ ਅਤੇ ਸ੍ਰੇਸ਼ਠ ਸਿੱਖ ਭਗਤਾਂ ਦੇ ਚਰਿਤ ਉਪਲਬਧ ਹਨ। ਆਧੁਨਿਕ ਯੁਗ ਵਿਚ ਇਹ ਚਰਿਤ ਪਰੰਪਰਾ ਭਾਈ ਵੀਰ ਸਿੰਘ ਦੀਆਂ ਵਾਰਤਕ ਵਿਚ ਲਿਖੀਆਂ ਚਮਤਕਾਰਾਂ ਤਕ ਵਿਆਪਕ ਹੈ।

ਕਵੀ ਵੀਰ ਸਿੰਘ ਬਲ ਨੇ ਵਿਸ਼ੇ ਨਾਲ ਸੰਬੰਧਿਤ ਪੂਰਵਰਤੀ ਸਾਮਗ੍ਰੀ ਦਾ ਵਿਸ਼ੇਸ਼ ਰੂਪ ਵਿਚ ਅਧਿਐਨ ਕੀਤਾ ਹੈ ਅਤੇ ਯਥਾਸੰਭਵ ਇਤਿਹਾਸਿਕ ਆਧਾਰ ਨੂੰ ਕਾਇਮ ਰਖਿਆ ਹੈ। ਕਵੀ ਦਾ ਵਸਤੂ-ਵਰਣਨ, ਯੁੱਧ-ਪ੍ਰਸੰਗ ਆਦਿ ਪੱਖ ਵਿਸ਼ੇਸ਼ ਰੂਪ ਵਿਚ ਬੜੇ ਸਜੀਵ ਹਨ। ਇਸ ਰਚਨਾ ਦੀ ਛੰਦ-ਯੋਜਨਾ, ਅਲੰਕਾਰ-ਵਿਧਾਨ ਅਤੇ ਵਸਤੂ-ਸੰਯੋਜਨ ਬੜੀ ਕੁਸ਼ਲਤਾ ਨਾਲ ਹੋਇਆ ਹੈ। ਇਸ ਦੀ ਭਾਸ਼ਾ ਭਾਵੇਂ ਬ੍ਰਜ ਹੈ ਪਰ ਪੰਜਾਬੀ ਦਾ ਪ੍ਰਭਾਵ ਸਭ ਥਾਂ ਵੇਖਿਆ ਜਾ ਸਕਦਾ ਹੈ। ਸਿਰਖੰਡੀ ਛੰਦ ਤਾਂ ਸਾਰੇ ਹੀ ਸ਼ੁੱਧ ਪੰਜਾਬੀ ਵਿਚ ਹਨ, ਸ਼ਬਦਾਵਲੀ ਅਤੇ ਵਿਆਕਰਣ ਉਤੇ ਵੀ ਪੰਜਾਬੀ ਦਾ ਪ੍ਰਭਾਵ ਪਏ ਬਿਨਾ ਨਹੀਂ ਰਿਹਾ ਕਿਉਂਕਿ ਕਵੀ ਖੁਦ ਪੰਜਾਬੀ ਸੀ, ਇਸ ਲਈ ਮਾਤ ਬੋਲੀ ਕਿਸੇ ਨਾ ਕਿਸੇ ਰੂਪ ਵਿਚ ਉਘੜ ਆਉਂਦੀ ਰਹੀ ਹੈ। ਕਵੀ ਦੀ ਸਮੁੱਚੀ ਸ਼ਬਦਾਵਲੀ ਸੰਸਕ੍ਰਿਤ-ਨਿਸ਼ਠ ਹੈ, ਕਿਉਂਕਿ ਜਿਵੇਂ ਇਹ ਬ੍ਰਜ ਵਿਚ ਲਿਖਦਿਆਂ ਪੰਜਾਬੀ ਦੇ ਪ੍ਰਭਾਵ ਤੋਂ ਨਹੀਂ ਬਚ ਸਕਿਆ ਉਸੇ ਤਰ੍ਹਾਂ ਇਸ ਦਾ ਸੰਸਕ੍ਰਿਤ ਭਾਸ਼ਾ ਦਾ ਅਧਿਐਨ ਵੀ ਆਪਣਾ ਇਹਸਾਸ ਜਤਾਂਦਾ ਪ੍ਰਤੀਤ ਹੁੰਦਾ ਹੈ। ਇਸ ਰਚਨਾ ਵਿਚ ਪੰਜਾਬ ਦੇ ਸਭਿਆਚਾਰ ਨੂੰ ਗੁਰੂ-ਚਰਿਤ-ਪ੍ਰਸੰਗਾਂ ਰਾਹੀਂ ਸੁਲਝੇ ਹੋਏ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਮੁੱਚੇ ਤੌਰ ਤੇ ਇਹ ਲਘੂ-ਚਰਿਤ-ਕਾਵਿ ਸੰਗ੍ਰਹਿ ਪੰਜਾਬ ਦੇ ਕਾਵਿ ਜਗਤ ਦੀ ਇਕ ਮਹੱਤਵਪੂਰਣ ਰਚਨਾ ਹੈ, ਜਿਸ ਦੇ ਫਲਸਰੂਪ ਇਸ ਨੂੰ ਸੰਪਾਦਿਤ ਕਰਵਾਇਆ ਗਿਆ ਹੈ। ਇਸ ਦੇ ਸੰਪਾਦਨ ਦਾ ਕਾਰਜ ਡਾ. ਗੁਰਬਚਨ ਕੌਰ ਨੂੰ ਸੌਂਪਿਆ ਗਿਆ ਹੈ ਜਿਨ੍ਹਾਂ ਨੇ ਇਸ ਨੂੰ ਬੜੀ ਮਿਹਨਤ ਅਤੇ ਲਗਨ ਨਾਲ ਸੰਪੰਨ ਕੀਤਾ ਹੈ। ਇਸ ਨੂੰ ਯੂਨੀਵਰਸਿਟੀ ਪੱਧਰ ਤੇ ਛਾਪਣ ਲਈ ਵਿਸ਼ੇਸ਼ਗ ਰਾਇ ਡਾ. ਧਰਮਪਾਲ ਸਿੰਗਲ, ਚਿਅਰਮੈਨ ਗੁਰੂ ਰਵੀਦਾਸ ਚਿਅਰ, ਪੰਜਾਬ ਯੂਨੀਵਰਸਿਟੀ ਨੇ ਦਿੱਤੀ ਹੈ। ਅਸੀਂ ਇਨ੍ਹਾਂ ਦੋਹਾਂ ਵਿਦਵਾਨਾਂ ਦੇ ਸਹਿਯੋਗ ਦੇ ਦਿਲੋਂ ਰਿਣੀ ਹਾਂ।

ਮੈਨੂੰ ਵਿਸ਼ਵਾਸ ਹੈ ਕਿ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਚਰਿਤ-ਕਾਵਿ ਵਿਚ ਰੁਚੀ ਰਖਣ ਵਾਲੇ ਵਿਦਵਾਨ ਪਾਠਕ ਇਸ ਪੁਸਤਕ ਦੇ ਪ੍ਰਕਾਸ਼ਨ ਤੋਂ ਲਾਭ ਉਠਾਉਣਗੇ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਤਨ ਸਿੰਘ ਜੱਗੀ
ਪ੍ਰੋਫੈਸਰ ਅਤੇ ਮੁੱਖੀ

ਵਿਸ਼ੈ-ਸੂਚੀ

ਮੁੱਢਲੀ ਜਾਣ-ਪਛਾਣ

1.

ਕਵੀ ਪਰਿਚਯ

ਕਵੀ ਵੀਰ ਸਿੰਘ ਬਲ ਦੀ ਲਿਖੀ ਸੰਪਾਦਨ ਅਧੀਨ ਰਚਨਾ 'ਗੁਰਕੀਰਤ ਪ੍ਰਕਾਸ਼' ਦਸ ਗੁਰੂ ਸਾਹਿਬਾਨ ਦੇ ਜੀਵਨ-ਚਰਿਤ੍ਰਾਂ ਨੂੰ ਬੜੇ ਸੰਖੇਪ ਵਿਚ ਪੇਸ਼ ਕਰਨ ਵਾਲੀ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖੀ ਇਕ ਮਹੱਤਵਪੂਰਨ ਰਚਨਾ ਹੈ। ਭਾਵੇਂ ਇਸ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਬ੍ਰਜ ਹੈ, ਪਰ ਇਸ ਵਿਚ ਕਵੀ ਨੇ ਪੰਜਾਬ ਦੇ ਸਭਿਆਚਾਰ, ਧਰਮ ਇਤਿਹਾਸ ਅਤੇ ਵੀਰ ਭਾਵਨਾ ਨੂੰ ਬੜੀ ਸੁਘੜਤਾ ਨਾਲ ਚਿੱਤਰ ਕੇ ਪੰਜਾਬ ਸੰਬੰਧੀ, ਅਧਿਐਨ ਦੀ ਰੁਚੀ ਦਾ ਵਿਸਤਾਰ ਕੀਤਾ ਹੈ, ਪਰ ਅਜੇ ਤਕ ਹੱਥ-ਲਿਖਤ ਰੂਪ ਵਿਚ ਉਪਲਬਧ ਹੋਣ ਕਾਰਣ ਵਿਦਵਾਨਾਂ ਦਾ ਧਿਆਨ ਇਸ ਰਚਨਾ ਵਲ ਘਟ ਹੀ ਗਿਆ ਹੈ।

ਕਵੀ ਵੀਰ ਸਿੰਘ ਦੇ ਜੀਵਨ ਅਤੇ ਵਿਅਕਤਿਤ੍ਵ ਸੰਬੰਧੀ ਜਾਣਕਾਰੀ ਦਾ ਅਭਾਵ ਹੈ। ਕਿਉਂਕਿ ਨਾ ਤਾਂ ਕਵੀ ਨੇ ਆਪਣੇ ਬਾਰੇ ਖ਼ੁਦ ਕੋਈ ਵਿਸਤ੍ਰਿਤ ਵਿਵਰਣ ਦਿੱਤਾ ਹੈ ਅਤੇ ਨਾ ਹੀ ਕੋਈ ਬਾਹਰਲੇ ਪ੍ਰਮਾਣ ਜਾਂ ਤੱਥ ਉਪਲਬਧ ਹਨ। ਪੰਜਾਬੀ ਸਾਹਿੱਤ ਦੇ ਇਤਿਹਾਸਕਾਰਾਂ ਨੇ ਵੀ ਇਸ ਸੰਬੰਧੀ ਕੋਈ ਉਚੇਚੀ ਜਾਣਕਾਰੀ ਨਹੀਂ ਦਿੱਤੀ, ਭਾਵੇਂ ਇਸ ਨੇ ਸ਼ੁੱਧ ਪੰਜਾਬੀ ਵਿਚ ਵੀ ਦੋ ਰਚਨਾਵਾਂ ਲਿਖੀਆਂ ਹਨ। ਇਸ ਸੰਬੰਧ ਵਿਚ ਕੇਵਲ ਇਕੋ ਇਕ ਸਾਧਨ ਬਾਕੀ ਹੈ ਅਤੇ ਉਹ ਹੈ ਕਵੀ ਦੀਆਂ ਰਚਨਾਵਾਂ ਵਿਚ ਕਿਤੇ ਕਿਤੇ ਮਿਲਦੇ ਕੁਝ ਸੰਕੇਤ ਜਿਨ੍ਹਾਂ ਦੇ ਆਧਾਰ ਤੇ ਕੁਝ ਤੱਥ ਉਗੜਦੇ ਹਨ। ਅਜਿਹੇ ਸੰਕੇਤ ਇਸ ਪ੍ਰਕਾਰ ਹਨ :

(1) **ਕਿੱਸਾ ਹੀਰ ਰਾਂਝਾ :** (ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਹੱਥ-ਲਿਖਤ ਨੰ. 550 ਅਨੁਸਾਰ) :

ਵੀਰ ਸਿੰਘ ਗੋਬਿੰਦ ਸਿੰਘ ਪਾਤਸਾਹ ਨੂੰ ਹਥ ਜੋੜ ਮੈਂ ਸੀਸ ਨਿਵਾਇ ਭਾਈ।
ਠਾਰਾਂ ਕਥੀ ਸੈ ਸਾਲ ਉਣਤਰੈ ਮੈਂ, ਲਿਖੀ ਆਣ ਤਿਰਾਨਵੇਂ ਸਾਲ ਭਾਈ।
ਅਤੂ ਬਦੀ ਥਿਤ ਤੀਜ ਸੁਭ ਵਾਰ ਮੰਗਲ,
ਲਿਖੀ ਸਹਿਰ ਪਟਾਲੇ ਸੁਧਾਇ ਭਾਈ। ੨੮੫।

ਕਬਿਤ : ਕੌਸਲਪੁਰ ਤੇ ਕੋਸ ਦੁਆਦਸ ਪ੍ਰਮਾਨ ਦਿਸ,
ਪੱਛਮ ਬਸੰਤ ਸ਼ਹਿਰ ਸੁੰਦਰੁ ਮਹਾਨੀਯਾ।
ਅੰਬਰ ਅਵਾਸੁ ਜਾਸੁ ਦੇਸੁ ਦੇਸੁ ਸੁਨਿਯੋ ਨਾਮ,
ਕਰਮ ਸਿੰਘ ਨ੍ਰਿਪ ਕੀ ਬਸੇਸ ਰਾਜਧਾਨੀਯਾ।

ਤਾਪੁਰ ਉਦਾਰੁ ਲਿਖਿ ਕੀਨੀ ਬਿਸਥਾਰ ਕਵ,
ਵੀਰ ਸਿੰਘ ਰਾਂਝੇ ਹੀਰ ਪ੍ਰੇਮ ਕੀ ਕਹਾਨੀਯਾ ।
ਅਛਰ ਸੁਧਾਰ ਕਵਿ ਲੀਜੀਏ ਸਵਾਰ ਇਹਿ,
ਨਾਮ ਛੰਦ ਝੂਲਣਾ ਹੈ ਬੈਂਤ ਬਖਾਨੀਯਾ । ੨੮੬ ।

ਉਪਰੋਕਤ ਟੂਕਾਂ ਤੋਂ ਸਪੱਸ਼ਟ ਹੈ ਕਿ ਕਵੀ ਗੁਰੂ ਗੋਬਿੰਦ ਸਿੰਘ ਦਾ ਨਿਸ਼ਠਾਵਾਨ ਅਨੁਯਾਈ ਹੈ । ਉਸ ਨੇ 1812 ਈ. (1869 ਬਿ.) ਵਿਚ ਇਸ ਕਿੱਸੇ ਦੀ ਪਹਿਲੀ ਵਾਰ ਰਚਨਾ ਕੀਤੀ ਅਤੇ 1836 ਈ. (1893 ਬਿ.) ਵਿਚ ਸੋਧ ਕੇ ਪਟਿਆਲੇ ਵਿਚ ਉਸ ਨੂੰ ਲਿਖਤ ਰੂਪ ਪ੍ਰਦਾਨ ਕੀਤਾ । ਪਟਿਆਲਾ ਕੋਸ਼ਲਪੁਰ (ਘੁੜਾਮ) ਤੋਂ 12 ਕੋਹ ਪੱਛਮ ਵਲ ਹੈ, ਜਿੱਥੇ ਮਹਾਰਾਜਾ ਕਰਮ ਸਿੰਘ ਦਾ ਰਾਜ ਸੀ ।

(2) **ਬਾਰਾਮਾਹਾ** ('ਗੁਰ ਮਹਿਮਾ ਰਤਨਾਵਲੀ' ਵਿਚੋਂ)[1]

ਰੁਤ ਬਸੰਤ ਚੇਤਰ ਦੀ ਆਈ, ਬਿਰਹੋਂ ਚਟਕ ਕਲੇਜੇ ਲਾਈ ।...
ਗੁਰ ਸਿਉਂ ਵੀਰ ਸਿੰਘ ਚਿਤ ਲਾਯਾ, ਤੇਰੇ ਚਰਨ ਕਮਲ ਸਿਰ ਨਾਯਾ ।
ਆਵੀਂ ਸਚੇ ਸੋਢੀ ਰਾਯਾ, ਤੈਂ ਤੁਰਕਾਂ ਦਾ ਤੇਜ ਘਟਾਯਾ ।੧੨।

ਇਸ ਟੂਕ ਵਿਚ ਕਵੀ ਸੋਢੀ ਸ਼ਿਰੋਮਣੀ ਗੁਰੂ ਗੋਬਿੰਦ ਸਿੰਘ ਦਾ ਅਨਨ੍ਯ ਸਿੱਖ ਸਿੱਧ ਹੁੰਦਾ ਹੈ । ਇਸ 'ਬਾਰਾਮਾਹਾ' ਦੀ ਰਚਨਾ ਭਾਈ ਕਾਨ੍ਹ ਸਿੰਘ ਅਨੁਸਾਰ 1820 ਈ. (1877 ਬਿ.) ਵਿਚ ਹੋਈ ਸੀ ।

(3) **ਸਿੰਘ ਸਾਗਰ** (ਮੋਤੀ ਬਾਗ ਲਾਇਬ੍ਰੇਰੀ, ਹੱਥ-ਲਿਖਤ ਨੰ. 102)

ਕ੍ਰਿਤ ਕਵ ਵੀਰ ਸਿੰਘ ਬਲ ਕੀ...ਅਥ ਸਿੰਘ ਸਾਗਰ
ਗ੍ਰੰਥ ਲਿਖਯਤੇ । (ਰਚਨਾ ਆਰੰਭ ਵਿਚ)

ਸਵੈਯਾ : ਸੋਮ ਸੁਵੰਸ ਵਿਖੈ ਨ੍ਰਿਪੁ ਸਾਂਤਲੁ ਤਾਂ ਕੁਲ ਮੈ ਜਗਦੇਵ ਪਵਾਰਾ ।
ਤਾ ਕੁਲ ਮੈ ਬਲੁ ਗੋਤ੍ਰ ਭਇਯੋ ਸਭਾ ਸਿੰਘ ਲਇਯੋ ਜਿਸ ਮੈ ਅਵਤਾਰਾ ।
ਤਾਸ ਸਪੂਤ ਭਇਯੋ ਬਖਤ ਸਿੰਘ ਜੁ ਜਾਸ ਕੋ ਧਾਮੁ ਪੁਰੀ ਸਠੀਯਾਰਾ ।
ਤਾਂ ਸੁਤੁ ਵੀਰ ਮ੍ਰਿਗਿੰਦੁ ਭਇਯੋ ਸਿੰਘ ਸਾਗਰ ਗ੍ਰੰਥ ਜਿਸੈ ਬਿਸਤਾਰਾ ।੧੧੩।

ਦੋਹਰਾ : ਸਭਾ ਚੰਦ ਸਿੰਘ ਨੰਦ ਕੋ ਸ੍ਰੀ ਬਸੰਤ ਸਿੰਘੁ ਨਾਮ ।
ਤਾਂ ਕੋ ਸੁਤ ਕਵ ਬੀਰ ਸਿੰਘ ਸਠੀਯਾਰਾ ਤਿਹ ਗ੍ਰਾਮ ।੧੧੪।
ਪਟਆਰੇ ਪੁਰ ਮੈ ਰਚਿਯੋ ਸਿੰਘ ਸਾਗਰ ਇਹ ਗ੍ਰੰਥ ।
ਪਢੇ ਸੁਣੈ ਫਲ ਪਾਹਿ ਜੇ ਸੁਣੈ ਸ੍ਰਵਣ ਸਭ ਪੰਥ ।੧੧੫।

ਸਵੈਯਾ : ਬਿਕ੍ਰਮਜੀਤ ਨਰੇਸ ਕੇ ਸੰਬਤ ਏਕੁ ਹਜਾਰੁ ਮੈ ਆਠ ਚੌਰਾਸੀ ।
ਮਾਘ ਵਦੀ ਰਵ ਵਾਰ ਇਕਾਦਸੀ ਗ੍ਰੰਥ ਸਪੂਰਣ ਕੀਨ ਪ੍ਰਕਾਸ ।੧੧੮।

(ਤਰੰਗ 14)

[1]'ਗੁਰ ਮਹਿਮਾ ਰਤਨਾਵਲੀ' (ਸੰਪਾਦਕ ਭਾਈ ਕਾਨ੍ਹ ਸਿੰਘ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984, ਪੰਨਾ 330

ਉਪਰਲੀਆਂ ਟੂਕਾਂ ਅਨੁਸਾਰ ਚੰਦ੍ਰ ਵੰਸ਼ੀ ਰਾਜਾ ਸਾਂਤਲੁ ਦੀ ਕੁਲ ਵਿਚ ਜਗਦੇਵ ਪਵਾਰ ਹੋਇਆ। ਉਸ ਦੀ ਕੁਲ ਵਿਚ ਬਲ ਗੋਤ੍ਰ ਵਿਚ ਸਭਾ ਸਿੰਘ ਦਾ ਜਨਮ ਹੋਇਆ। ਉਸ ਦੇ ਪੁੱਤਰ ਬਖਤ ਸਿੰਘ ਦਾ ਨਿਵਾਸ ਸਠਿਆਲਾ ਨਗਰ ਵਿਚ ਸੀ। ਉਸ ਦੇ ਘਰ ਵੀਰ ਸਿੰਘ ਦਾ ਜਨਮ ਹੋਇਆ। ਉਸ ਨੇ ਪਟਿਆਲੇ ਨਗਰ ਵਿਚ 'ਸਿੰਘ ਸਾਗਰ' ਗ੍ਰੰਥ ਦੀ ਰਚਨਾ 1827 ਈ. (1884 ਬਿ.) ਵਿਚ ਕੀਤੀ।

(4) **ਗੁਰਕੀਰਤ ਪ੍ਰਕਾਸ਼** (ਪੰਜਾਬੀ ਯੂਨੀਵਰਸਿਟੀ, ਪਟਿਆਲਾ, ਹੱਥ-ਲਿਖਤ ਨੰ. 115392)

ਦੋਹਰਾ : ਸਰਤਾ ਤਟ ਪੱਛਮ ਦਿਸਾ ਵੀਰ ਸਿੰਘ ਕਵਿ ਗ੍ਰਾਂਮੁ ।
ਵਿਆਸ ਗੰਗ ਤੇ ਕੋਸ ਤ੍ਰੈ ਸਠੀਆਰਾ ਤਹਿ ਨਾਂਮੁ ।੩੬।

ਚੌਪਈ : ਰਚਿਆ ਗ੍ਰੰਥ੍ਰ ਪੁਰੀ ਪਟਆਰੇ ।
ਕਰਮ ਸਿੰਘੁ ਜਿਹਿ ਨਿਰਪੁ ਉਦਾਰੇ...। ੩੭ ।

ਦੋਹਰਾ : ਠਾਰਾਂ ਸੈ ਏਕਾਨਵੈਂ ਸਾਲ ਬਿਕ੍ਰਮ ਬ੍ਰਿਖ ਰਾਸੁ ।
ਕੀਆ ਸਪੂਰਣ ਗ੍ਰਿੰਥੁ ਕਵੀ ਗੁਰ ਕੀਰਤ ਪਰਗਾਸ ।੪੧।

(ਹੁਲਾਸ 10)

ਇਤਿ ਸ੍ਰੀ ਸ੍ਰੀਮਤ ਸ੍ਰੀ ਗੁਰਕੀਰਤ ਪ੍ਰਕਾਸ ਗ੍ਰਿੰਥੇ
ਕਵਿ ਵੀਰ ਸਿੰਘ ਬ੍ਰਿਚਤੇ ਸ੍ਰੀ ਗੁਰ ਕੀਰਤ ਪ੍ਰਕਾਸੁ
ਗ੍ਰਿੰਥੁ ਸਪੂਰਣਮਸਤੁ ਸੁਭਮਸਤੂ ਨਾਮ ਦਸਮੋ ਹੁਲਾਸ ।੧੦।

ਇਨ੍ਹਾਂ ਟੂਕਾਂ ਅਨੁਸਾਰ ਕਵੀ ਵੀਰ ਸਿੰਘ ਬਿਆਸ ਨਦੀ ਦੇ ਕੰਢੇ ਤੋਂ ਪੱਛਮੀ ਦਿਸ਼ਾ ਵਲ ਤਿੰਨ ਕੋਹ ਦੀ ਵਿਥ ਤੇ ਸਠਿਆਲੇ ਨਗਰ ਦਾ ਰਹਿਣ ਵਾਲਾ ਹੈ। ਉਸ ਨੇ ਇਸ ਗ੍ਰੰਥ ਦੀ ਰਚਨਾ ਪਟਿਆਲੇ ਸ਼ਹਿਰ ਵਿਚ 1834 ਈ. (1891 ਬਿ.) ਵਿਚ ਕੀਤੀ, ਉਦੋਂ ਮਹਾਰਾਜਾ ਕਰਮ ਸਿੰਘ ਦਾ ਰਾਜ-ਕਾਲ ਸੀ।

(5) **ਗੋਪੀ ਚੰਦ ਵੈਰਾਗ ਸ਼ਤਕ** (ਪੰਜਾਬ ਆਰਕਾਈਵਜ਼, ਪਟਿਆਲਾ, ਹੱਥ-ਲਿਖਤ ਨੰ. 675)

ਅਬ ਗੋਪੀ ਚੰਦ ਵੈਰਾਗ ਸਤਕ ਲਿਖਯਤੇ ਕ੍ਰਿਤ ਵੀਰ ਸਿੰਘ ਕੀ ।ਪੱ. ੧੦੩।
ਮਦਰ ਦੇਸ ਵਿਆਸ ਨਦੀ ਤਟ, ਹੈ ਕਵਿ ਕੋ ਪੁਰ ਨਾਮ ਸਠਯਾਰਾ ।
ਗੋਪ ਨਿਸਾਪਤਿ ਜੋਗ ਕਥਾ ਕਵਿ, ਕੋਟ ਸਨੌਰ ਮੇਂ ਕੀਨ ਉਚਾਰਾ ।
ਕਰਮ ਮ੍ਰਿਗੇਸ ਨਰੇਸ ਜਹਾਂ ਸਭ ਭੂਪਨ ਕੇ ਸਿਰ ਰੂਪ ਉਚਾਰਾ ।
ਠਾਰਾਂ ਸੈ ਸਾਲ ਨਿਣਾਨਮੈ ਸੰਬਤ, ਗ੍ਰਿੰਥ ਸੰਪੂਰਨ ਕੀਨ ਸੁਧਾਰਾ ।੧੦੨।

(ਪਤਰੇ ੧੩੧-੧੩੨)

ਇਨ੍ਹਾਂ ਟੂਕਾਂ ਅਨੁਸਾਰ ਕਵੀ ਵੀਰ ਸਿੰਘ ਨੇ, ਜੋ ਬਿਆਸ ਨਦੀ ਦੇ ਕੰਢੇ ਸਥਿਤ ਸਠਿਆਲਾ ਨਗਰ ਦਾ ਨਿਵਾਸੀ ਸੀ, ਮਹਾਰਾਜਾ ਕਰਮ ਸਿੰਘ ਦੇ ਅਹਿਦ ਵਿਚ ਸਨੌਰ ਦੇ ਕਿਲ੍ਹੇ ਵਿਚ 1842 ਈ. (1899 ਬਿ.) ਵਿਚ ਗੋਪੀ ਚੰਦ ਵੈਰਾਗ ਸ਼ਤਕ ਦੀ ਰਚਨਾ ਕੀਤੀ।

(6) ਸੁਧਾ ਸਿੰਧੁ ਰਾਮਾਇਣ (ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ, ਹੱਥ-ਲਿਖਤ ਨੰ. 18

ਅਥ ਸੁਧਾ ਸਿੰਧੁ ਰਾਮਾਇਣ ਉਚਯਤੇ ਕ੍ਰਿਤ ਕਵਿ ਵੀਰ ਸਿੰਘ ਬਲ ਕੀ।

(ਸਾਹਿਬ ਵਿਚ)

ਉਨੀ ਸੈ ਅਰ ਆਠਵੇਂ ਸੰਬਤ ਬਿਕ੍ਰਮ ਨਰੇਸ।
ਕੀਆ ਸਪੂਰਨ ਗ੍ਰੰਥ ਕਵ, ਪਟਿਆਲੇ ਪੁਰ ਦੇਸ।੧੯।
ਉਚਰਾ ਜਸ ਸ੍ਰੀ ਰਾਮ ਕਾ ਸੁੰਦਰ ਅਦਭੁਤ ਛੰਦ।
ਰਚਾ ਰਮਾਯਣ ਵੀਰ ਸਿੰਘ ਬਖਤ ਸਿੰਘ ਕੇ ਨੰਦ।[1]

ਇਨ੍ਹਾਂ ਟੂਕਾਂ ਅਨੁਸਾਰ ਕਵੀ ਵੀਰ ਸਿੰਘ ਨੇ 1851 ਈ. (1908 ਬਿ.) ਪਟਿਆਲੇ ਵਿਚ 'ਸੁਧਾ ਸਿੰਧੁ ਰਾਮਾਇਣ' ਦੀ ਰਚਨਾ ਕੀਤੀ।

ਉਪਰੋਕਤ ਵਿਸ਼ਲੇਸ਼ਣ ਤੋਂ ਸਮੁੱਚੇ ਰੂਪ ਵਿਚ ਸਪੱਸ਼ਟ ਹੁੰਦਾ ਹੈ ਕਿ ਕਵੀ ਵੀਰ ਸਿੰਘ ਦਾ ਜਨਮ ਚੰਦ੍ਰਬੰਸੀ ਰਾਜਾ ਸਾਂਤਲੁ ਦੀ ਕੁਲ ਵਿਚ ਹੋਇਆ। ਉਸ ਕੁਲ ਵਿਚ ਜਗਦੇਵ ਨਾਂ ਦਾ ਇਕ ਪਵਾਰ ਰਾਜਪੂਤ ਰਾਜਾ ਸੀ ਜਿਸ ਦੇ ਖ਼ਾਨਦਾਨ ਵਿਚ ਅਗੋਂ ਇਕ 'ਬਲ' ਗੋਤ ਪ੍ਰਚਲਿਤ ਹੋਇਆ। ਉਸ 'ਬਲ' ਗੋਤ ਵਿਚ ਸਭਾ ਸਿੰਘ ਦੇ ਘਰ ਬਖਤ ਸਿੰਘ ਦਾ ਜਨਮ ਹੋਇਆ, ਉਸ ਬਖਤ ਸਿੰਘ ਦਾ ਲੜਕਾ ਵੀਰ ਸਿੰਘ ਸੀ। ਕਈਆਂ ਪ੍ਰਸੰਗਾਂ ਵਿਚ ਪੰਜਾਬੀ ਇਲਾਕਾਈ ਬੋਲੀਆਂ ਦੀ ਵਿਸ਼ੇਸ਼ਤਾ ਕਾਰਣ 'ਵ' ਦੇ 'ਬ' ਵਿਚ ਬਦਲੇ ਰੂਪ ਕਰਕੇ 'ਵੀਰ ਸਿੰਘ' ਦੀ ਥਾਂ 'ਬੀਰ ਸਿੰਘ' ਵੀ ਲਿਖਿਆ ਮਿਲਦਾ ਹੈ ਅਤੇ 'ਸਿੰਘ' ਦੇ ਪ੍ਰਯਾਯ 'ਮ੍ਰਿਗਿੰਦੂ' ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਤਰ੍ਹਾਂ ਕਵੀ ਦੇ ਨਾਂ ਦੀ ਆਮ ਤੌਰ ਤੇ ਤਿੰਨ ਰੂਪਾਂ ਵਿਚ ਵਰਤੋਂ ਹੋਈ ਹੈ—ਵੀਰ ਸਿੰਘ, ਬੀਰ ਸਿੰਘ, ਵੀਰ ਮ੍ਰਿਗਿੰਦ। ਕਿਤੇ ਕਿਤੇ ਕਵੀ ਦੇ ਨਾਂ ਨਾਲ 'ਬਲ' ਗੋਤ ਵੀ ਲਿਖਿਆ ਮਿਲਦਾ ਹੈ।

ਕਵੀ ਵੀਰ ਸਿੰਘ ਬਿਆਸ ਨਦੀ ਦੇ ਕੰਢੇ ਦੇ ਨੇੜੇ ਵਸਦੇ ਸਠਿਆਲਾ ਪਿੰਡ (ਕਸਬੇ) ਦਾ ਨਿਵਾਸੀ ਸੀ। ਪਹਿਲਾਂ ਇਹ ਅੰਮ੍ਰਿਤਸਰ ਰਹਿੰਦਾ ਸੀ।[2] ਪਰ ਬਾਦ ਵਿਚ ਉਹ ਮਹਾਰਾਜਾ ਪਟਿਆਲਾ ਦੇ ਅਹਿਦ ਵੇਲੇ ਦਰਬਾਰੀ ਕਵੀ ਦੇ ਰੂਪ ਵਿਚ ਪਟਿਆਲੇ ਆ ਗਿਆ। ਉਸ ਨੂੰ ਪਟਿਆਲੇ ਦੇ ਨੇੜੇ ਸਨੌਰ ਦੇ ਕਿਲ੍ਹੇ ਵਿਚ ਨਿਵਾਸ ਦਿੱਤਾ ਗਿਆ। ਉਹ ਗੁਰੂ ਗੋਬਿੰਦ ਸਿੰਘ ਦਾ ਅਨਨ੍ਯ-ਅਨੁਯਾਈ ਸੀ। ਉਸ ਦੀਆਂ ਛੇ ਰਚਨਾਵਾਂ ਉਪਲਬਧ ਹਨ—ਕਿੱਸਾ ਹੀਰ ਰਾਂਝਾ, ਬਾਰਾਮਾਹਾ, ਸਿੰਘ ਸਾਗਰ, ਗੁਰਕੀਰਤ ਪ੍ਰਕਾਸ਼, ਗੋਪੀ ਚੰਦ ਵੈਰਾਗ ਸ਼ਤਕ, ਸੁਧਾ ਸਿੰਧੁ ਰਾਮਾਇਣ। ਇਨ੍ਹਾਂ ਛੇ ਰਚਨਾਵਾਂ ਦਾ ਰਚਨਾ-ਕਾਲ 1812 ਤੋਂ 1851 ਈ. ਤਕ ਵਿਆਪਕ ਹੈ।

ਕਵੀ ਦੇ ਆਸਰਾਦਾਤਾ, ਪਟਿਆਲਾ ਨਰੇਸ਼ ਮਹਾਰਾਜਾ ਕਰਮ ਸਿੰਘ, ਦਾ ਜਨਮ 1798 ਈ. ਵਿਚ ਹੋਇਆ ਅਤੇ 1813 ਈ. ਵਿਚ ਉਹ ਰਾਜਗੱਦੀ ਉਤੇ ਬੈਠਾ। ਉਸ ਦਾ

---

[1] 'ਗੁਰ ਮਹਿਮਾ ਰਤਨਾਵਲੀ' (ਸੰਪਾਦਕ ਭਾਈ ਕਾਨ੍ਹ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1984, ਪੰਨਾ 330

[2] ਉਹੀ, ਪੰਨਾ 329

ਹਾਂਤ 1845 ਈ. ਵਿਚ ਹੋਇਆ ।[1] ਇਸ ਤੋਂ ਸਪਸ਼ਟ ਹੈ ਕਿ ਕਵੀ ਆਪਣੀ ਪੰਜਵੀਂ ਚਨਾ ਤਕ ਮਹਾਰਾਜਾ ਕਰਮ ਸਿੰਘ ਦੇ ਦਰਬਾਰ ਵਿਚ ਰਿਹਾ । ਉਸ ਤੋਂ ਬਾਦ ਛੇਵੀਂ ਚਨਾ ਵੇਲੇ ਉਹ ਦਰਬਾਰ ਵਿਚ ਸੀ ਜਾਂ ਨਹੀਂ, ਇਸ ਬਾਰੇ ਕੋਈ ਸਪਸ਼ਟ ਸੰਕੇਤ ਪ੍ਰਾਪਤ ਹੀਂ, ਪਰ ਇਸ ਦੀ ਰਚਨਾ ਵੀ ਪਟਿਆਲੇ ਸ਼ਹਿਰ ਵਿਚ ਹੀ ਰਹਿੰਦਿਆਂ ਕੀਤੀ ਗਈ । ਲਸਰੂਪ ਉਹ ਮਹਾਰਾਜਾ ਕਰਮ ਸਿੰਘ ਦੇ ਦੇਹਾਂਤ ਤੋਂ ਬਾਦ ਵੀ ਪਟਿਆਲੇ ਹੀ ਰਿਹਾ । 851 ਈ. ਤੋਂ ਬਾਦ ਕਵੀ ਦੀ ਕਿਸੇ ਰਚਨਾ ਦਾ ਉਲੇਖ ਨਹੀਂ ਮਿਲਦਾ । ਸੰਭਵ ਹੈ ਸ ਤੋਂ ਪਿੱਛੋਂ ਬਿਰਧ ਹੋਣ ਕਾਰਣ ਕਵੀ ਨੇ ਲਿਖਣਾ ਬੰਦ ਕਰ ਦਿੱਤਾ ਹੋਵੇ ਅਤੇ ਫਿਰ ਕਤੇ ਇਸ ਦਾ ਦੇਹਾਂਤ ਹੋ ਗਿਆ ਹੋਵੇ । ਕਵੀ ਦੇ ਦੇਹਾਂਤ ਦਾ ਸੰਨ 1855 ਈ. ਅਨੁ-ਾਨ ਕੀਤਾ ਜਾ ਸਕਦਾ ਹੈ । ਅਤੇ, ਚੂੰਕਿ ਉਸ ਦੀ ਪਹਿਲੀ ਰਚਨਾ 'ਕਿੱਸਾ ਹੀਰ ਰਾਂਝਾ' 812 ਈ. ਵਿਚ 'ਕਥੀ' ਗਈ ਸੀ । ਇਸ ਲਈ ਉਦੋਂ ਕਵੀ ਦੀ ਆਯੂ ਅੰਦਾਜ਼ਨ 24-5 ਵਰ੍ਹਿਆਂ ਦੀ ਰਹੀ ਹੋਵੇਗੀ । ਇਸ ਤਰ੍ਹਾਂ ਕਵੀ ਦਾ ਜਨਮ 1770-80 ਦੇ ਵਿਚਾਲੇ ਇਆ ਸੰਭਵ ਹੋ ਸਕਦਾ ਹੈ । ਇਸ ਨਾਲ ਸ਼ਮਸ਼ੇਰ ਸਿੰਘ ਅਸ਼ੋਕ ਦੇ ਆਧਾਰ ਤੇ ਚੰਦਰ ਾਂਤ ਬਾਲੀ ਦਾ ਇਹ ਕਥਨ ਨਿਰਾਧਾਰ ਹੋ ਜਾਂਦਾ ਹੈ ਕਿ ਕਵੀ ਵੀਰ ਸਿੰਘ ਦਾ ਜਨਮ 827 ਈ. (1884 ਬਿ.) ਵਿਚ ਹੋਇਆ ।[2]

ਕਵੀ ਸ਼ੁਰੂ ਵਿਚ 'ਕਵੀਸ਼ਰ' ਕਰ ਕੇ ਪ੍ਰਸਿੱਧ ਸੀ । ਇਸ ਤੱਥ ਦੀ ਪੁਸ਼ਟੀ 'ਕਿੱਸਾ ੀਰ ਰਾਂਝਾ' ਦੇ ਆਰੰਭ ਵਿਚ ਆਈ ਉਕਤੀ—'ਹੀਰ ਵੀਰ ਸਿੰਘ ਕਵੀਸ਼ਰ ਕੀ' ਤੋਂ ਹੋ ਾਂਦੀ ਹੈ । 'ਕਵੀਸ਼ਰ ਸ਼ਬਦ ਕਵਿ+ਈਸ਼ਵਰ ਦਾ ਸਮਸਤ ਰੂਪ ਹੈ ਅਤੇ ਸਾਧਾਰਣ ਤੌਰ ਤੇ ਇਸ ਦਾ ਅਰਥ ਕਵੀ ਸ਼ਿਰੋਮਣੀ ਜਾਂ ਸ੍ਰੇਸ਼ਠ ਕਵੀ ਹੁੰਦਾ ਹੈ । ਪਰ ਪੰਜਾਬੀ ਵਿਚ 'ਕਵੀਸ਼ਰ' ਸ਼ਬਦ ਦੇ ਮੂਲ ਅਰਥ ਦਾ ਅਪਕਰਸ਼ ਹੋ ਕੇ ਇਹ ਉਸ ਕਵੀ ਲਈ ਵਰਤਿਆ ਜਾਂਦਾ ਹੈ ਜੋ ਜਨ-ਸਾਧਾਰਣ ਲਈ ਕਵਿਤਾ ਕਰਦਾ ਹੈ ਅਤੇ ਲੋਕ-ਮਨੋਰੰਜਨ ਲਈ ਅਖਾੜਿਆਂ ਵਿਚ ਕਵਿਤਾ ਸੁਣਾ ਕੇ ਆਪਣੀ ਉਪਜੀਵਿਕਾ ਕਮਾਂਦਾ ਹੈ । ਇਸ ਤੋਂ ਬਾਦ ਕਵੀ ਵੀਰ ਸਿੰਘ ਮਹਾਰਾਜਾ ਪਟਿਆਲਾ ਦੇ ਦਰਬਾਰ ਵਿਚ ਆਉਂਦਾ ਹੈ । ਚੰਦਰ ਕਾਂਤ ਬਾਲੀ[3] ਅਤੇ ਡਾ. ਮਨਮੋਹਨ ਸਹਿਗਲ[4] ਨੇ ਕਵੀ ਦੀ ਗਵਾਲ ਨਾਂ ਦੇ ਕਵੀ ਨਾਲ ਡੂੰਘੀ ਮਿਤਰਤਾ ਦਾ ਸੰਕੇਤ ਕੀਤਾ ਹੈ । ਗਵਾਲ ਮਹਾਰਾਜਾ ਰਣਜੀਤ ਸਿੰਘ ਦੇ ਸਰਦਾਰਾਂ ਵਿਚ ਇਕ ਮਕਬੂਲ ਕਵੀ ਸੀ । ਉਥੋਂ ਫਿਰ ਉਹ ਮਹਾਰਾਜਾ ਨਾਭਾ ਦੇ ਦਰਬਾਰ ਵਿਚ ਆ ਗਿਆ । ਉਸ ਦੀਆਂ ਕਾਲ-ਕ੍ਰਮ ਅਨੁਸਾਰ ਸੱਤ ਲਘੂ ਰਚਨਾਵਾਂ ਉਪਲਬਧ ਹਨ—ਕਵੀ ਦਰਪਨ (1891 ਬਿ.), ਗਵਾਲ ਕਵਿਤਾਵਲੀ, ਤਿਲਕ ਸ਼ਤਕ (1900 ਬਿ.), ਦ੍ਰਿਗ ਸ਼ਤਕ (1919 ਬਿ.) ਗੋਪੀ

ਭਾਈ ਕਾਨ੍ਹ ਸਿੰਘ : 'ਮਹਾਨ ਕੋਸ਼', 1974, ਪੰਨਾ 304

'ਪੰਜਾਬ ਪ੍ਰਾਂਤੀਯ ਹਿੰਦੀ-ਸਾਹਿਤ੍ਯ ਕਾ ਇਤਿਹਾਸ', ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1962, ਪੰਨਾ 384

ਉਹੀ

'ਪੰਜਾਬ ਕਾ ਹਿੰਦੀ ਸਾਹਿਤ੍ਯ, ਲੀਨ ਪਬਲਿਸ਼ਰਜ਼, ਪਟਿਆਲਾ, ਪ੍ਰਥਮ, ਪੰਨਾ 204

ਪਚੀਸੀ (1925 ਬਿ.), ਗੁਰ ਪਚਾਸਾ (1934 ਬਿ.), ਪ੍ਰਸਤਾਰ ਪ੍ਰਕਾਸ਼ (1935 ਬਿ.) ਇਨ੍ਹਾਂ ਰਚਨਾਵਾਂ ਦੇ ਆਧਾਰ ਤੇ ਉਸ ਦਾ ਰਚਨਾ-ਕਾਲ ਲਗਭਗ 45 ਵਰ੍ਹੇ (1834 1878 ਈ. ਤਕ—1891 ਤੋਂ 1935 ਬਿ. ਤਕ) ਰਿਹਾ ਹੈ। ਉਸ ਦਾ ਲਾਹੌਰ ਦਰਬਾ ਤੋਂ ਨਾਭਾ ਦਰਬਾਰ ਵਿਚ ਆਉਣਾ ਸਿੱਖ ਰਾਜ ਦੀਆਂ ਸ਼ਾਮਾਂ ਤੋਂ ਬਾਦ ਹੀ ਸੰਭਵ ਹੋਵੇ ਅਤੇ ਇਸ ਪ੍ਰਕਾਰ ਦੀ ਸੰਭਾਵਨਾ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ (1839 ਈ ਅਤੇ ਸਿੱਖ ਰਾਜ ਦੇ ਖਾਤਮੇ (1845 ਈ.) ਤੋਂ ਬਾਦ ਹੋ ਸਕਦੀ ਹੈ। ਕਵੀ ਵੀਰ ਸਿ ਬਲ ਦਾ ਰਚਨਾ-ਕਾਲ 1812 ਤੋਂ 1851 ਈ. ਤਕ ਹੈ। ਇਸ ਲਈ ਸਪਸ਼ਟ ਹੈ ਗਵਾਲ ਦੇ ਨਾਭਾ ਦਰਬਾਰ ਵਿਚ ਆਉਣ ਤੋਂ ਬਾਦ ਦੋਹਾਂ ਵਿਚ ਘਨਿਸ਼ਠ ਮਿਤਰਤਾ ਵਿਕਸਿਤ ਹੋਣਾ ਵੀਰ ਸਿੰਘ ਦੇ ਜੀਵਨ ਦੇ ਅੰਤਿਮ ਚਰਣ ਵਿਚ ਸੰਭਵ ਹੋ ਸਕਦਾ ਹੈ।

ਕਵੀ ਵੀਰ ਸਿੰਘ ਬਲ ਦੀਆਂ ਰਚਨਾਵਾਂ ਤੋਂ ਉਸ ਦੇ ਪਰਿਵਾਰ ਬਾਰੇ ਕੋਈ ਸੰਕੇ ਨਹੀਂ ਮਿਲਦਾ। ਉਸ ਦੀ ਨਿਸ਼ਠਾ ਸੰਬੰਧੀ ਜੋ ਗੱਲ ਉਘੜਦੀ ਹੈ, ਉਸ ਅਨੁਸਾਰ ਉ ਸਿੱਖ ਗੁਰੂ ਪਰੰਪਰਾ ਵਿਚ ਅਨਨ੍ਯ ਸ਼ਰਧਾ ਰਖਦਾ ਸੀ ਅਤੇ ਵਿਸ਼ੇਸ਼ ਕਰ ਕੇ ਗੁਰੂ ਗੋਬਿੰ ਸਿੰਘ ਪ੍ਰਤਿ ਉਸ ਦੀ ਨਿਸ਼ਠਾ ਸਿੱਖਰ ਤੇ ਪਹੁੰਚੀ ਹੋਈ ਸੀ, ਇਸ ਲਈ ਉਨ੍ਹਾਂ ਦੇ ਦਰਸ਼ਨ ਦੀ ਸਿੱਕ, ਉਨ੍ਹਾਂ ਲਈ ਵਿਯੋਗ ਦੀ ਪੀੜ ਅਤੇ ਉਨ੍ਹਾਂ ਦੁਆਰਾ ਅਸੁਰੀ ਪ੍ਰਵ੍ਰਿੱਤੀ ਦੇ ਵਿਨਾ ਦੀ ਭਾਵਨਾ ਕਵੀ ਨੇ ਸਰਬਤ੍ਰ ਵਿਅਕਤ ਕੀਤੀ ਹੈ। ਨਾਲੇ ਕਵੀ ਗਣੇਸ਼ ਅਤੇ ਸਾਰੱਸਤੀ (ਸਰਸ੍ਵਤੀ) ਦੀ ਬੰਦਨਾ ਵੀ ਕਰਦਾ ਹੈ। ਜਿਸ ਤੋਂ ਉਸ ਵੇਲੇ ਦੇ ਸਾਂਝੇ ਸਭਿਆਚਾਰ ਦੀ ਗੱਲ ਉਘੜਦੀ ਹੈ। ਉਹ ਸਿੱਖ ਇਤਿਹਾਸ ਅਤੇ ਗੁਰਮਤਿ ਸਾਹਿੱਤ ਦਾ ਵੀ ਗੰਭੀਰ ਵਿਦਵਾਨ ਸੀ ਅਤੇ ਪੰਜਾਬੀ ਤੋਂ ਇਲਾਵਾ ਬ੍ਰਜ ਭਾਸ਼ਾ ਤੇ ਵੀ ਉਸ ਦਾ ਪੂਰਾ ਅਧਿਕਾਰ ਸੀ, ਭਾਵੇਂ ਬ੍ਰਜ ਭਾਸ਼ੀ ਰਚਨਾਵਾਂ ਵਿਚ ਕਿਤੇ ਕਿਤੇ ਉਸ ਦੀ ਮਾਤ ਬੋਲੀ ਦੇ ਪ੍ਰਭਾਵ ਦਾ ਇਹਸਾਸ ਹੁੰਦਾ ਹੈ ਅਤੇ ਕਿਤੇ ਕਿਤੇ ਕੁਝ ਅੰਸ਼, ਸ਼ੁੱਧ ਪੰਜਾਬੀ ਦੇ ਵੀ ਮਿਲ ਜਾਂਦੇ ਹਨ। ਇਸ ਤਰ੍ਹਾਂ ਉਸ ਨੂੰ ਬ੍ਰਜ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਕਵਿਤਾ ਕਰਨ ਦੀ ਪੂਰੀ ਮਹਾਰਤ ਸੀ। ਕਵੀ-ਗੁਣ ਸੰਪੰਨ ਹੋਣ ਦੇ ਬਾਵਜੂਦ ਉਸ ਦੇ ਅੰਦਰ ਬੜੀ ਨਿਮਰਤਾ ਸੀ ਅਤੇ ਉਹ ਆਪਣੀਆਂ ਰਚਨਾਵਾਂ ਵਿਚ ਗਲਤੀਆਂ ਦੀ ਸੋਧ ਦਾ ਅਧਿਕਾਰ ਵੀ ਪਾਠਕਾਂ/ ਵਿਦਵਾਨਾਂ ਨੂੰ ਦਿੰਦਾ ਸੀ :

(1) ਜੋ ਕਹੂੰ ਅਛਰ ਚੂਕ ਰਹੇ ਤੁਮ ਸੋਧ ਲਿਖੋ ਕਵ ਸਿੰਘ ਬਿਲਾਸੀ।
ਹੋਇ ਸਹਾਇ ਸਦਾ ਸਭ ਕੇ ਸ੍ਰੀ ਗੋਬਿੰਦ ਸਿੰਘ ਗੁਰ ਅਬਨਾਸੀ ।੧੧੮।

(ਸਿੰਘ ਸਾਗਰ-14)

(2) ਲਿਖਿਯਾ ਕਵੀ ਸੁਰਿ ਜਥਾ ਮਤ ਗੁਰ ਜਸ ਗ੍ਰਿੰਥੁ ਉਚਾਰਿ।
ਕਵਿ ਕੋਵਿਦ ਜਿਹਿ ਚੂਕ ਹੁਇ ਸੋ ਤੁਮ ਲੇਹੁ ਸੁਧਾਰਿ ।੩੮।

(ਗੁਰਕੀਰਤ ਪ੍ਰਕਾਸ਼-10)

(3) ਅਛਰ ਸੁਧਾਰ ਕਵਿ ਲੀਜੀਏ ਸਵਾਰ ਇਹਿ,
ਨਾਮ ਡੰਦ ਭੂਲਣਾ ਹੈ ਬੈਂਤ ਬਖਾਨੀਯਾ ।੨੮੦।

(ਕਿੱਸਾ ਹੀਰ ਰਾਂਝਾ)

ਇਸ ਤਰ੍ਹਾਂ ਕਵੀ ਵੀਰ ਸਿੰਘ ਬਲ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦਾ ਪੰਜਾਬੀ ਅਤੇ ਬ੍ਰਜ ਵਿਚ ਸਮਾਨ ਅਧਿਕਾਰ ਨਾਲ ਕਵਿਤਾ ਕਰਨ ਵਾਲਾ ਪਟਿਆਲਾ ਨਰੇਸ਼ ਮਹਾਰਾਜਾ ਕਰਮ ਸਿੰਘ ਦਾ ਇਕ ਦਰਬਾਰੀ ਕਵੀ ਸੀ, ਜਿਸ ਨੇ ਪ੍ਰੇਮ, ਭਗਤੀ ਅਤੇ ਯੁੱਧ ਦੇ ਪ੍ਰਸੰਗਾਂ ਨੂੰ ਬੜੀ ਲੀਨਤਾ ਅਤੇ ਮਗਨਤਾ ਨਾਲ ਚਿਤਰ ਕੇ ਕਵੀ-ਕਰਮ ਨੂੰ ਨਿਭਾਇਆ ਹੈ।

2.

ਸਾਹਿੱਤ ਰਚਨਾ

ਜਿਵੇਂ ਕਿ ਪਿੱਛੇ ਦਸਿਆ ਜਾ ਚੁਕਿਆ ਹੈ ਕਿ ਕਵੀ ਵੀਰ ਸਿੰਘ ਬਲ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦਾ ਮਹੱਤਵਪੂਰਣ ਕਵੀ ਹੈ। ਇਸ ਨੇ ਆਪਣੀ ਸਾਹਿੱਤ-ਸਾਧਨਾ ਦਾ ਆਰੰਭ ਪੰਜਾਬੀ ਕਾਵਿ ਰਚਨਾਵਾਂ ਨਾਲ ਕੀਤਾ ਪਰ ਬਾਦ ਵਿਚ ਪਟਿਆਲਾ ਦਰਬਾਰ ਦਾ ਕਵੀ ਬਣ ਜਾਣ ਕਾਰਣ, ਉਸ ਸਮੇਂ ਦੀ ਸਾਹਿੱਤ-ਸਿਰਜਨਾ ਦੀ ਰੁਚੀ ਅਨੁਸਾਰ ਬ੍ਰਜ ਭਾਸ਼ਾ ਵਿਚ ਲਿਖਣਾ ਸ਼ੁਰੂ ਕੀਤਾ। ਇਸ ਦੀਆਂ ਕੁਲ ਰਚਨਾਵਾਂ ਨਿਮਨਾਂਕਿਤ ਹਨ:

(1)	ਕਿੱਸਾ ਰਾਂਝੇ ਹੀਰ ਦਾ	1812 ਈ. (1869 ਬਿ.)
(2)	ਬਾਰਾਮਾਹ	1820 ਈ. (1877 ਬਿ.)
(3)	ਗੁਰਕੀਰਤ ਪ੍ਰਕਾਸ਼	1824 ਈ. (1881 ਬਿ.)
(4)	ਸਿੰਘ ਸਾਗਰ ਗੁਰ ਬਿਲਾਸ	1827 ਈ. (1884 ਬਿ.)
(5)	ਗੋਪੀ ਚੰਦ ਵੈਰਾਗ ਸ਼ਤਕ	1832 ਈ. (1889 ਬਿ.)
(6)	ਸੁਧਾ ਸਿੰਧੁ ਰਾਮਾਇਣ	1851 ਈ. (1908 ਬਿ.)

(1) ਕਿੱਸਾ ਰਾਂਝੇ ਹੀਰ ਦਾ

ਕਵੀ ਦੇ ਆਪਣੇ ਕਥਨ ਅਨੁਸਾਰ ਇਸ ਕਿੱਸੇ ਦੀ ਮੌਖਿਕ ਰਚਨਾ 1812 ਈ. (1869 ਬਿ.) ਵਿਚ ਕੀਤੀ ਅਤੇ 1836 ਈ. (1893 ਬਿ.) ਵਿਚ ਇਸ ਨੂੰ ਸੋਧ ਕੇ ਲਿਖਿਤ ਰੂਪ ਪ੍ਰਦਾਨ ਕੀਤਾ :

ਵੀਰ ਸਿੰਘ ਗੋਬਿੰਦ ਸਿੰਘ ਨੂੰ ਹਥ ਜੋੜ ਮੈਂ ਸੀਸ ਨਿਵਾਇ ਭਾਈ।
ਠਾਰਾਂ ਕਥੀ ਸੈ ਸਾਲ ਉਣਤਰੇ ਮੈ, ਲਿਖੀ ਆਣ ਤਿਰਾਨਵੇਂ ਸਾਲ ਭਾਈ।
ਅਸੂ ਬਦੀ ਥਿਤ ਤੀਜ ਸੁਭ ਵਾਰ ਮੰਗਲ,
ਲਿਖੀ ਸਹਿਰ ਪਟਾਲੇ ਸੁਧਾਇ ਭਾਈ। ੨੯੫।

ਇਸ ਦੀ ਇਕੋ ਇਕ ਕਾਪੀ ਸੈਂਟ੍ਰਲ ਪਬਲਿਕ ਲਾਇਬ੍ਰੇਰੀ (ਹੱਥ-ਲਿਖਤ ਅੰਕ 552) ਪਟਿਆਲੇ ਵਿਚ ਉਪਲਬਧ ਹੈ, ਜਿਸ ਨੂੰ ਕੰਵਲਜੀਤ ਕੌਰ ਨੇ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ ਹੈ। ਕਿੱਸੇ ਦੀ ਹੇਠ ਲਿਖੀ ਆਰੰਭਿਕ ਪੰਕਤੀ ਅਤੇ ਦੂਜੇ ਛੰਦ ਦੀ ਅੰਤਿਮ ਪੰਕਤੀ ਵਿਸ਼ੇਸ਼ ਵਿਚਾਰਨ-ਯੋਗ ਹਨ :

(1) ਅਬ ਰਾਂਝੇ ਹੀਰ ਕਾ ਪ੍ਰੇਮ ਬ੍ਰਨਨੰ। ਹੀਰ ਵੀਰ ਸਿੰਘ ਕਵੀਸ਼ਰ।
(2) ਵੀਰ ਸਿੰਘ ਸਹਾਇਤਾ ਕਰੇ ਸਤਿਗੁਰ,
ਕਿੱਸਾ ਜੋੜੀਏ ਰਾਂਝੇ ਤੇ ਹੀਰ ਦਾ ਜੀ। ੨।

ਇਨ੍ਹਾਂ ਪੰਕਤੀਆਂ ਤੋਂ ਦੋ ਗੱਲਾਂ ਸਪੱਸ਼ਟ ਹੁੰਦੀਆਂ ਹਨ ਕਿ ਕਵੀ ਨੇ ਇਸ ਨੂੰ ਆ 'ਕਿੱਸਾ' ਕਿਹਾ ਹੈ ਅਤੇ ਇਸ ਦਾ ਨਾਂ 'ਹੀਰ' ਹੀ ਰਖਿਆ ਹੈ। ਪਰ ਇਸ ਦਾ ਵਿਸਤ੍ਰਿ ਨਾਂ ਉਸ ਦੇ ਆਪਣੇ ਕਥਨ ਅਨੁਸਾਰ 'ਕਿੱਸਾ ਰਾਂਝੇ ਹੀਰ ਦਾ' ਬਣਦਾ ਹੈ। ਦੂਜੀ ਗੱ ਕਵੀ ਨੇ ਆਪਣੇ ਨਾਂ ਨਾਲ 'ਕਵੀਸ਼ਰ' ਸ਼ਬਦ ਲਿਖਿਆ ਹੈ। 'ਕਵੀਸ਼ਰ' ਸਬਦ ਦੀ ਵਰ ਦੇ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਕਵੀ ਇਹ ਕਿੱਸਾ ਅਖਾੜਿਆਂ ਵਿਚ ਲੋ ਮਨੋਰੰਜਨ ਲਈ ਸੁਣਾਂਦਾ ਹੁੰਦਾ ਸੀ। ਇਸੇ ਲਈ ਇਹ ਰਚਨਾ 24 ਵਰ੍ਹੇ ਮੌਖਿਕ ਰੂਪ ਵਿ ਹੀ ਪੜ੍ਹੀ ਜਾਂ ਗਾਈ ਜਾਂਦੀ ਰਹੀ।

ਕਵੀ ਨੇ ਮੰਗਲਾਚਰਣ ਵਿਚ ਗੁਰੂ ਗੋਬਿੰਦ ਸਿੰਘ ਦੀ ਬੜੀ ਭਾਵ-ਭਿੰਨੀ ਬੰਦਨ ਕਰਨ ਉਪਰੰਤ ਆਸ਼ਕਾਂ ਦਾ ਕਿੱਸਾ ਲਿਖਣ ਦੀ ਔਖਿਆਈ ਨੂੰ ਦਰਸਾਂਦੇ ਹੋਇਆਂ ਇਸ਼ ਦੁਆਰਾ ਰੰਡੇ ਹੋਏ ਪ੍ਰੇਮ ਆਖਿਆਨਾਂ ਦਾ ਵੇਰਵਾ ਦਿੱਤਾ ਹੈ:

ਕਿੱਸਾ ਆਸ਼ਕਾਂ ਦਾ ਕਥਨਾ ਸਾਰ ਕਰੜਾ, ਲੇਲਾ ਮਜਨੂੰ ਇਸ਼ਕ ਦੀ ਹਟ ਕੀਤੀ
ਮਹੀਵਾਲ ਤੇ ਸੋਹਣੀ ਇਸ਼ਕ ਕੁਠੇ, ਰਾਂਝਾ ਹੀਰ ਹੈਰਾਣ ਪ੍ਰਗਟ ਕੀਤੀ।
ਪੁੰਨੂੰ ਸਸੀ ਨੂੰ ਇਸ਼ਕ ਪਛਾੜਿਆ ਹੀ, ਮਿਰਜ਼ਾ ਸਾਹਿਬਾਂ ਚੋੜ ਚੁਪਟ ਕੀਤੀ।
ਵੀਰ ਸਿੰਘ ਕਿਥੇ ਤੋੜੀ ਗਿਣ ਦਸਾਂ, ਇਸ਼ਕ ਕਿਹੜੀ ਕਿਹੜੇ ਨਾਲ ਘਟ ਕੀਤੀ

ਇਸ ਕਿੱਸੇ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਕਵੀ ਨੇ ਮੁੱਖ ਘਟਨਾਵਾਂ ਵਾਰ ਸ਼ਾਹ ਦੇ ਕਿੱਸੇ ਦੀ ਤਰ੍ਹਾਂ ਹੀ ਰਖੀਆਂ ਹਨ, ਪਰ ਇਸ ਵਿਚ ਕੁਝ ਆਧਾਰਭੂਤ ਅੰਤਰ ਵੀ ਹਨ। ਇਕ ਇਹ ਕਿ ਕਵੀ ਨੇ 'ਦਸਮ ਗ੍ਰੰਥ' ਵਿਚ ਚਿਤ੍ਰਿਤ ਹੀਰ ਰਾਂਝਾ ਦੇ ਆਖਿਆਨ ਦੇ ਸੰਦਰਭ ਵਿਚ ਹੀਰ ਰਾਂਝੇ ਨੂੰ ਕਪਿਲ ਮੁਨੀ ਦੁਆਰਾ ਸਰਾਪਿਤ ਮੇਨਕਾ ਅਤੇ ਇੰਦਰ ਦਾ ਅਵਤਾਰ ਦੱਸਿਆ ਹੈ।[1] ਦੂਜਾ, ਇਸ ਦੀ ਇਸਲਾਮਿਕ ਭੂਮੀ ਨੂੰ ਤਿਆਗ ਕੇ ਭਾਰਤੀ ਅਤੇ ਵਿਸ਼ੇਸ਼ ਕਰ ਕੇ ਸਿੱਖ ਭਾਵ-ਭੂਮੀ ਵਿਚ ਰਖ ਕੇ ਚਿਤ੍ਰਿਆ ਗਿਆ ਹੈ। ਤੀਜਾ, ਇਸ ਰਚਨਾ ਵਿਚ ਪੰਜ ਬੀਰਾਂ ਦੇ ਨਾਲ ਜੰਮਨ ਜਤੀ ਨੇ ਵੀ ਆਪਣਾ ਯੋਗਦਾਨ ਦਿੱਤਾ ਹੈ। ਚੌਥਾ, ਇਸ ਵਿਚ ਹੀਰ ਦਾ ਸਰੂਪ-ਚਿਤ੍ਰਣ ਵਾਸਨਾਤਮਕ ਢੰਗ ਨਾਲ ਨਾ ਕਰ ਕੇ ਸਵੱਛ ਭਾਵਨਾ ਦਾ ਪ੍ਰਦਰਸ਼ਨ ਕੀਤਾ ਗਿਆ ਹੈ।

ਇਸ ਕਿੱਸੇ ਦਾ ਵਸਤੂ-ਵਰਣਨ ਯੁਗ ਦੀਆਂ ਪਰੰਪਰਾਵਾਂ ਅਨੁਸਾਰ ਕੀਤਾ ਗਿਆ ਹੈ ਅਤੇ ਕਿਤੇ ਕਿਤੇ ਪਟਿਆਲਾ ਦੀ ਦਰਬਾਰੀ ਪ੍ਰਵਿੱਤੀ ਦਾ ਵੀ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। 286 ਬੰਦਾਂ ਦੀ ਇਸ ਰਚਨਾ ਵਿਚ ਕਵੀ ਨੇ ਚਾਰ ਤੁਕਾਂ ਵਾਲੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ, ਜਿਸ ਦਾ ਤੋਲ 'ਝੂਲਣਾ'[2] ਛੰਦ ਅਨੁਸਾਰੀ ਦਸਿਆ ਹੈ। ਇਸ ਤੋਂ ਇਲਾਵਾ ਪਹਿਲਾ ਅਤੇ ਚੌਥਾ ਬੰਦ 'ਦੋਹਰਾ' ਤੋਲ ਵਿਚ ਹਨ ਅਤੇ ਅੰਤਿਮ ਬੰਦ 'ਕਬਿੱਤ' ਦੇ ਤੋਲ ਵਿਚ ਹੈ। ਕਿਤੇ ਕਿਤੇ ਛੰਦ ਨਿਪੁਣਤਾ ਪ੍ਰਸ਼ਨ-ਚਿੰਨ੍ਹਿਤ ਹੈ। ਭਾਸ਼ਾ ਵਿਚ ਅਰਬੀ-

---

[1]ਇੰਦ੍ਰ ਉਤਾਰ ਰੰਝੇਟੜਾ ਹੀਰ ਮੈਨਕਾ ਜਾਨ।
ਸ੍ਰਾਪ ਭਯੋ ਮੁਨ ਕਪਲ ਕਾ ਕਥਾ ਆਨ ਕੀ ਆਨ। ੪।

[2]ਅਛਰ ਸੁਧਾਰ ਕਵਿ ਲੀਜੀਏ ਸਵਾਰ ਇਹਿ,
ਨਾਮ ਛੰਦ ਝੂਲਣਾ ਹੈ ਬੈਂਤ ਬਖਾਨੀਯਾ। ੨੮੬।

ਫ਼ਾਰਸੀ ਦੀ ਸ਼ਬਦਾਵਲੀ ਦੇ ਨਾਲ ਨਾਲ ਸੰਸਕ੍ਰਿਤ ਸ਼ਬਦਾਵਲੀ ਦੀ ਵੀ ਭਰਮਾਰ ਹੈ। ਗੁਰਮਤਿ ਦੇ ਪ੍ਰਭਾਵ ਕਾਰਣ ਕਿਤੇ ਕਿਤੇ ਸਿੱਖ ਧਰਮ ਸਾਧਨਾ ਦੀ ਪਰਿਭਾਸ਼ਿਕ ਸ਼ਬਦਾਵਲੀ ਵੀ ਮਿਲ ਜਾਂਦੀ ਹੈ। ਕੁਲ ਮਿਲਾ ਕੇ ਇਸ ਰਚਨਾ ਦੀ ਭਾਸ਼ਾ ਭਾਵ-ਅਭਿਵਿਅਕਤੀ ਵਿਚ ਸਫ਼ਲ ਸਿੱਧ ਹੋਈ ਹੈ ਕਿਉਂਕਿ ਉਸ ਦਾ ਚਯਨ ਰਸ, ਭਾਵਨਾ ਅਤੇ ਕਾਰਜ ਅਨੁਸਾਰ ਹੋਇਆ ਹੈ। ਹੋਰ ਕਾਵਿ ਪਰੰਪਰਾ ਵਿਚ ਗੁਰਮਤਿ ਭਾਵਧਾਰਾ ਤੋਂ ਪ੍ਰਭਾਵਿਤ ਇਹ ਮਹੱਤਵਪੂਰਨ ਰਚਨਾ ਹੈ।

(2) ਬਾਰਾਮਾਹਾ

ਵੀਰ ਸਿੰਘ ਬਲ ਦੀ ਦੂਜੀ ਕ੍ਰਿਤੀ 'ਬਾਰਾਮਾਹਾ' ਹੈ। ਇਸ ਦੀ ਰਚਨਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 1820 ਈ. (1877 ਬਿ.) ਵਿਚ ਹੋਈ ਸੀ।[1] ਇਸ ਦਾ ਹੱਥ-ਲਿਖਤ ਖਰੜਾ ਕਿਤੇ ਉਪਲਬਧ ਨਹੀਂ, ਪਰ ਭਾਈ ਕਾਨ੍ਹ ਸਿੰਘ ਨੇ ਆਪਣੇ 'ਗੁਰੂ ਮਹਿਮਾ ਰਤਨਾਵਲੀ' ਸੰਗ੍ਰਹਿ (ਪੰਨੇ 330-337) ਵਿਚ ਇਸ ਨੂੰ ਸੰਕਲਿਤ ਕੀਤਾ ਹੈ ਅਤੇ ਹੁਣ ਇਹ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਕਰ ਦਿੱਤਾ ਗਿਆ ਹੈ। ਇਹ ਬਾਰਾਮਾਹ ਅਰਿੱਲ ਅਤੇ ਰੂਪ-ਚੌਪਾਈ ਛੰਦ ਵਿਚ ਲਿਖਿਆ ਹੋਇਆ ਹੈ। ਇਸ ਦੀ ਟੇਕ ਦੀ ਤੁਕ 9 ਮਾਤ੍ਰਾ ਦੀ ਹੈ ਅਤੇ ਮਹੀਨੇ ਦੇ ਅੰਤ ਦਾ ਚਰਣ 40 ਮਾਤ੍ਰਾ ਦਾ ਹੈ ਜਿਸ ਦੇ ਬਿਸ੍ਰਾਮ 13-16-11 ਮਾਤ੍ਰਾ ਪੁਰ ਹਨ।[2] ਇਹ ਚਰਣ ਹਰ ਇਕ ਮਹੀਨੇ ਦੇ ਅੰਤ ਤੇ ਦੁਹਰਾਇਆ ਗਿਆ ਹੈ।

ਭਾਰਤੀ ਕਾਵਿ-ਪਰੰਪਰਾ ਵਿਚ ਖਟ-ਰਿਤੂ-ਵਰਣਨ ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਮਹਾਕਾਵਿਆਂ ਵਿਚ ਨਾਇਕਾ ਦੇ ਪ੍ਰੇਮ-ਪ੍ਰਸੰਗ, ਵਿਸ਼ੇਸ਼ ਕਰ ਕੇ ਬ੍ਰਿਹੋਂ ਦੀ ਭਾਵ-ਅਭਿਵਿਅਕਤੀ ਇਸ ਵਰਣਨ ਦੁਆਰਾ ਕੀਤੀ ਜਾਂਦੀ ਹੈ। ਪੰਜਾਬੀ ਵਿਚ ਖਟ-ਰਿਤੂ-ਵਰਣਨ 'ਬਾਰਾਮਾਹਾ' ਲੋਕ-ਕਾਵਿ ਰੂਪ ਵਿਚ ਪ੍ਰਗਟ ਹੋਇਆ ਹੈ, ਜਿਸ ਵਿਚ ਨਾਇਕਾ ਦੀ ਬ੍ਰਿਹੋਂ ਦੀ ਭਾਵਨਾ ਨੂੰ ਬੜੀ ਡੂੰਘਾਈ ਨਾਲ ਬਿਆਨ ਕੀਤਾ ਜਾਂਦਾ ਹੈ। ਉਪਲਬਧ ਸਾਹਿੱਤ ਦੇ ਆਧਾਰ ਤੇ ਪੰਜਾਬੀ ਕਾਵਿ ਜਗਤ ਵਿਚ ਬਾਰਾਮਾਹਾ ਲਿਖਣ ਦੀ ਪਰੰਪਰਾ ਦਾ ਉਦਘਾਟਨ ਗੁਰੂ ਨਾਨਕ ਦੇਵ ਨੇ ਤੁਖਾਰੀ ਰਾਗ ਵਿਚ ਬਾਰਾਮਾਹਾ ਲਿਖ ਕੇ ਕੀਤਾ, ਜਿਸ ਵਿਚ ਪਰਮ ਪ੍ਰੀਤਮ ਪ੍ਰਤਿ ਬ੍ਰਿਹੋਂ ਭਾਵਨਾ ਨੂੰ ਬੜੀ ਸਜੀਵ ਸ਼ੈਲੀ ਵਿਚ ਬਿਆਨ ਕੀਤਾ ਗਿਆ ਹੈ। ਬਾਰਾਮਾਹਾ ਦੀ ਪ੍ਰਕ੍ਰਿਤੀ ਅਨੁਸਾਰ ਇਸ ਵਿਚ ਬ੍ਰਿਹੋਂ ਭਾਵ ਦੀ ਪ੍ਰਬਲਤਾ ਹੁੰਦੀ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਕੁਝ ਉਪਦੇਸ਼ਾਤਮਕ ਬਾਰਾਮਾਹਾ ਵੀ ਲਿਖੇ ਮਿਲ ਜਾਂਦੇ ਹਨ, ਪਰ ਪ੍ਰਧਾਨਤਾ ਬ੍ਰਿਹੋ-ਵਰਣਨ ਵਾਲੇ ਬਾਰਾਮਾਹਾਂ ਦੀ ਹੈ। ਕਵੀ ਵੀਰ ਸਿੰਘ ਬਲ ਨੇ ਵੀ ਆਪਣੇ ਇਸ਼ਟ ਦੇਵ ਗੁਰੂ ਗੋਬਿੰਦ ਸਿੰਘ ਪ੍ਰਤਿ ਆਪਣੀ ਅਸਹਿ ਵਿਯੋਗ-ਭਾਵਨਾ ਨੂੰ ਇਸ ਬਾਰਾਮਾਹਾ ਦੁਆਰਾ ਜ਼ਬਾਨ ਦਿੱਤੀ ਹੈ। ਕਵੀ ਲਈ ਗੁਰੂ ਗੋਬਿੰਦ ਸਿੰਘ ਪੂਰਣ ਬ੍ਰਹਮ, ਸਰਬ ਗੁਣ ਸੰਪੰਨ ਅਜਿਹੀ ਸ਼ਕਤੀ ਹਨ, ਜਿਸ ਨੇ ਸੰਸਾਰ ਦੇ ਪਾਪਾਂ ਨੂੰ ਖਤਮ ਕਰ ਕੇ ਸੁਖ ਸ਼ਾਂਤੀ ਦੀ ਸਥਾਪਨਾ ਕਰਨੀ ਹੈ। ਸੁੰਦਰ ਅਲੰਕਾਰ-ਯੋਜਨਾ ਅਤੇ

---

[1] 'ਮਹਾਨ ਕੋਸ਼', 1960, ਪੰਨਾ 640

[2] ਉਹੀ

ਆਵੇਸ਼ ਭਰਪੂਰ ਭਾਸ਼ਾ ਰਾਹੀਂ ਕਵੀ ਨੇ ਆਪਣੀ ਦਿਲੀ ਬਿਰਹੋਂ-ਵੇਦਨਾ ਨੂੰ ਪ੍ਰਗਟਾਇਆ ਹੈ, ਲੋੜ ਅਨੁਸਾਰ ਲਹਿੰਦੀ ਉਪ-ਭਾਸ਼ਾ ਦੀ ਸ਼ਬਦਾਵਲੀ ਵਰਤ ਕੇ ਇਸ ਨੂੰ ਬਾਰਾਮਾਹਾ ਦੀ ਭਾਸ਼ਾਈ ਪ੍ਰਵਿਰਤੀ ਵਲ ਮੋੜਿਆ ਹੈ। ਕਵੀ ਦੇ ਬੇਹਬਲ ਮਨ ਦੀ ਅਵਸਥਾ ਦਾ ਬੋਧ ਪਹਿਲੇ ਮਹੀਨੇ ਦੇ ਵਰਣਨ ਤੋਂ ਹੀ ਹੋ ਜਾਂਦਾ ਹੈ :

ਰੁਤ ਬਸੰਤ ਚੇਤਰ ਦੀ ਆਈ, ਬਿਰਹੋਂ ਚਟਕ ਕਲੇਜੇ ਲਾਈ,
ਮਨ ਵਿਚ ਉਪਜੀ ਸੋ ਦੁਚਿਤਾਈ, ਸਿਆ ਕਿਸ ਥੇ ਕਹਾਂ ਸੁਣਾਈ,
ਮੈਂ ਸਤਿਗੁਰ ਦੀ ਓਟ ਤਕਾਈ, ਬਿਨਾ ਗੋਬਿੰਦ ਸਿੰਘ ਕੌਣ ਸਹਾਈ,
ਜਿਸ ਥੇ ਜਾ ਕਹਾਂ।
ਬਿਨਾ ਗੋਬਿੰਦ ਸਿੰਘ ਘੜੀ ਨਾ ਜੀਵਾਂ, ਘੋਲਾਂ ਜਹਿਰ ਪਿਆਲਾ ਪੀਵਾਂ,
ਦਹਿਦਿਸਿ ਤੈਂਡਾ ਪੰਥ ਤਕੀਵਾਂ, ਚਰਣੀ ਪ੍ਰੇਮ ਡੋਰ ਮਨ ਸੀਵਾਂ,
ਤੈਂਡਾ ਸਿੱਖ ਜੁਗੋ ਜੁਗ ਥੀਵਾਂ, ਮੈਂ ਸਤਿਗੁਰ ਦਾ ਤਾਣ ਰਖੀਵਾਂ,
ਜੀਵਤ ਤੌ ਰਹਾਂ।
ਚੰਚਲ ਚਿਤ ਦਸੋ ਦਿਸਿ ਧਾਵੈ, ਜਯੋ ਜਲ ਸੂਰਜ ਪੌਣ ਡੁਲਾਵੈ,
ਨੈਣੀ ਨੀਂਦ ਨ ਰੈਣਿ ਵਿਹਾਵੈ, ਬਿਰਹਿ ਕਸਾਬ ਕਲੇਜਾ ਖਾਵੈ,
ਬਾਗੀਂ ਲਪਟੇ ਭਵਰ ਸੁਹਾਵੈ, ਮੈਂਡਾ ਸਾਹਿਬ ਨਦਰ ਨ ਆਵੇ,
ਤੌ ਦੁਖ ਮੈਂ ਸਹਾਂ।
ਗੁਰੂ ਸਿਉਂ ਵੀਰ ਸਿੰਘ ਚਿਤ ਲਾਯਾ, ਤੇਰੇ ਚਰਨ ਕਮਲ ਸਿਰ ਨਾਯਾ,
ਆਂਵੀਂ ਸਚੇ ਸੋਢੀ ਰਾਯਾ, ਤੈਂ ਤੁਰਕਾਂ ਦਾ ਤੇਜ ਘਟਾਯਾ,
ਤੇਰਾ ਪਲ ਪਲ ਪੰਥ ਸਵਾਯਾ, ਜੇ ਕੋ ਕਹੇ ਗੋਬਿੰਦ ਸਿੰਘ ਆਯਾ,
ਮਰਦਾ ਉਠ ਬਹਾਂ।
ਵੁਲ ਹਰੀ ਸੁ ਹਰ ਦੀ ਸਰਣ, ਗੋਬਿੰਦ ਸਿੰਘ ਕੋੜ ਬਿੰਦ ਅਘਹਰਣ,
ਜੁਗੋ ਜੁਗ ਜਾਣੀਐ। ੧।

ਉਪਰੋਕਤ ਤੋਂ ਇਲਾਵਾ ਵੀਰ ਸਿੰਘ ਕਵੀ ਦੇ ਨਾਂ ਅਧੀਨ ਇਕ ਹੋਰ ਰਚਨਾ 'ਬਾਰਾਮਾਹਾ' ਵੀ ਮਿਲਦੀ ਹੈ, ਜਿਸ ਦਾ ਹੱਥ-ਲਿਖਤ ਖਰੜਾ ਪ੍ਰੋ. ਪ੍ਰੀਤਮ ਸਿੰਘ ਅਤੇ ਭਾਸ਼ਾ ਵਿਭਾਗ, ਪਟਿਆਲਾ (ਹੱਥ-ਲਿਖਤ ਨੰ. 50) ਪਾਸ ਮੌਜੂਦ ਹੈ। ਇਸ ਦੇ ਅੰਤਿਮ ਚਰਣ ਦੀ ਅਭਿਵਿਅਕਤੀਗਤ ਕੁਝ ਸਮੀਪਤਾ ਉਪਰੋਕਤ ਬਾਰਾਮਾਹ ਨਾਲ ਹੈ, ਜਿਵੇਂ :

ਵੁਲ ਹਰੀ ਕਿ ਹਰ ਜੀ ਹਾਂ ਕਿ ਦਰਸ਼ਨ ਅੰਮ੍ਰਿਤਸਰ ਜੀ ਜਾ ਮੇਰਾ ਮਨ ਲੋਚਦਾ।

ਇਸ ਤੋਂ ਇਲਾਵਾ ਭਾਸ਼ਾ ਵਿਭਾਗ, ਪਟਿਆਲਾ (ਹੱਥ-ਲਿਖਤ ਨੰ. 22) ਵਿਚ ਵੀਰ ਸਿੰਘ ਕਵੀ ਦਾ ਇਕ ਹੋਰ ਬਾਰਾਮਾਹਾ ਵੀ ਉਪਲਬਧ ਹੈ, ਪਰ ਉਸ ਦੀ ਇਨ੍ਹਾਂ ਨਾਲ ਸ਼ੈਲੀਗਤ ਸਮਾਨਤਾ ਨਹੀਂ ਹੈ। ਸੰਭਵ ਹੈ ਕਿਸੇ ਹੋਰ ਵੀਰ ਸਿੰਘ ਦਾ ਹੋਵੇ।

(3) ਗੁਰਕੀਰਤ ਪ੍ਰਕਾਸ਼

ਇਸ ਹੱਥ-ਲਿਖਤ ਦਾ ਸੰਪਾਦਨ ਅਤੇ ਵਿਸਤ੍ਰਿਤ ਵਰਣਨ ਪ੍ਰਸਤੁਤ ਪੁਸਤਕ ਵਿਚ ਪ੍ਰਸੰਗਵਸ ਅਗੇ ਕੀਤਾ ਗਿਆ ਹੈ।

(4) **ਸਿੰਘ ਸਾਗਰ**

ਗੁਰੂ ਸਾਹਿਬਾਨ ਸੰਬੰਧੀ ਬ੍ਰਿੱਤਾਂਤ ਪ੍ਰਸਤੁਤ ਕਰਨ ਵਾਲਾ ਕਵੀ ਦਾ ਇਹ ਦੂਜਾ ਪ੍ਰਬੰਧ-ਕਾਵਿ ਹੈ। ਅੰਦਰਲੀ ਗਵਾਹੀ ਅਨੁਸਾਰ ਇਸ ਦੀ ਰਚਨਾ 1827 ਈ. (1884 ਬਿ.)[1] ਵਿਚ ਪਟਿਆਲੇ ਸ਼ਹਿਰ ਅੰਦਰ ਹੋਈ ਸੀ। ਇਸ ਦੀਆਂ ਹੁਣ ਦੋ ਹੱਥ-ਲਿਖਤਾਂ ਉਪਲਬਧ ਹਨ। ਇਕ ਮਹਾਰਾਜਾ ਪਟਿਆਲਾ ਦੇ ਨਿਜੀ ਪੁਸਤਕਾਲੇ ਵਿਚ ਸੁਰਖਿਅਤ ਹੈ ਅਤੇ ਦੂਜੀ ਡਾ. (ਸ੍ਰੀਮਤੀ) ਕ੍ਰਿਸ਼ਨਾ ਬਾਂਸਲ, ਨਾਭਾ ਗੇਟ, ਸੰਗਰੂਰ ਪਾਸ ਪਈ ਹੈ, ਜਿਸ ਨੂੰ ਪ੍ਰਸਤੁਤ ਅਧਿਐਨ ਲਈ ਵਰਤਿਆ ਗਿਆ ਹੈ। ਡਾ. ਕ੍ਰਿਸ਼ਨਾ ਬਾਂਸਲ ਖਰੜੇ ਨੂੰ ਸੰਪਾਦਿਤ ਕਰਨ ਦਾ ਉੱਦਮ ਕਰ ਰਹੀ ਹੈ।

'ਸਿੰਘ ਸਾਗਰ' ਵਿਚ ਕਵੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਚਿਤ੍ਰਿਆ ਹੈ ਅਤੇ ਇਸ ਪੁਸਤਕ ਦਾ ਨਾਂ 'ਸਿੰਘ ਸਾਗਰ' ਜਾਂ 'ਸਿੰਘ ਵਿਜੈ' ਇਸ ਲਈ ਰਖਿਆ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਦੀ ਉਪਮਾ ਉਸ ਨੇ 'ਸਿੰਘ' ਅਰਥਾਤ 'ਸ਼ੇਰ' ਨਾਲ ਦਿੱਤੀ ਹੈ। ਇਸ ਨਾਂ ਤੋਂ ਹੀ ਨਾਇਕ ਦੀ ਬੀਰਤਾ ਅਤੇ ਤੇਜ ਉਘੜਦੇ ਹਨ। ਇਸ ਰਚਨਾ ਨੂੰ ਕਵੀ ਨੇ 14 ਤਰੰਗਾਂ ਵਿਚ ਵੰਡਿਆ ਹੈ, ਜਿਵੇਂ ਪਹਿਲੇ ਤਰੰਗ ਵਿਚ ਜਨਮ ਕਥਾ, ਦੂਜੇ ਵਿਚ ਲਖਨੌਰ ਵਿਚ ਪ੍ਰਵੇਸ਼ ਕਰਨਾ, ਤੀਜੇ ਵਿਚ ਮਾਖੋਵਾਲ ਵਿਚ ਦਾਖਲ ਹੋਣਾ, ਚੌਥੇ ਵਿਚ ਗੁਰੂ ਤੇਗ ਬਹਾਦੁਰ ਦਾ ਜੋਤੀ ਜੋਤਿ ਸਮਾਉਣਾ, ਪੰਜਵੇਂ ਵਿਚ ਗੁਰੂ ਗੋਬਿੰਦ ਸਿੰਘ ਦਾ ਟਾਜ-ਸਾਜ, ਛੇਵੇਂ ਵਿਚ ਮਸੰਦਾਂ ਦੀ ਸੋਧ, ਸੱਤਵੇਂ ਵਿਚ ਪਾਉਂਟਾ ਨਗਰ ਵਿਚ ਪ੍ਰਵੇਸ਼ ਅਤੇ ਪਾਉਂਟਾ ਸਾਹਿਬ ਵਿਚ ਹੋਏ ਯੁੱਧਾਂ ਵਿਚ ਜਿੱਤ, ਅੱਠਵੇਂ ਵਿਚ ਆਨੰਦਪੁਰ ਨੂੰ ਪਰਤਣਾ, ਨੌਵੇਂ ਵਿਚ ਨਾਦੌਣ ਦੀ ਜੰਗ ਉਪਰੰਤ ਫਿਰ ਆਨੰਦਪੁਰ ਪਰਤਣਾ, ਦਸਵੇਂ ਵਿਚ ਹੁਸੈਨੀ ਯੁੱਧ ਦਾ ਪ੍ਰਸੰਗ, ਯਾਰ੍ਹਵੇਂ ਵਿਚ ਚਮਕੌਰ ਨਗਰ ਵਿਚ ਪ੍ਰਵੇਸ਼, ਬਾਰ੍ਹਵੇਂ ਵਿਚ ਚਮਕੌਰ ਦਾ ਯੁੱਧ, ਤੇਰ੍ਹਵੇਂ ਵਿਚ ਮੁਕਤਸਰ ਦਾ ਯੁੱਧ ਤੇ ਦਮਦਮਾ ਸਾਹਿਬ ਵਿਚ ਪੁੱਜਣਾ ਅਤੇ ਚੌਦਵੇਂ ਵਿਚ ਅਬਚਲ ਨਗਰ ਵਿਚ ਪ੍ਰਵੇਸ਼, ਆਦਿ। ਇਸ ਤੋਂ ਭਲੀ ਭਾਂਤ ਸਿੱਧ ਹੈ ਕਿ ਕਵੀ ਨੇ ਸ਼ੁਰੂ ਤੋਂ ਲੈ ਕੇ ਅੰਤ ਤਕ ਗੁਰੂ ਸਾਹਿਬ ਦੇ ਜੀਵਨ ਬ੍ਰਿੱਤਾਂਤ ਨੂੰ ਬੜੇ ਵਿਸਤਾਰ ਨਾਲ ਚਿਤ੍ਰਿਆ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਦਸਵੇਂ ਗੁਰੂ ਦੇ ਪੂਰਵ-ਜਨਮ ਦੀ ਕਥਾ ਅਵਤਾਰਵਾਦੀ ਭਾਵਨਾ ਅਤੇ ਪ੍ਰਸੰਗ ਵਿਚ ਪੇਸ਼ ਕੀਤੀ ਹੈ ਅਤੇ ਸਮਕਾਲੀ ਪਰਿਸਥਿ-ਤੀਆਂ ਨੂੰ ਇਸ ਤਰ੍ਹਾਂ ਚਿਤ੍ਰਿਆ ਗਿਆ ਹੈ ਕਿ ਉਨ੍ਹਾਂ ਦੇ ਸੰਦਰਭ ਵਿਚ ਗੁਰੂ ਸਾਹਿਬ ਦਾ ਚਰਿਤ੍ਰ ਉਘੜੇ ਅਤੇ ਗੁਰੂ ਸਾਹਿਬ ਜਿੱਤ ਦੇ ਮਾਰਗ ਉਤੇ ਅੱਗੇ ਵੱਧਣ।

ਇਸ ਗ੍ਰੰਥ ਦੇ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਇਸ ਰਚਨਾ ਦੇ ਮੂਲ ਸਰੋਤ ਹਨ—'ਬਚਿਤ੍ਰ ਨਾਟਕ', 'ਗੁਰ ਸ਼ੋਭਾ' ਅਤੇ 'ਗੁਰ ਬਿਲਾਸ ਪਾ. ੧੦' ਕ੍ਰਿਤ ਭਾਈ ਸੁੱਖਾ ਸਿੰਘ। ਇਸ ਰਚਨਾ ਵਿਚ ਕਵੀ ਦਾ ਮੁੱਖ ਪ੍ਰਯੋਜਨ ਇਹ ਰਿਹਾ ਹੈ ਕਿ ਦੱਬੀਆਂ ਹੋਈਆਂ ਸ਼ਕਤੀਆਂ ਨੂੰ ਉਭਾਰ ਕੇ ਜ਼ੁਲਮ ਦੇ ਵਿਰੁੱਧ ਖੜਾ ਹੋਣ ਲਈ ਤਿਆਰ ਕੀਤਾ ਜਾਏ। ਇਸ

[1] ਬਿਕ੍ਰਮਜੀਤ ਨਰੇਸ ਕੇ ਸੰਬਤ ਏਕੁ ਹਜਾਰੁ ਸੈ ਆਠ ਚੌਰਾਸੀ।
ਮਾਘ ਵਦੀ ਰਵ ਵਾਰ ਇਕਾਦਸੀ ਗ੍ਰਿੰਥ ਸਪੂਰਨ ਕੀਨ ਪ੍ਰਕਾਸੀ।੧੧੮।

(ਪੱਤਰਾ 250)

ਲਈ ਕਵੀ ਨੇ ਇਸ ਰਚਨਾ ਵਿਚ ਅਧਿਕਤਰ ਗੁਰੂ ਸਾਹਿਬ ਦੀਆਂ ਫੌਜੀ ਕਾਰਵਾਈਆਂ ਦਾ ਚਿਤ੍ਰਣ ਕੀਤਾ ਹੈ ਅਤੇ ਉਨ੍ਹਾਂ ਦੇ ਯੁੱਧ-ਪ੍ਰਯੋਜਨ ਨੂੰ ਬੜੇ ਵਿਸਤਾਰ ਨਾਲ ਸਪੱਸ਼ਟ ਕੀਤਾ ਹੈ। ਘਟਨਾ ਹੋਣ ਵੇਲੇ ਕਵੀ ਨੇ ਮਾਰਮਿਕ ਸਥਲਾਂ ਨੂੰ ਛੱਡ ਦਿੱਤਾ ਹੈ ਪਰ ਬੀਰ-ਰਸੀ ਪ੍ਰਸੰਗਾਂ ਨੂੰ ਉਚੇਚ ਨਾਲ ਚਿਤ੍ਰਿਆ ਹੈ। ਉਸ ਨੇ ਗੁਰੂ ਜੀ ਦੇ ਯੁੱਧ ਦਾ ਮਨੋਰਥ ਜਨ-ਕਲਿਆਣ ਦਸਿਆ ਹੈ ਕਿਉਂਕਿ ਗੁਰੂ ਜੀ ਦੀ ਨਰ-ਸੰਘਾਰ ਵਾਲੇ ਯੁੱਧ ਵਿਚ ਕਿਸੇ ਪ੍ਰਕਾਰ ਦੀ ਕੋਈ ਰੁਚੀ ਨਹੀਂ ਸੀ। ਇਸ ਤਰ੍ਹਾਂ ਕਵੀ ਨੇ ਯੁੱਧ ਦੀ ਪਰੰਪਰਾਗਤ ਪਰਿਭਾਸ਼ਾ ਨੂੰ ਬਦਲ ਕੇ ਇਕ ਨਵਾਂ ਮੋੜ ਦਿੱਤਾ ਹੈ। ਇਸ ਰਚਨਾ ਦਾ ਅੰਗੀ ਰਸ ਬੀਰ ਹੈ ਜਦ ਕਿ ਅੰਗ ਰੂਪ ਵਿਚ ਭਿਆਨਕ, ਰੌਦਰ, ਕਰੁਣ ਅਤੇ ਵੀਭਤਸ ਰਸ ਵੀ ਆਏ ਹਨ। ਯੁੱਧ-ਪ੍ਰਸੰਗਾਂ ਵਿਚ ਕਵੀ ਨੇ ਫੌਜਾਂ ਦਾ ਇਕੱਠੇ ਹੋਣਾ, ਯੁੱਧ ਲਈ ਬੀੜਾ ਚੁੱਕਣਾ, ਯੁੱਧ ਖੇਤਰ ਲਈ ਪ੍ਰਸਥਾਨ ਤੇ ਯੁੱਧ ਨਾਇਕਾਂ ਦੀ ਪਰਸਪਰ ਵੰਗਾਰ, ਯੁੱਧ-ਭੂਮੀ ਦੇ ਵਿਕਰਾਲ ਦ੍ਰਿਸ਼, ਆਦਿ ਦਾ ਬੜਾ ਸੋਹਣਾ ਵਰਣਨ ਕੀਤਾ ਹੈ। ਯੁੱਧ ਦੀ ਗਤੀ ਨਾਲ ਕਵੀ ਨੇ ਛੰਦ-ਵਿਵਿਧਤਾ ਲਿਆਂਦੀ ਹੈ। ਮੁੱਖ ਤੌਰ ਤੇ ਇਸ ਵਿਚ ਦੋਹਾ-ਚੌਪਈ ਸ਼ੈਲੀ ਦੀ ਪ੍ਰਧਾਨਤਾ ਹੈ। ਇਨ੍ਹਾਂ ਛੰਦਾਂ ਤੋਂ ਇਲਾਵਾ ਰਸਾਵਲ, ਭੁਜੰਗ ਪ੍ਰਯਾਤ, ਪਾਧੜੀ, ਅੜਿਲ, ਸਵੈਯਾ, ਸੋਰਠਾ, ਝੂਲਨਾ, ਰਵਾਲ, ਸੰਖਨਾਰੀ, ਮਧੁਭਾਰ, ਵਿਜੈ ਮਨੋਹਰ, ਨਿਰਾਜ, ਤੋਟਕ, ਭੁਜੰਗ, ਕਬਿੱਤ, ਤਿਲਕਾ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਚਨਾ ਵਿਚ ਕਵੀ ਨੇ ਵਸਤੂ-ਵਰਣਨ ਵਿਚ ਹਾਥੀਆਂ, ਘੋੜਿਆਂ, ਹਥਿਆਰਾਂ ਅਤੇ ਨਗਰ-ਵਰਣਨ ਵਿਚ ਆਨੰਦਪੁਰ, ਕਾਸ਼ੀ, ਪ੍ਰਯਾਗ, ਨਾਹਨ, ਪਾਉਂਟਾ, ਪਟਨਾ, ਆਦਿ ਦਾ ਬੜਾ ਸਜੀਵ ਬਿਆਨ ਕੀਤਾ ਹੈ। ਇਸ ਵਰਣਨ ਵਿਚ ਉਸ ਨੇ ਨਗਰ ਦੀ ਯੋਜਨਾ, ਕਲਾ, ਵਣ-ਵਾਟਿਕਾਵਾਂ, ਇਮਾਰਤਾਂ, ਬਜ਼ਾਰਾਂ ਆਦਿ ਨੂੰ ਵੀ ਆਪਣੇ ਚਿਤ੍ਰਣ ਦਾ ਵਿਸ਼ਾ ਬਣਾਇਆ ਹੈ। ਇਹ ਸਾਰਾ ਵਿਵਰਣ ਭਾਵੇਂ ਇਤਿਹਾਸ ਨਾਲ ਸੰਬੰਧਿਤ ਹੈ ਪਰ ਕਵੀ ਨੇ ਇਸ ਵਿਚ ਇਤਨੀ ਰਸਾਤਮਕਤਾ ਭਰ ਦਿੱਤੀ ਹੈ ਕਿ ਉਹ ਬੜੀ ਸਜੀਵ ਤੇ ਸੁਭਾਵਿਕ ਸਾਹਿਤਿਕ ਰਚਨਾ ਪ੍ਰਤੀਤ ਹੁੰਦੀ ਹੈ। ਕਵੀ ਨੇ ਅਲੰਕਾਰਾਂ ਦੀ ਵੀ ਖੁਲ੍ਹ ਕੇ ਵਰਤੋਂ ਕੀਤੀ ਹੈ ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਨੇ ਅਲੰਕਾਰ ਅਧਿਕਤਰ ਜਨ-ਜੀਵਨ ਨਾਲ ਸੰਬੰਧਿਤ ਖੇਤਰਾਂ ਵਿਚੋਂ ਲਏ ਹਨ। ਅਜਿਹੇ ਉਪਮਾਨ-ਵਿਧਾਨ ਨਾਲ ਸਭ ਤੋਂ ਵੱਡੀ ਪ੍ਰਾਪਤੀ ਇਹ ਹੋਈ ਹੈ ਕਿ ਕਵੀ ਗੁਰੂ ਸਾਹਿਬ ਦੇ ਯੁੱਧਾਂ ਨੂੰ ਜਨ-ਜੀਵਨ ਦੇ ਨਾਲ ਸੰਬੰਧਿਤ ਕਰ ਸਕਿਆ ਹੈ ਅਤੇ ਇਸ ਤਰ੍ਹਾਂ ਯੁੱਧ ਨੂੰ ਕੋਈ ਅਪਰਿਚਿਤ ਵਸਤੂ ਨਹੀਂ ਰਹਿਣ ਦਿੱਤਾ ਗਿਆ, ਸਗੋਂ ਉਸ ਨੂੰ ਜੀਵਨ ਦਾ ਅੰਗ ਬਣਾ ਕੇ ਲੋਕਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਗ੍ਰੰਥ ਦੀ ਭਾਸ਼ਾ ਬ੍ਰਜ ਹੈ ਪਰ ਇਹ ਸ਼ੁੱਧ ਬ੍ਰਜ ਨਹੀਂ, ਇਸ ਉਤੇ ਪੰਜਾਬੀ ਦਾ ਪ੍ਰਭਾਵ ਹੈ ਅਤੇ ਇਸ ਨੂੰ ਪੰਜਾਬ ਵਿਚ ਪ੍ਰਚਲਿਤ 'ਪੰਜਾਬੀ ਬ੍ਰਜ' ਹੀ ਕਿਹਾ ਜਾ ਸਕਦਾ ਹੈ। ਇਹ ਇਸ ਪ੍ਰਕਾਰ ਦੀ ਬ੍ਰਜ ਹੈ ਜਿਹੜੀ ਪੰਜਾਬੀ ਪਾਠਕ ਨੂੰ ਸਹੀ ਢੰਗ ਨਾਲ ਸਮਝ ਆ ਸਕਦੀ ਹੈ। ਕਵੀ ਨੇ ਅਰਬੀ ਅਤੇ ਫ਼ਾਰਸੀ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ ਹੈ ਕਿਉਂਕਿ ਉਦੋਂ ਤਕ ਇਹ ਸ਼ਬਦ ਆਮ ਬੋਲਚਾਲ ਵਿਚ ਪ੍ਰਯੁਕਤ ਹੋਣ ਲੱਗ ਪਏ ਸਨ। ਇਸ ਵਿਚ ਕਵੀ ਨੇ ਪੰਜਾਬ ਦੇ ਰਹਿਣ-ਸਹਿਣ, ਪੰਜਾਬ ਦੀ ਪ੍ਰਕ੍ਰਿਤੀ ਅਤੇ ਪੰਜਾਬ ਦੇ ਜਨ-ਜੀਵਨ ਤੇ ਸਭਿਆਚਾਰ ਨੂੰ ਇਤਨੀ ਬਾਰੀਕੀ ਨਾਲ ਬਿਆਨ ਕੀਤਾ ਹੈ ਕਿ ਇਸ ਵਿਚ ਉਸ ਵਕਤ ਦੇ

ਪੰਜਾਬ ਦੀ ਇਕ ਸੱਚੀ ਤਸਵੀਰ ਉਘੜ ਆਈ ਹੈ। ਕੁਲ ਮਿਲਾ ਕੇ ਇਹ ਕਵੀ ਦੀ ਇਕ ਸਫਲ ਕ੍ਰਿਤੀ ਹੈ ਤੇ 'ਗੁਰ ਬਿਲਾਸ' ਪਰੰਪਰਾ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਵਿਚ ਜਿੱਥੇ ਪੌਰਾਣਿਕ ਸਰਣੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਅਵਤਾਰ ਪੁਰਸ਼ ਸਿੱਧ ਕੀਤਾ ਹੈ ਉਥੇ ਇਸ ਦੀ ਇਤਿਹਾਸਿਕਤਾ ਵਿਚ ਪੌਰਾਣਿਕਤਾ ਸਮਾਵਿਸ਼ਟ ਹੋ ਗਈ ਹੈ।

(5) ਗੋਪੀ ਚੰਦ ਵੈਰਾਗ ਸ਼ਤਕ

ਲਗਭਗ 30 ਪੱਤਰਿਆਂ ਦੀ ਇਹ ਕਵੀ ਦੀ ਪੰਜਵੀਂ ਰਚਨਾ ਹੈ। ਕਵੀ ਦੇ ਆਪਣੇ ਕਥਨ ਅਨੁਸਾਰ ਉਸ ਨੇ ਮਹਾਰਾਜਾ ਕਰਮ ਸਿੰਘ ਦੇ ਅਹਿਦ ਵਿਚ ਸਨੌਰ ਦੇ ਕਿਲ੍ਹੇ ਵਿਚ ਰਹਿੰਦੇ ਹੋਇਆਂ 1832 ਈ. (1889 ਬਿ.) ਵਿਚ ਇਸ ਦੀ ਰਚਨਾ ਕੀਤੀ :

ਮਦਰ ਦੇਸ ਵਿਆਸ ਨਦੀ ਤਟ, ਹੈ ਕਵਿ ਕੋ ਪੁਰ ਨਾਮ ਸਠਯਾਰਾ।
ਗੋਪ ਨਿਸਾਪਤਿ ਜੋਗ ਕਥਾ ਕਵਿ, ਕੋਟ ਸਨੌਰ ਮੇਂ ਕੀਨ ਉਚਾਰਾ।
ਕਰਮ ਮ੍ਰਿਗੇਸ ਨਰੇਸ਼ ਜਹਾ ਸਭ, ਭੂਖਨ ਕੇ ਸਿਰ ਭੂਪ ਉਚਾਰਾ।
ਠਾਹਾਂ ਸੈ ਸਾਲ ਨਿਣਾਨਮੈ ਸੰਬਤ, ਗ੍ਰਿੰਥ ਸੰਪੂਰਨ ਕੀਨ ਸੁਧਾਰਾ।[1] ੧੦੨।

ਇਸ ਦੇ ਹੱਥ-ਲਿਖਤ ਖਰੜੇ ਪੰਜਾਬ ਆਰਕਾਈਵਜ਼ ਲਾਇਬ੍ਰੇਰੀ, ਪਟਿਆਲਾ (ਨੰ. 675) ਅਤੇ ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਪਟਿਆਲਾ (ਨੰ. 500) ਵਿਚ ਉਪਲਬਧ ਹਨ। ਕਬਿਤ-ਸਵੈਯਾ ਛੰਦ ਪ੍ਰਬੰਧ ਵਿਚ ਲਿਖੀ ਇਸ ਰਚਨਾ ਵਿਚ ਗੋਪੀ ਚੰਦ ਦੇ ਵੈਰਾਗ ਧਾਰਨ ਦੀ ਗੱਲ ਬੜੀ ਪ੍ਰਭਾਵਸ਼ਾਲੀ ਸੰਵਾਦ ਸ਼ੈਲੀ ਵਿਚ ਕਹੀ ਗਈ ਹੈ। ਇਸ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਬ੍ਰਜ ਹੈ।

(6) ਸੁਧਾ ਸਿੰਧੁ ਰਾਮਾਇਣ

ਕਵੀ ਵੀਰ ਸਿੰਘ ਨੇ ਆਪਣੀ ਅੰਤਿਮ ਕ੍ਰਿਤੀ ਦੀ ਰਚਨਾ ਪਟਿਆਲੇ ਵਿਚ 1851 ਈ. (1908 ਬਿ.) ਵਿਚ ਕੀਤੀ, ਜਿਸ ਵਿਚ ਉਸ ਨੇ ਸ੍ਰੀ ਰਾਮ ਚੰਦਰ ਜੀ ਦਾ ਜਸ ਗਾਇਆ ਹੈ :

ਉਨੀਸੈ ਅਰੁ ਆਠਵੇਂ ਸੰਵਤ ਬਿਕ੍ਰਮ ਨਰੇਸ।
ਕੀਆ ਸੰਪੂਰਣ ਗ੍ਰੰਥ ਕਵ, ਪਟਿਆਲੇ ਪੁਰ ਦੇਸ।
ਉਚਰਾ ਜਸ ਸ੍ਰੀ ਰਾਮ ਕਾ ਸੁੰਦਰ ਅਦਭੁਤ ਛੰਦ।
ਰਚਾ ਰਮਾਯਣ ਬੀਰ ਸਿੰਘ ਬਖਤ ਸਿੰਘ ਕੇ ਨੰਦ।

ਕੁਲ 41 ਪੱਤਰਿਆਂ ਦੀ ਇਸ ਰਚਨਾ ਵਿਚ 11 ਤਰੰਗ ਹਨ, ਅਤੇ ਆਰੰਭ ਵਿਚ ਗੁਰੂ ਸਾਹਿਬਾਨ ਦਾ ਮੰਗਲ ਗਾਇਆ ਗਿਆ ਹੈ। ਗੁਰੂ ਗੋਬਿੰਦ ਸਿੰਘ ਦੀ ਉਸਤਤਿ ਵਿਚ ਕਵੀ ਦੀ ਵਿਸ਼ੇਸ਼ ਰੁਚੀ ਰਹੀ ਹੈ :

ਗੋਬਿੰਦ ਸਿੰਘ ਕ੍ਰਿਪਾ ਨਿਧਿ ਕੇ ਪਦ ਅੰਬੁਜ ਬੰਦਨ ਕ੍ਰੋਟਿ ਹਮਾਰੇ,
ਮੀਰ ਵਿਦਾਰ ਫ਼ਕੀਰ ਕਿਯੇ ਜਿਹਿ ਕੀਰਨ ਕੌ ਸੁਤ ਮੀਰ ਸਵਾਰੇ।

---

[1] ਹਥ-ਲਿਖਤ ਨੰਬਰ 675, ਪੱਤਰਾ 131, ਪੰਜਾਬ ਆਰਕਾਈਵਜ਼ ਲਾਇਬ੍ਰੇਰੀ, ਪਟਿਆਲਾ

ਜੋ ਨਰ ਗੋਬਿੰਦ ਸਿੰਘ ਜਪੈ ਫਲ ਫੂਲ ਫਲੈ ਜਗ ਮੈ ਪਰਿਵਾਰੇ ।
ਦੂਖਨ ਕੋਟਿ ਨਿਵਾਰ ਗੁਰ ਸੁਭ ਭੂਖਨ ਮੰਗਲ ਏਹੁ ਅਪਾਰੇ ।

ਇਹ ਰਚਨਾ ਅਜੇ ਅਪ੍ਰਕਾਸ਼ਿਤ ਹੈ ਅਤੇ ਇਸ ਦਾ ਹੱਥ-ਲਿਖਤ ਖਰੜਾ ਮੋਤੀ ਬਾਗ਼ ਲਾਇਬ੍ਰੇਰੀ, ਪਟਿਆਲਾ (ਨੰ. 18) ਵਿਚ ਸੁਰੱਖਿਅਤ ਹੈ। ਇਸ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਬ੍ਰਜ ਹੈ। ਇਹ ਰਚਨਾ ਪੰਜਾਬ ਵਿਚ ਲਿਖੇ ਗਏ ਰਾਮ ਕਾਵਿ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰਖਦੀ ਹੈ।

3.

ਗੁਰਕੀਰਤ ਪ੍ਰਕਾਸ਼ : ਵਿਸ਼ੇ-ਵਸਤੂ

'ਗੁਰਕੀਰਤ ਪ੍ਰਕਾਸ਼' ਦੇ ਵਿਸ਼ੇ ਦਾ ਸਰੂਪ, ਮਹੱਤਵ ਅਤੇ ਉਦੇਸ਼ ਨੂੰ ਸਮਝਣ ਲਈ ਪੰਜਾਬ ਵਿਚ ਵਿਕਸਿਤ ਹੋਈ ਚਰਿਤ-ਕਾਵਿ-ਪਰੰਪਰਾ ਨੂੰ ਸਮਝਣਾ ਬੜਾ ਜ਼ਰੂਰੀ ਹੈ ਕਿਉਂਕਿ ਇਹ ਰਚਨਾ ਉਸੇ ਪਰੰਪਰਾ ਦੀ ਇਕ ਮਹੱਤਵਪੂਰਨ ਕੜੀ ਹੈ ਅਤੇ ਪੰਜਾਬ ਦੇ ਗੌਰਵਮਈ ਚਰਿਤ੍ਰਾਂ ਨੂੰ ਰੂਪਾਇਤ ਕਰਨ ਵਾਲੀ ਇਕ ਸਰਲ ਕ੍ਰਿਤੀ ਹੈ।

ਚਰਿਤ-ਕਾਵਿ-ਪਰੰਪਰਾ

ਚਰਿਤ-ਕਾਵਿ ਦੀ ਪਰੰਪਰਾ ਅਪਭ੍ਰੰਸ਼ ਸਾਹਿੱਤ ਤੋਂ ਹੀ ਉਪਲਬਧ ਹੋਣੀ ਸ਼ੁਰੂ ਹੋ ਗਈ ਸੀ ਅਤੇ ਪੁਰਾਤਨ ਹਿੰਦੀ ਵਿਚ ਵੀ ਅਨੇਕ ਚਰਿਤ-ਕਾਵਿ ਮਿਲ ਜਾਂਦੇ ਹਨ। ਇਹ ਆਮ ਤੌਰ ਤੇ ਦੋ ਰੂਪਾਂ ਵਿਚ ਮਿਲਦੇ ਹਨ। ਇਕ ਉਹ ਚਰਿਤ-ਕਾਵਿ ਹਨ, ਜਿਨ੍ਹਾਂ ਵਿਚ ਕਿਸੇ ਮਹਾਪੁਰਸ਼, ਅਵਤਾਰ ਜਾਂ ਅਧਿਆਤਮਿਕ ਸਾਧਕ ਦੇ ਜੀਵਨ ਚਰਿਤ੍ਰ ਉੱਤੇ ਪ੍ਰਕਾਸ਼ ਪਾਇਆ ਗਿਆ ਹੈ ਅਤੇ ਦੂਜੇ ਉਹ ਚਰਿਤ-ਕਾਵਿ ਹਨ, ਜਿਨ੍ਹਾਂ ਵਿਚ ਕਿਸੇ ਕਵੀ ਰਾਹੀਂ ਆਸਰਾਦਾਤੇ ਰਾਜਾ ਦੀ ਬੀਰਤਾ, ਪਰਾਕ੍ਰਮ ਅਤੇ ਪ੍ਰਭੁਤਾ ਦਾ ਅਤਿਕਥਨੀ ਸ਼ੈਲੀ ਵਿਚ ਵਰਣਨ ਕੀਤਾ ਗਿਆ ਹੋਵੇ।[1] ਪਹਿਲੀ ਕਿਸਮ ਦੇ ਚਰਿਤ-ਕਾਵਿ ਵਿਚ ਪ੍ਰਮੁਖ ਪ੍ਰਵਿਰਤੀ ਧਾਰਮਿਕ ਹੁੰਦੀ ਹੈ ਅਤੇ ਲੋੜ ਅਨੁਸਾਰ ਪੌਰਾਣਿਕਤਾ ਨੂੰ ਵੀ ਆਧਾਰ ਬਣਾਇਆ ਜਾਂਦਾ ਹੈ। ਕਵੀ ਆਪਣੇ ਨਾਇਕ ਦੀ ਵਿਚਾਰਧਾਰਾ ਅਤੇ ਉਸ ਦੀ ਧਾਰਮਿਕ ਪੱਧਤੀ ਦਾ ਸ਼ਰਧਾਮਈ ਢੰਗ ਨਾਲ ਵਿਸ਼ਲੇਸ਼ਣ ਕਰਦਾ ਹੈ ਅਤੇ ਸ਼ੁਰੂ ਤੋਂ ਲੈ ਕੇ ਆਖ਼ੀਰ ਤਕ ਘਟਨਾਵਾਂ ਵਿਚ ਕਾਰਜ-ਕਾਰਣ ਸੰਬੰਧ, ਧਰਮ ਦੀ ਸਥਾਪਨਾ ਅਤੇ ਅਧਰਮ ਦੀ ਸਮਾਪਤੀ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ। ਦੂਜੀ ਕਿਸਮ ਦੇ ਚਰਿਤ-ਕਾਵਿ ਕਾਰਜ-ਕਾਰਣ ਸੰਬੰਧ ਦੀ ਸਥਿਤੀ ਗੌਣ ਹੈ। ਇਸ ਵਿਚ ਪਰਸਪਰ ਅਸੰਬੰਧ ਘਟਨਾਵਾਂ ਨੂੰ ਹੀ ਇਕ ਸੰਗਲੀ ਵਿਚ ਪਰੋ ਦਿੱਤਾ ਜਾਂਦਾ ਹੈ। ਪ੍ਰਸ਼ੰਸਾ ਦੀ ਰੁਚੀ ਦੀ ਪ੍ਰਬਲਤਾ ਕਾਰਣ ਕਵੀ ਦੀ ਆਤਮੀਅਤਾ ਦੇ ਦਰਸ਼ਨ ਨਹੀਂ ਹੁੰਦੇ, ਪਰ ਧਾਰਮਿਕ ਪੁਰਸ਼ਾਂ ਬਾਰੇ ਲਿਖੇ ਚਰਿਤ-ਕਾਵਿ ਵਿਚ ਕਵੀ ਦੀ ਅੰਤਰਾਤਮਾ ਦ੍ਰਵਿਤ ਹੋ ਕੇ ਸ਼ਰਧਾ ਭਾਵਨਾ ਦਾ ਅਜਿਹਾ ਵਿਲਾਸ ਪ੍ਰਸਤੁਤ ਕਰਦੀ ਹੈ ਕਿ ਜਿਗਿਆਸੂ ਪੜ੍ਹ ਕੇ ਆਪਣੇ ਆਪ ਨੂੰ ਧੰਨ ਸਮਝਣ ਲਗ ਜਾਂਦਾ ਹੈ।

[1]ਸੁਖਾ ਸਿੰਘ: 'ਗੁਰ ਬਿਲਾਸ', (ਸੰਪਾਦਕ, ਡਾ. ਜਯ ਭਗਵਾਨ ਗੋਯਲ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 2

ਇਸ ਪ੍ਰਕਾਰ ਦੇ ਕਾਵਿਆਂ ਵਿਚ ਅਨੇਕ ਕਿਸਮ ਦੇ ਪਾਠ-ਮਹਾਤਮ ਵਰਣਿਤ ਹੁੰਦੇ ਹਨ ਕਿਉਂਕਿ ਇਸ ਪ੍ਰਕਾਰ ਦੀਆਂ ਰਚਨਾਵਾਂ ਦਾ ਉਦੇਸ਼ ਸੰਸਾਰਿਕਤਾ ਤੋਂ ਹਟ ਕੇ ਅਲੌਕਿਕ ਰਸ ਪ੍ਰਦਾਨ ਕਰਨਾ ਹੁੰਦਾ ਹੈ। ਪੰਜਾਬ ਵਿਚ ਇਸ ਚਰਿਤ-ਕਾਵਿ ਲਿਖਣ ਦੀ ਪਰੰਪਰਾ ਦਾ ਆਰੰਭ ਸਿੱਖ ਧਰਮ ਅੰਦੋਲਨ ਦੇ ਨਾਲ ਹੁੰਦਾ ਹੈ। ਇਸ ਕਾਵਿ-ਪਰੰਪਰਾ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: ਪੂਰਵ ਕਾਲ, ਮੱਧ ਕਾਲ ਅਤੇ ਉੱਤਰ ਕਾਲ। ਪੂਰਵ ਕਾਲ ਤੋਂ ਭਾਵ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਦਾ ਸਮਾਂ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪੰਜਾਬ ਵਿਚ ਧਰਮ ਅਤੇ ਧਾਰਮਿਕ ਆਗੂਆਂ ਸੰਬੰਧੀ ਇਕ ਵਿਸ਼ੇਸ਼ ਭਾਵਨਾ ਦਾ ਵਿਕਾਸ ਹੁੰਦਾ ਹੈ। ਇਸ ਭਾਵਨਾ ਅਧੀਨ ਗੁਰੂ ਅੰਗਦ ਦੇਵ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਕਾਰਾਂ ਨੂੰ ਸੰਭਾਲਣ ਲਈ ਜਨਮਸਾਖੀਆਂ ਲਿਖਵਾਉਣ ਦਾ ਫੁਰਨਾ ਫੁਰਿਆ। ਇਹ ਜਨਮਸਾਖੀਆਂ ਭਾਵੇਂ ਵਾਰਤਕ ਵਿਚ ਹਨ ਪਰ ਇਹ ਪੰਜਾਬੀ ਦੀਆਂ ਵਿਸ਼ੇਸ਼ ਚਰਿਤ੍ਰ ਰਚਨਾਵਾਂ ਹਨ ਕਿਉਂਕਿ ਇਨ੍ਹਾਂ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਚਰਿਤ੍ਰ ਨੂੰ ਰੂਪਮਾਨ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਬੜੇ ਸਾਧਾਰਣ ਤੇ ਸਪਸ਼ਟ ਢੰਗ ਨਾਲ ਬਿਆਨ ਕਰ ਕੇ ਗੁਰੂ ਸਾਹਿਬ ਦੇ ਧਰਮ-ਉਪਦੇਸ਼ ਨੂੰ ਪ੍ਰਚਾਰਿਤ ਕੀਤਾ ਗਿਆ ਹੈ। ਜਨਮਸਾਖੀਆਂ ਮੁੱਖ ਰੂਪ ਵਿਚ ਤਿੰਨ ਹਨ—ਪੁਰਾਤਨ ਜਨਮਸਾਖੀ, ਮਿਹਰਬਾਨ ਜਨਮਸਾਖੀ ਅਤੇ ਬਾਲਾ ਜਨਮਸਾਖੀ। ਇਨ੍ਹਾਂ ਜਨਮਸਾਖੀਆਂ ਵਿਚੋਂ ਕੁਝ ਕੁਝ ਸਾਖੀਆਂ ਲੈ ਕੇ ਕਈ ਹੋਰ ਸੁਤੰਤਰ ਸੰਸਕਰਣ ਵੀ ਤਿਆਰ ਕੀਤੇ ਗਏ ਹਨ, ਜਿਨ੍ਹਾਂ ਨੂੰ ਮਿਸ਼ਰਿਤ ਜਾਂ ਆਧਾਰਿਤ ਜਨਮਸਾਖੀਆਂ ਦਾ ਨਾਂ ਦਿੱਤਾ ਜਾ ਸਕਦਾ ਹੈ। ਜਿਵੇਂ ਆਦਿ ਸਾਖੀਆਂ, ਪ੍ਰਾਚੀਨ ਜਨਮਸਾਖੀਆ ਆਦਿ। ਇਨ੍ਹਾਂ ਤੋਂ ਇਲਾਵਾ 'ਸੁਖਮਨੀ ਸਹੰਸਰਨਾਮ ਪਰਮਾਰਥ' ਨਾਂ ਦੀ ਰਚਨਾ ਵਿਚ ਸੋਢੀ ਹਰਿ ਜੀ ਨੇ ਵਿਸ਼ਨੂੰ ਦੇ ਅਵਤਾਰਾਂ ਦੇ ਚਰਿਤ-ਪ੍ਰਸੰਗ ਵਾਰਤਕ ਵਿਚ ਪੇਸ਼ ਕੀਤੇ ਹਨ। ਅਤੇ 'ਗੋਸ਼ਟਾਂ ਮਿਹਰਬਾਨ ਜੀ ਕੀਆਂ' ਦੀ ਰਚਨਾ ਵਿਚ ਜਨਮਸਾਖੀ ਪਰੰਪਰਾ ਵਿਚ ਉਸ ਨੇ ਆਪਣੇ ਪਿਤਾ ਸੋਢੀ ਮਿਹਰਬਾਨ ਦੇ ਜੀਵਨ-ਪ੍ਰਸੰਗ ਧਾਰਮਿਕ ਸੰਦਰਭ ਵਿਚ ਪੇਸ਼ ਕੀਤੇ ਹਨ। ਇਸ ਕਾਲ ਦੇ ਚਰਿਤ-ਸਾਹਿੱਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਲਗਭਗ ਵਾਰਤਕ ਵਿਚ ਲਿਖੇ ਗਏ ਹਨ ਅਤੇ ਇਨ੍ਹਾਂ ਵਿਚੋਂ ਅਧਿਕਾਂਸ਼ ਦਾ ਸੰਬੰਧ ਗੁਰੂ ਨਾਨਕ ਦੇ ਚਰਿਤ੍ਰ ਨਾਲ ਹੈ।

ਮੱਧ ਕਾਲ ਤੋਂ ਭਾਵ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ। ਇਸ ਕਾਲ ਵਿਚ 'ਦਸਮ ਗ੍ਰੰਥ' ਰਾਹੀਂ ਚਰਿਤ-ਕਾਵਿ ਦਾ ਪਰਿਚਯ ਪ੍ਰਾਪਤ ਹੁੰਦਾ ਹੈ। ਇਨ੍ਹਾਂ ਚਰਿਤ-ਕਾਵਿਆਂ ਵਿਚ 'ਬਚਿੱਤ੍ਰ ਨਾਟਕ' ਤੇ 'ਚੌਬੀਸ ਅਵਤਾਰ' ਪ੍ਰਸੰਗ ਵਿਸ਼ੇਸ਼ ਵੇਖਣ ਯੋਗ ਹਨ। 'ਬਚਿੱਤ੍ਰ ਨਾਟਕ' ਵਿਚ ਗੁਰੂ ਗੋਬਿੰਦ ਸਾਹਿਬ ਦੇ ਜੀਵਨ ਅਤੇ ਯੁੱਧਾਂ ਦਾ ਚਿਤ੍ਰਣ ਹੈ। ਜੋ 'ਅਪਨੀ ਕਥਾ' ਦੇ ਨਾਂ ਨਾਲ ਪ੍ਰਸਿੱਧ ਹੈ। 'ਚੌਬੀਸ ਅਵਤਾਰ' ਦੇ ਪ੍ਰਸੰਗਾਂ ਵਿਚ ਵਿਸ਼ਨੂ ਦੇ ਅਵਤਾਰਾਂ ਦੇ ਚਰਿਤ੍ਰ ਲਿਖੇ ਗਏ ਹਨ। ਇਨ੍ਹਾਂ ਚਰਿਤ੍ਰਾਂ ਵਿਚ ਅਸੁਰ ਸੰਘਾਰ ਦੀ ਪ੍ਰਵਿਰਤੀ ਪ੍ਰਧਾਨ ਹੈ ਕਿ ਜਦੋਂ ਜਦੋਂ ਵੀ ਧਰਤੀ ਤੇ ਭਾਰ ਵਧਦਾ ਹੈ ਤਾਂ ਵਿਸ਼ਨੂ ਕਿਸੇ ਨਾ ਕਿਸੇ ਰੂਪ ਵਿਚ ਅਵਤਾਰ ਧਾਰ ਕੇ ਧਰਤੀ ਦੇ ਭਾਰ ਨੂੰ ਹਰਦਾ ਹੈ। ਇਨ੍ਹਾਂ ਚਰਿਤ੍ਰ-ਕਥਾਵਾਂ ਦਾ ਆਧਾਰ ਲਗਭਗ ਪੁਰਾਣ ਸਾਹਿੱਤ ਹੈ। ਯੁੱਧ-ਪ੍ਰਸੰਗਾਂ ਨੂੰ ਵਿਸ਼ੇਸ਼ ਰੂਪ ਵਿਚ ਚਿਤ੍ਰਿਆ ਗਿਆ ਹੈ ਅਤੇ ਹਉਮੈ/ਹੰਕਾਰ ਨੂੰ ਵਿਨਾਸ਼ ਦਾ ਮੂਲ ਕਾਰਣ ਸਥਾਪਿਤ ਕੀਤਾ

ਗਿਆ ਹੈ । ਇਹ ਰਚਨਾਵਾਂ ਕਾਵਿ-ਗੁਣ-ਸੰਪੰਨ ਰਚਨਾਵਾਂ ਹਨ । ਚੰਡੀ ਚਰਿਤ੍ਰ (ਉਕਤਿ ਬਿਲਾਸ), ਰਾਮਾਵਤਾਰ ਅਤੇ ਕ੍ਰਿਸ਼ਨਾਵਤਾਰ ਵਿਸ਼ੇਸ਼ ਰੂਪ ਵਿਚ ਸਾਹਿਤਿਕ ਗੌਰਵ ਵਾਲੀਆਂ ਰਚਨਾਵਾਂ ਹਨ ।

ਉਤਰ ਕਾਲ ਤੋਂ ਭਾਵ ਹੈ ਗੁਰੂ ਗੋਬਿੰਦ ਸਿੰਘ ਤੋਂ ਬਾਦ ਦਾ ਸਮਾਂ । ਇਸ ਕਾਲ ਵਿਚ ਇਹ ਚਰਿਤ-ਕਾਵਿ-ਪਰੰਪਰਾ ਵੀ ਕਾਫ਼ੀ ਵਿਕਸਿਤ ਹੋਈ । ਇਸ ਦਾ ਇਕ ਰੂਪ ਪੁਰਾਣ ਸਦ੍ਰਿਸ਼ ਰਚਨਾਵਾਂ ਵਿਚ ਮਿਲਦਾ ਹੈ, ਜਿਵੇਂ 'ਸਰਬ ਲੋਹ ਗ੍ਰੰਥ' ਜਿਸ ਵਿਚ ਸਰਬ ਲੋਹ ਅਵਤਾਰ ਦੀ ਕਥਾ ਦਾ ਵਰਣਨ ਪੁਰਾਣ ਸ਼ੈਲੀ ਵਿਚ ਕੀਤਾ ਗਿਆ ਹੈ ਅਤੇ ਜਿਸ ਦੇ ਕਰਤ੍ਰਿਤਵ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਨਾਲ ਜੋੜਿਆ ਗਿਆ ਹੈ, ਭਾਵੇਂ ਅੰਦਰਲੀ ਗਵਾਹੀ ਇਸ ਗੱਲ ਨੂੰ ਪ੍ਰਮਾਣਿਤ ਨਹੀਂ ਕਰਦੀ । ਇਸ ਪ੍ਰਕਾਰ ਦਾ ਦੂਜਾ ਗ੍ਰੰਥ ਹੈ 'ਨਾਨਕ ਦਿਗ ਵਿਜੈ' ਜਿਸ ਵਿਚ ਸੰਤ ਰੇਣ ਨੇ ਗੁਰੂ ਨਾਨਕ ਸਾਹਿਬ ਦੇ ਚਰਿਤ੍ਰ ਦਾ ਪੁਰਾਣ-ਪੁਰਸ਼ ਰੂਪ ਵਿਚ ਚਿਤ੍ਰਣ ਕੀਤਾ ਹੈ । ਇਨ੍ਹਾਂ ਦੋਹਾਂ ਗ੍ਰੰਥਾਂ ਤੋਂ ਇਲਾਵਾ ਇਸ ਕਾਲ ਵਿਚ ਪੂਰਵ ਕਾਲ ਵਾਲੀ ਜਨਮਸਾਖੀ ਸ਼ੈਲੀ ਵਾਲੇ ਚਰਿਤ ਵੀ ਲਿਖੇ ਜਾਂਦੇ ਰਹੇ ਹਨ, ਖ਼ਾਸ ਤੌਰ ਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ । ਇਹ ਜਨਮਸਾਖੀ ਵਾਰਤਕ ਵਿਚ ਹੈ ਪਰ ਇਸ ਤੋਂ ਬਾਦ ਸੰਤ ਦਾਸ ਛਿੱਬਰ ਕ੍ਰਿਤ 'ਜਨਮਸਾਖੀ ਨਾਨਕ ਸ਼ਾਹ ਕੀ' ਅਤੇ ਕਵੀ ਗਣੇਸ਼ ਸਿੰਘ ਬੇਦੀ ਦੀ ਲਿਖੀ 'ਗੁਰੂ ਨਾਨਕ ਸੂਰਜੋਦੇ' ਜਨਮਸਾਖੀ ਕਵਿਤਾ ਵਿਚ ਲਿਖੀਆਂ ਗਈਆਂ ਹਨ । ਇਨ੍ਹਾਂ ਦੀਆਂ ਕਾਵਿਗਤ ਵਿਸ਼ੇਸ਼ਤਾਵਾਂ ਅਤੇ ਪ੍ਰਵ੍ਰਿੱਤੀਆਂ ਪੂਰਵ ਕਾਲ ਦੇ ਜਨਮਸਾਖੀ ਸਾਹਿੱਤ ਨਾਲ ਮੇਲ ਖਾਂਦੀਆਂ ਹਨ ।

ਇਸ ਕਾਲ ਵਿਚ ਚਰਿਤ-ਕਾਵਿ ਦੀ ਇਕ ਹੋਰ ਨਿਖਰੀ ਹੋਈ ਪਰੰਪਰਾ ਸਾਹਮਣੇ ਆਉਂਦੀ ਹੈ । ਉਹ ਪਰੰਪਰਾ ਕੁਝ ਹੱਦ ਤਕ 'ਗੁਰ-ਬਿਲਾਸ-ਪਰੰਪਰਾ' ਵੀ ਕਹੀ ਜਾ ਸਕਦੀ ਹੈ । ਇਸ ਪਰੰਪਰਾ ਵਿਚ ਸਭ ਤੋਂ ਪਹਿਲਾਂ 'ਗੁਰੂ ਸ਼ੋਭਾ' ਦਾ ਉਲੇਖ ਕੀਤਾ ਜਾ ਸਕਦਾ ਹੈ । ਕਵੀ ਸੈਨਾਪਤੀ ਨੇ 'ਗੁਰੂ ਸ਼ੋਭਾ' ਦੀ ਰਚਨਾ 1701 ਈ. (1758 ਬਿ.) ਵਿਚ ਕੀਤੀ ਅਤੇ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਚਰਿਤ ਨੂੰ ਵਿਸ਼ੇਸ਼ ਰੂਪ ਵਿਚ ਉਨ੍ਹਾਂ ਦੇ ਯੁੱਧਾਂ ਦੇ ਪ੍ਰਸੰਗ ਵਿਚ ਵਰਣਿਤ ਕੀਤਾ ਗਿਆ । ਇਸ ਤੋਂ ਬਾਦ ਸਰੂਪ ਦਾਸ ਭੱਲਾ ਨੇ 'ਮਹਿਮਾ ਪ੍ਰਕਾਸ਼' ਦੀ ਰਚਨਾ 1776 ਈ. (1833 ਬਿ.) ਵਿਚ ਕੀਤੀ ਜਿਸ ਵਿਚ ਸਾਰੇ ਗੁਰੂ ਸਾਹਿਬਾਨ ਦੇ ਚਰਿਤਾਂ ਉਤੇ ਪ੍ਰਕਾਸ਼ ਪਾਇਆ ਗਿਆ ਪਰ ਪਹਿਲੇ ਅਤੇ ਦਸਵੇਂ ਗੁਰੂ ਦੇ ਚਰਿਤਾਂ ਨੂੰ ਜ਼ਿਆਦਾ ਵਿਸਤਾਰ ਨਾਲ ਚਿਤ੍ਰਿਤ ਕੀਤਾ ਗਿਆ । ਇਸ ਤਰ੍ਹਾਂ ਇਹ ਚਰਿਤ ਕਾਵਿ ਇਕ ਨਾਇਕ ਨਾਲ ਸੰਬੰਧਿਤ ਨਾ ਹੋ ਕੇ ਅਨੇਕ ਨਾਇਕਾਂ ਨਾਲ ਸੰਬੰਧਿਤ ਲਘੂ-ਚਰਿਤ-ਕਾਵਿ ਦਾ ਸੰਗ੍ਰਹਿ ਹੈ ਅਤੇ ਚਰਿਤ-ਕਾਵਿ ਦੀ ਇਕ ਵਖਰੀ ਵੰਨਗੀ ਨੂੰ ਪੇਸ਼ ਕਰਦਾ ਹੈ ।

'ਗੁਰੂ ਬਿਲਾਸ ਪਾਤਸ਼ਾਹੀ ੧੦' ਅਤੇ 'ਗੁਰੂ ਬਿਲਾਸ ਪਾਤਸ਼ਾਹੀ ੬' ਦੋ ਹੋਰ ਮਹੱਤਵਪੂਰਨ ਗ੍ਰੰਥ ਸਾਹਮਣੇ ਆਉਂਦੇ ਹਨ । ਇਨ੍ਹਾਂ ਵਿਚੋਂ ਪਹਿਲੇ ਦੀ ਰਚਨਾ 1751 ਈ. (1808 ਬਿ.) ਵਿਚ ਅਤੇ ਦੂਜੇ ਦੀ ਰਚਨਾ 1718 ਈ. (1775 ਬਿ.) ਵਿਚ ਹੋਈ ਦੱਸੀ ਜਾਂਦੀ ਹੈ । ਇਨ੍ਹਾਂ ਦੋਹਾਂ ਦੇ ਕਰਤ੍ਰਿਤਵ ਦਾ ਸੰਬੰਧ ਭਾਈ ਮਨੀ ਸਿੰਘ ਨਾਲ ਜੋੜਿਆ ਜਾਂਦਾ ਹੈ, ਪਰ ਭਾਈ ਮਨੀ ਸਿੰਘ ਇਨ੍ਹਾਂ ਵਿਚ ਅਨ੍ਯ ਪੁਰਖ ਵਿਚ ਚਿਤਰੇ ਗਏ ਹਨ

...ਨੂੰ ਦੁਆਰਾ ਸੁਣੀ ਕਥਾ ਨੂੰ ਹੀ ਕਵੀ ਆਪਣੇ ਢੰਗ ਨਾਲ ਕਾਵਿ-ਬੱਧ ਕਰਦਾ ਹੈ। ...ਪਰੋਕਤ 'ਗੁਰ ਬਿਲਾਸ ਪਾ. ੧੦' ਤੋਂ ਇਲਾਵਾ ਇਕ ਹੋਰ 'ਗੁਰੂ ਬਿਲਾਸ ਪਾਤਸ਼ਾਹੀ ੧੦' ਸਾਹਮਣੇ ਆਉਂਦਾ ਹੈ, ਜਿਸ ਦੀ ਰਚਨਾ 1797 ਈ. (1854 ਬਿ.) ਵਿਚ ...ਨੰਦਪੁਰ ਨਿਵਾਸੀ ਭਾਈ ਸੁੱਖਾ ਨੇ ਕੀਤੀ। ਇਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ...ਨ ਅਤੇ ਯੁੱਧ ਪ੍ਰਸੰਗਾਂ ਦਾ ਬੜਾ ਸੁੰਦਰ ਅਤੇ ਵਿਸਤ੍ਰਿਤ ਵਿਸ਼ਲੇਸ਼ਣ ਹੋਇਆ ਹੈ। ...ਰ ਪ੍ਰਤਾਪ ਸੂਰਜ ਗ੍ਰੰਥ' ਵਿਚ, ਜਿਸ ਦੀ ਰਚਨਾ-ਪ੍ਰਕ੍ਰਿਆ 1843 ਈ. (1900 ਸੰ.) ...ਸਮਾਪਤ ਹੋਈ, ਭਾਈ ਸੰਤੋਖ ਸਿੰਘ ਨੇ ਦਸ ਗੁਰੂ ਸਾਹਿਬਾਨ ਦੇ ਜੀਵਨ-ਚਰਿਤ੍ਰ ਬੜੇ ...ਸਤਾਰ ਨਾਲ ਪੇਸ਼ ਕੀਤੇ ਹਨ। ਇਹ ਇਤਿਹਾਸ ਪ੍ਰਧਾਨ ਚਰਿਤ੍ਰ-ਕਾਵਿ ਦਾ ਉਜਲਾ ਨਮੂਨਾ ...ਇਸ ਵਿਚ ਇਤਿਹਾਸਿਕਤਾ ਦੇ ਨਾਲ ਨਾਲ ਸਾਹਿੱਤਿਕਤਾ ਦੇ ਵੀ ਦਰਸ਼ਨ ਹੁੰਦੇ ਹਨ। ...ਘ ਸਾਗਰ' ਅਤੇ 'ਗੁਰਕੀਰਤ ਪ੍ਰਕਾਸ਼' ਇਸ ਪਰੰਪਰਾ ਦੀਆਂ ਹੋਰ ਰਚਨਾਵਾਂ ਹਨ। ...ਘ ਸਾਗਰ' ਦੀ ਰਚਨਾ 1827 ਈ. (1884 ਬਿ.) ਵਿਚ ਹੋਈ ਸੀ ਅਤੇ ਇਸ ...ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜੀਵਨ ਅਤੇ ਯੁੱਧ-ਪ੍ਰਸੰਗ ਬੜੀ ਪ੍ਰਭਾਵਸ਼ਾਲੀ ਸ਼ੈਲੀ ...ਬਿਆਨ ਕੀਤੇ ਗਏ ਹਨ। 'ਗੁਰਕੀਰਤ ਪ੍ਰਕਾਸ਼' ਵਿਚ ਦਸ ਗੁਰੂ ਸਾਹਿਬਾਨ ਦੇ ਚਰਿਤ੍ਰਾਂ ...ਬੜੇ ਸੰਖੇਪ ਵਿਚ ਵਰਣਿਤ ਕੀਤਾ ਗਿਆ ਹੈ। ਇਸ ਦਾ ਸਰੂਪ ਬਹੁਤ ਹਦ ਤਕ ਸਰੂਪ ...ਸ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼' ਨਾਲ ਮੇਲ ਖਾਂਦਾ ਹੈ ਕਿਉਂਕਿ ਇਨ੍ਹਾਂ ਦੋਹਾਂ ਵਿਚ ...-ਕਾਵਿ-ਚਰਿਤਾਂ ਨੂੰ ਪੇਸ਼ ਕੀਤਾ ਗਿਆ ਹੈ ਅਤੇ ਦੋਹਾਂ ਵਿਚ ਦਸ ਗੁਰੂ ਸਾਹਿਬਾਨ ਦੇ ...ਤ ਹੀ ਸ਼ਾਮਲ ਕੀਤੇ ਗਏ ਹਨ। ਘਟਨਾ-ਚੋਣ ਵੇਲੇ ਕਵੀ ਨੇ ਕੇਵਲ ਉਨ੍ਹਾਂ ਨੂੰ ਹੀ ...ਵ-ਬੱਧ ਕੀਤਾ ਹੈ, ਜਿਨ੍ਹਾਂ ਰਾਹੀਂ ਗੁਰੂਆਂ ਦੀ ਅਧਿਆਤਮਿਕ ਪ੍ਰਵਿਰਤੀ ਅਤੇ ਪ੍ਰਭੁਤਾ ...ਪ੍ਰਮਾਨ ਕੀਤਾ ਜਾ ਸਕੇ। ਇਸੇ ਪਰੰਪਰਾ ਵਿਚ 'ਗੁਰੂ ਬਿਲਾਸ ਬਾਬਾ ਸਾਹਿਬ ਸਿੰਘ', ...ਨਾਨਕ ਬੰਸ ਪ੍ਰਕਾਸ਼', 'ਸ੍ਰੀ ਗੁਰੂ ਨਾਨਕ ਚੰਦ੍ਰਿਕਾ', 'ਸ੍ਰੀ ਗੁਰੂ ਪੰਥ ਪ੍ਰਕਾਸ਼', 'ਬੀਰ...ਸ਼ ਗੁਰ ਬਿਲਾਸ ਦੇਵਤਤੁ' ਆਦਿ ਰਚਨਾਵਾਂ ਦੇ ਨਾਂ ਵੀ ਗਿਣੇ ਜਾ ਸਕਦੇ ਹਨ। ...ਧਿਆਨ ਰਖਣ ਵਾਲੀ ਗੱਲ ਇਹ ਹੈ ਕਿ ਪੰਜਾਬ ਵਿਚ ਰਾਜ ਆਸਰੇ ਵਿਚ ਰਹਿਣ ...ਕਵੀ ਬਹੁਤ ਘਟ ਹੋਏ ਹਨ, ਕੇਵਲ ਸਿੱਖ ਰਿਆਸਤਾਂ ਵਿਚ ਕੁਝ ਕਵੀਆਂ ਨੇ ...ਰਾਦਾਤੇ ਜਾਂ ਕਿਸੇ ਹੋਰ ਰਾਜੇ ਰਾਣੀ ਦੇ ਚਰਿਤ੍ਰ ਜ਼ਰੂਰ ਲਿਖੇ ਹਨ। ਇਸ ਪ੍ਰਕਾਰ ਦੇ ...ਆਂ ਵਿਚ ਸਾਹਿਬ ਸਿੰਘ ਮ੍ਰਿਗੇਂਦ੍ਰ ਦਾ ਨਾਂ ਵਿਸ਼ੇਸ਼ ਉਲੇਖਯੋਗ ਹੈ।

ਉਪਰੋਕਤ ਚਰਿਤ੍ਰ-ਪ੍ਰਧਾਨ ਰਚਨਾਵਾਂ ਦੇ ਅਧਿਐਨ ਤੇ ਜੋ ਤੱਥ ਉਘੜ ਕੇ ਸਾਹਮਣੇ ...ਂਦੇ ਹਨ, ਉਹ ਇਨ੍ਹਾਂ ਦੀਆਂ ਪੌਰਾਣਿਕ ਪ੍ਰਵਿਰਤੀਆਂ ਨਾਲ ਸੰਬੰਧਿਤ ਹਨ, ਜਿਨ੍ਹਾਂ ਨੂੰ ...ਪ ਵਿਚ ਇਸ ਤਰ੍ਹਾਂ ਦਸਿਆ ਜਾ ਸਕਦਾ ਹੈ :

1. ਗੁਰੂ ਸਾਹਿਬਾਨ ਦੇ ਜੀਵਨ-ਚਰਿਤਾਂ ਵਿਚ ਅਵਤਾਰਤਵ ਦੀ ਕਲਪਨਾ ਕਰਨਾ।
2. ਗੁਰੂ ਸਾਹਿਬਾਂ ਦੇ ਚਰਿਤ੍ਰਾਂ ਵਿਚ ਅਵਤਾਰੀ ਪੁਰਸ਼ਾਂ ਨਾਲ ਪ੍ਰਸਿੱਧ ਲੀਲਾਵਾਂ ਨੂੰ ਸ਼ਾਮਲ ਕਰਨਾ।
3. ਗੌਣ ਕਥਾ ਪ੍ਰਸੰਗਾਂ ਦੀ ਸਿਰਜਨਾ ਵਿਚ ਪੌਰਾਣਿਕ ਕਥਾਵਾਂ ਨੂੰ ਪਿਛੋਕੜ ਵਜੋਂ ਵਰਤਣਾ।

4. ਵਿਚਾਰਾਂ ਦੀ ਸਥਾਪਨਾ ਲਈ ਪੁਰਾਣ ਕਥਾ-ਪ੍ਰਸੰਗ ਨੂੰ ਵਰਤਣਾ ।
5. ਪੌਰਾਣਿਕ ਸ਼ੈਲੀ ਦੀਆਂ ਲੀਹਾਂ ਤੇ ਨਵੀਆਂ ਕਥਾਵਾਂ ਦੀ ਸਿਰਜਣਾ ਕਰਨਾ
6. ਗੁਰੂ ਸਾਹਿਬਾਨ ਦੇ ਵਿਅਕਤਿਤਵਾਂ ਵਿਚ ਪਰਾ-ਮਾਨਵੀ ਸ਼ਕਤੀਆਂ ਸਥਾਪਨਾ ਕਰਨਾ ਤੇ ਕਰਾਮਾਤੀ ਅੰਸ਼ ਜੋੜਨਾ ।
7. ਬ੍ਰਾਹਮਣਵਾਦ ਦੀਆਂ ਧਾਰਨਾਵਾਂ ਪ੍ਰਤੀ ਨਿਸ਼ਠਾ ਦੀ ਭਾਵਨਾ ਪ੍ਰਗਟਾਉਣਾ
8. ਦੇਵੀ ਪ੍ਰਤਿ ਵੀ ਇਸ਼ਠ-ਬੁੱਧੀ ਦਾ ਪਰਿਚੈ ਦੇਣਾ ।
9. ਪੌਰਾਣਿਕ ਸ਼ੈਲੀ ਨੂੰ ਗ੍ਰਹਿਣ ਕਰਨ ਪ੍ਰਤੀ ਆਗ੍ਰਹਿ ਦਰਸਾਣਾ ।[1]

ਇਨ੍ਹਾਂ ਵਿਸ਼ੇਸ਼ਤਾਵਾਂ ਕਰਕੇ ਉਪਰੋਕਤ ਰਚਨਾਵਾਂ ਭਾਵੇਂ ਇਤਿਹਾਸ ਨਾਲ ਸੰਬੰਧਿ ਹਨ, ਪਰ ਉਨ੍ਹਾਂ ਦੀ ਇਤਿਹਾਸਿਕਤਾ ਸਤਿਅਤਾ ਤੋਂ ਹਟ ਕੇ ਮਿਥਕ ਰੂਪ ਧਾਰਨ ਗਈ ਹੈ । ਇਸ ਲਈ ਇਨ੍ਹਾਂ ਵਿਚ ਇਤਿਹਾਸਿਕਤਾ ਅਤੇ ਕਲਪਨਾ ਦਾ ਸਮਨਵੈ ਸੁਭਾਵਿਕ ਹੈ । ਕੁਲ ਮਿਲਾ ਕੇ ਇਹ ਚਰਿਤ-ਪ੍ਰਸੰਗ ਇਤਿਹਾਸਿਕ ਪਿਛੋਕੜ ਅਤੇ ਕਲਪ ਦੇ ਵਿਲਾਸ ਨਾਲ ਸੰਯੁਕਤ ਹੋ ਕੇ ਗੁਰੂ ਸਾਹਿਬਾਨ ਦੇ ਉਪਕਾਰਾਂ ਨੂੰ ਬੜੀ ਗੌਰਵ ਵਿਧੀ ਨਾਲ ਪੇਸ਼ ਕਰਦੇ ਹਨ । ਇਨ੍ਹਾਂ ਵਿਚੋਂ ਅਧਿਕਾਂਸ਼ ਦੀ ਭਾਸ਼ਾ ਦਾ ਸਰੂਪ ਸ਼ੁੱਧ ਪੰਜ ਤੋਂ ਹਟ ਕੇ ਬ੍ਰਜ ਭਾਸ਼ਾ ਪ੍ਰਧਾਨ ਹੋ ਗਿਆ ਹੈ, ਪਰ ਇਨ੍ਹਾਂ ਵਿਚ ਪੰਜਾਬ ਦੇ ਧਰਮ-ਆਗੂ ਦੇ ਚਰਿਤ੍ਰਾਂ ਰਾਹੀਂ ਜੋ ਅਭਿਵਿਅਕਤੀ ਹੋਈ ਹੈ, ਉਸ ਵਿਚ ਪੰਜਾਬ ਦਾ ਸਭਿਆਚਾਰ ਨਿ ਕੇ ਸਾਹਮਣੇ ਆਇਆ ਹੈ ਅਤੇ ਪੰਜਾਬ ਦੇ ਸਾਰੇ ਵਾਤਾਵਰਣ ਦੇ ਬੜੇ ਸੁਭਾਵਿਕ ਰੂਪ ਦਰਸ਼ਨ ਹੋ ਜਾਂਦੇ ਹਨ । ਭਾਸ਼ਾ ਦੀ, ਅਸਲ ਵਿਚ, ਉਦੋਂ ਇਤਨੀ ਸੰਕੀਰਣਤਾ ਨਹੀਂ ਕਵੀਆਂ ਨੇ ਵਿਥ-ਵਿਤਕਰੇ ਦੀਆਂ ਹੱਦਾਂ ਤੋਂ ਉੱਚਾ ਉੱਠ ਕੇ ਇਹ ਰਚਨਾਵਾਂ ਸੰ ਕੀਤੀਆਂ ਹਨ ।

ਵਿਸ਼ੇ-ਵਸਤੂ

ਇਸ ਪੁਸਤਕ ਵਿਚ ਕਵੀ ਵੀਰ ਸਿੰਘ ਬਲ ਨੇ ਦਸ ਗੁਰੂ ਸਾਹਿਬਾਨ ਦੇ ਚਰਿ ਸੰਖਿਪਤ ਚਰਿਤ-ਸ਼ੈਲੀ ਵਿਚ ਲਘੂ ਪ੍ਰਬੰਧਾਂ ਦੇ ਜਾਂ ਖੰਡ-ਕਾਵਿ ਰੂਪ ਵਿਚ ਬਿਆਨ ਕ ਹੈ । ਇਨ੍ਹਾਂ ਚਰਿਤਾਂ ਵਿਚ ਸੰਬੰਧਿਤ ਗੁਰੂ ਸਾਹਿਬ ਦਾ ਸਮੁੱਚਾ ਜੀਵਨ ਚਿਤ੍ਰਿਆ ਮਿਲਦਾ, ਸਗੋਂ ਕਵੀ ਨੇ ਕੁਝ ਕੁ ਚੋਣਵੀਆਂ ਪਰ ਮਹੱਤਵਪੂਰਣ ਘਟਨਾਵਾਂ ਰਾਹੀਂ ਸਾਹਿਬ ਦੇ ਜੀਵਨ ਨੂੰ ਪੇਸ਼ ਕੀਤਾ ਹੈ । ਇਸ ਤਰ੍ਹਾਂ ਇਹ ਰਚਨਾ ਦਸ ਗੁਰੂ ਸਾਹਿਬਾ ਲਘੂ ਪ੍ਰਬੰਧਾਂ ਦਾ ਸੰਕਲਨ ਹੈ । ਇਸ ਨੂੰ ਸੰਖਿਪਤ ਜੀਵਨ-ਚਰਿਤ ਵੀ ਕਿਹਾ ਜਾ ਸ ਹੈ । ਕਵੀ ਨੇ ਇਸ ਰਚਨਾ ਨੂੰ ਦਸ ਚਰਿਤ੍ਰਾਂ ਕਰ ਕੇ ਦਸਾਂ ਹੁਲਾਸਾਂ ਵਿਚ ਵੰਡਿਆ 'ਹੁਲਾਸ', ਜੋ ਸੰਸਕ੍ਰਿਤ ਦੇ 'ਉੱਲਾਸ' ਸ਼ਬਦ ਦਾ ਤਦਭਵ ਰੂਪ ਹੈ, ਤੋਂ ਭਾਵ ਗੁਰੂ ਦੇ ਚਮਤਕਾਰੀ ਜੀਵਨ ਦਾ ਪਰਵ ਜਾਂ ਕਾਂਡ ਹੈ । ਕੁਲ 2191 ਪਦਾਂ ਦੇ ਇਨ੍ਹਾਂ ਹੁਲਾਸਾਂ ਦਾ ਵਿਵਰਣ ਹੇਠਾਂ ਦਿੱਤਾ ਗਿਆ ਹੈ । ਇਨ੍ਹਾਂ ਦੀ ਪਦ-ਸੰਖਿਆ ਇਕ

---

[1]ਰਤਨ ਸਿੰਘ ਜੱਗੀ (ਡਾ.)—'ਗੁਰ ਵਿਲਾਸੋਂ ਕੀ ਪੌਰਾਣਿਕ ਭਾਵਨਾ ਕਾ ਸਰੂਪ', "ਸਪਤ ਸਿੰਧੂ", 1963, ਪੰਨੇ 29-34

ਨਹੀਂ । ਛੇਵਾਂ ਹੁਲਾਸ ਜਿਸ ਦਾ ਸੰਬੰਧ ਛੇਵੇਂ ਗੁਰੂ ਸਾਹਿਬ ਨਾਲ ਹੈ, ਸਭ ਤੋਂ ਵੱਡਾ ਅਤੇ 593 ਪਦਾਂ ਦਾ ਹੈ ਅਤੇ ਦਸਵਾਂ ਹੁਲਾਸ ਕੇਵਲ 45 ਪਦਾਂ ਦਾ ਹੈ। ਇਸ ਦੇ ਛੋਟੇ ਹੋਣ ਦਾ ਕਾਰਣ ਇਹ ਹੈ ਕਿ ਕਵੀ ਨੇ ਦਸਵੇਂ ਗੁਰੂ ਸਾਹਿਬ ਦਾ ਚਰਿਤ ਸੁਤੰਤਰ ਤੌਰ ਤੇ 'ਸਿੰਘ ਸਾਗਰ' ਨਾਂ ਦੀ ਰਚਨਾ ਵਿਚ ਅੰਕਿਤ ਕੀਤਾ ਹੈ, ਜਿਸ ਬਾਰੇ ਸੰਖੇਪ ਪਰਿਚਯ ਪਿਛੇ ਦਿੱਤਾ ਜਾ ਚੁਕਿਆ ਹੈ ।

ਹੁਲਾਸ ਪਹਿਲਾ

ਇਸ ਵਿਚ ਗੁਰੂ ਨਾਨਕ ਦੇਵ ਜੀ ਦਾ ਚਰਿਤ੍ਰ 414 ਪਦਾਂ ਵਿਚ ਅੰਕਿਤ ਹੈ, ਜਿਸ ਦੀਆਂ ਮੁੱਖ ਘਟਨਾਵਾਂ ਇਸ ਪ੍ਰਕਾਰ ਹਨ—ਕਲਯੁਗ ਵਿਚ ਮੁਸਲਮਾਨਾਂ ਦਾ ਪ੍ਰਭਾਵ ਵਧਣਾ ਅਤੇ ਉਨ੍ਹਾਂ ਵਲੋਂ ਭਾਰਤ ਵਿਚ ਅਨੇਕ ਪ੍ਰਕਾਰ ਦੇ ਅਤਿਆਚਾਰ ਫੈਲਾਉਣਾ, ਦੁਖਾਂ ਦੇ ਭਾਰ ਨਾਲ ਪੀੜਿਤ ਹੋ ਕੇ ਧਰਤੀ ਦਾ ਬ੍ਰਹਮਾ ਪਾਸ ਜਾਣਾ, ਬ੍ਰਹਮਾ ਦਾ ਇੰਦਰ ਤੇ ਇੰਦਰ ਦਾ ਦੇਵੀ ਭਵਾਨੀ ਪਾਸ ਜਾਣਾ, ਅੰਤ ਵਿਚ ਬ੍ਰਹਮਾ, ਵਿਸ਼ਣੂੰ ਅਤੇ ਮਹੇਸ਼ ਦਾ ਨਿਰੰਕਾਰ ਨੂੰ ਧਰਤੀ ਦਾ ਭਾਰ ਹਰਨ ਲਈ ਪ੍ਰਾਰਥਨਾ ਕਰਨਾ ਅਤੇ ਨਿਰੰਕਾਰ ਦਾ ਕਾਲੂ ਦੇ ਘਰ ਨਾਨਕ ਰੂਪ ਵਿਚ ਅਵਤਾਰ ਧਾਰਨ ਦਾ ਵਚਨ ਦੇਣਾ, ਗੁਰੂ ਨਾਨਕ ਦੇ ਜਨਮ ਦੇ ਅਵਸਰ ਤੇ ਹਰ ਪਾਸੇ ਸੁਖਾਵੀਆਂ ਸਥਿਤੀਆਂ ਦਾ ਪਸਰ ਜਾਣਾ, ਬਾਬੇ ਕਾਲੂ ਦੇ ਘਰ ਗੁਰੂ ਨਾਨਕ ਦੇ ਅਵਤਾਰ ਧਾਰਨ ਦਾ ਕਾਰਣ ਉਸ ਦੁਆਰਾ ਪੂਰਬ ਜਨਮ ਵਿਚ ਅਦੁਤੀ ਤਪਸਿਆ ਕਰਨਾ ਦਸਿਆ ਗਿਆ ਹੈ :

ਸਾਲ ਅਨੇਕ ਕੀਓ ਤਪੁ ਜੋ ਨਭ ਆਇ ਨਿਰੰਞਨ ਏਹੁ ਅਲਾਈ ।
ਮੈਂ ਪਰਸਿੰਨ ਭਇਓ ਤੁਮ ਪੈ ਬਰ ਮਾਗਹੁ ਜੋ ਤੁਮਰੇ ਮਨ ਭਾਈ ।
... ...
ਹੋਇ ਤਬਾ ਨ੍ਰਿੰਕਾਰ ਕਹਿਯੋ ਬਰੁ ਮੈ ਤੁਮ ਪੈ ਇਹ ਸਾਚੁ ਪੁਕਾਰੀ ।
ਆਦਿ ਧਰੇ ਪਗ ਜੋ ਜਗ ਮੈਂ ਕਲੁ ਤੌ ਤੁਮਰੇ ਹਮ ਲੇਂਉ ਔਤਾਰੀ ।

ਗੁਰੂ ਨਾਨਕ ਦੇਵ ਦਾ ਰਾਇ ਭੋਇ ਭੱਟੀ ਦੀ ਤਲਵੰਡੀ ਵਿਚ ਜਨਮ ਲੈਣਾ, ਸੁਖਾਵਾਂ ਬਚਪਨ ਬਿਤਾਉਣਾ, ਚੌਦਵੇਂ ਵਰ੍ਹੇ ਵਿਚ ਵਿਆਹ ਹੋਣਾ, ਵਿਆਹ ਅਤੇ ਔਲਾਦ ਹੋਣ ਤੇ ਵੀ ਗੁਰੂ ਜੀ ਦਾ ਉਦਾਸ ਰਹਿਣਾ, ਤਪਸਿਆ ਕਰਨਾ, ਤੀਰਥਾਂ ਦੀ ਯਾਤਰਾ ਕਰਨਾ, ਕੁਰਖੇਤਰ, ਗੰਗਾ, ਪ੍ਰਾਗ, ਤ੍ਰਿਬੈਣੀ, ਗਯਾ, ਬੰਗਾਲ, ਉੜੀਸਾ ਆਦਿ ਥਾਂਵਾਂ ਤੇ ਜਾਣਾ, ਰਾਜਾ ਸੁਧਰਸੈਣ, ਸ਼ਿਵਨਾਭ ਨੂੰ ਗਿਆਨ ਦੇਣਾ, ਲੰਕਾ, ਰਮੇਸਰ, ਤਿਲਗੰਜੀ, ਦ੍ਵਾਰਾਵਤੀ, ਹਿੰਗੁਲਾਜ, ਇਲਾ ਬ੍ਰਿਤ, ਸੁਮੇਰ ਆਦਿ ਪ੍ਰਸਿੱਧ ਧਰਮ-ਧਾਮ ਤੇ ਜਾਣਾ, ਜੋਗੀਆਂ ਅਤੇ ਸਿੱਧਾਂ ਦੁਆਰਾ ਕਰਾਮਾਤਾਂ ਵਿਖਾਣਾ ਅਤੇ ਗੁਰੂ ਜੀ ਨਾਲ ਗੋਸ਼ਟਿ ਕਰਨਾ, ਮਦੀਨੇ ਦੀ ਸਾਖੀ ਵਿਚ ਕਾਰੂ ਬਾਦਸ਼ਾਹ ਨਾਲ ਚਰਚਾ ਕਰਨਾ, ਖਾਲਸਾ ਪੰਥ ਬਾਰੇ ਭਵਿਖ ਬਾਣੀ ਦੇ ਪ੍ਰਸੰਗ ਵਿਚ ਕਾਰੂ ਨੂੰ ਬਹਾਦਰ ਸ਼ਾਹ ਦੇ ਰੂਪ ਵਿਚ ਜਨਮ ਲੈਣ ਲਈ ਵਰਦਾਨ ਦੇਣਾ, ਫਿਰ ਕਰਤਾਰਪੁਰ ਆ ਕੇ ਗ੍ਰਿਹਸਥੀ ਬਸਤ੍ਰ ਧਾਰਨ ਕਰਨਾ, ਭਾਈ ਲਹਿਣੇ ਦੇ ਪ੍ਰਸੰਗ ਵਿਚ ਉਸ ਦੇ ਪਰਿਵਾਰਿਕ ਸੰਬੰਧ, ਦੇਵੀ ਪੂਜਾ ਅਤੇ ਗੁਰੂ ਜੀ ਪ੍ਰਤਿ ਸੇਵਾ ਭਾਵਨਾ ਦੇ ਪੱਖਾਂ ਉਤੇ ਪ੍ਰਕਾਸ਼ ਪਾਉਣਾ, ਗੁਰੂ ਸਾਹਿਬ ਦਾ ਭਾਈ ਲਹਿਣੇ ਨੂੰ ਗੁਰਿਆਈ ਬਖਸ਼ਣਾ, ਗੁਰੂ ਜੀ ਦਾ ਸਾਂਗ ਰਚਣਾ ਤੇ ਸਿਰੀ ਚੰਦ ਦਾ ਵਿਰਲਾਪ ਕਰਨਾ, ਪੁੱਤਰਾਂ ਨੂੰ ਧਨ ਤੇ

ਕਰਾਮਾਤਾਂ ਦੀ ਬਖਸ਼ਿਸ਼ ਕਰ ਕੇ ਸੰਮਤ 1596 ਵਿਚ ਜੋਤੀ ਜੋਤ ਸਮਾਉਣਾ, ਉਪਰ
ਗੁਰੂ ਸਾਹਿਬ ਦੀ ਕਥਾ ਪੜ੍ਹਨ ਦਾ ਮਹਾਤਮ ਦਸਣਾ।

ਦੂਜਾ ਹੁਲਾਸ

ਕੁਲ 125 ਪਦਾਂ ਦੇ ਇਸ ਹੁਲਾਸ ਵਿਚ ਗੁਰੂ ਅੰਗਦ ਦੇਵ ਦਾ ਚਰਿਤ੍ਰ ਵਰਣਿ
ਹੈ। ਗੁਰੂ ਜੀ ਖਡੂਰ ਨਿਵਾਸ ਕਰਦੇ ਹਨ। ਇਕ ਦਿਨ ਗੋਂਦਾ ਮਰਵਾਹਾ ਗੁਰੂ ਜੀ ਪ
ਆ ਕੇ ਕਹਿੰਦਾ ਹੈ ਕਿ ਉਸ ਦੀ ਜ਼ਮੀਨ ਬਿਆਸ ਨਦੀ ਕੋਲ ਹੈ ਪਰ ਉਸ ਉਤੇ ਭੂਤਾਂ ਪ੍ਰੇ
ਦਾ ਵਾਸਾ ਹੈ, ਜਿਸ ਕਰਕੇ ਲੋਕ ਡਰਦੇ ਉਥੇ ਵਾਸਾ ਨਹੀਂ ਕਰਦੇ। ਤਾਂ ਗੁਰੂ ਅੰਗਦ
ਕਹਿੰਦੇ ਹਨ ਕਿ ਉਹ ਅਮਰਦਾਸ ਜੀ ਨੂੰ ਆਪਣੇ ਨਾਲ ਲੈ ਜਾਵੇ। ਉਨ੍ਹਾਂ ਦੇ ਉਥੇ ਨਿਵ
ਨਾਲ ਭੂਤ ਪ੍ਰੇਤ ਸਭ ਚਲੇ ਜਾਣਗੇ। ਸੋ, ਗੁਰੂ ਅਮਰਦਾਸ ਜੀ ਦੇ ਆਗਮਨ ਕਰਕੇ ਭੂ
ਉਥੋਂ ਦੋ ਤਿੰਨ ਕੋਸ ਦੂਰ ਪਿੰਡ 'ਭੂਤ ਵਿੰਡ' ਰਹਿਣ ਲਗ ਪਏ ਅਤੇ ਗੁਰੂ ਅਮਰਦ
ਆਪਣੇ ਪਰਿਵਾਰ ਸਹਿਤ ਹਰਿ ਭਗਤੀ ਵਿਚ ਲੀਨ ਹੋ ਕੇ ਉਥੇ ਨਿਵਾਸ ਕਰਨ ਲਗ ਪਏ

ਖਡੂਰ ਵਿਖੇ ਇਕ ਜੋਗੀ ਨੇ ਪਾਖੰਡਾਂ ਤੇ ਮੰਤਰਾਂ ਨਾਲ ਲੋਕਾਂ ਨੂੰ ਆਪਣੇ ਜਾ
ਵਿਚ ਫਸਾਇਆ ਹੋਇਆ ਸੀ। ਜੋਗੀ ਦੇ ਕਹਿਣ ਤੇ ਲੋਕਾਂ ਨੇ ਬਾਰਸ਼ ਦੀ ਖਾਤਰ ਗੁ
ਅੰਗਦ ਜੀ ਕੋਲੋਂ ਖਡੂਰ ਛਡਾਇਆ। ਪਰ ਬਾਰਿਸ਼ ਨਾ ਹੋਈ। ਗੁਰੂ ਅਮਰਦਾਸ
ਹਕੀਕਤ ਪਤਾ ਲਗਣ ਤੇ ਉਨ੍ਹਾਂ ਲੋਕਾਂ ਪਾਸੋਂ ਤਪੇ ਨੂੰ ਪੈਰੀਂ ਰੱਸਾ ਪੁਆ ਕੇ ਘਸੀਟਵਾਇਆ
ਬਾਰਿਸ਼ ਹੋਈ ਪਰ ਤਪੇ ਦੀ ਮ੍ਰਿਤੂ ਹੋ ਗਈ। ਗੁਰੂ ਅੰਗਦ ਦਾ ਨਾਰਾਜ਼ ਹੋਣਾ ਤੇ ਗੁ
ਅਮਰਦਾਸ ਦਾ ਆਪਣੀ ਭੁਲ ਬਖਸ਼ਵਾਉਣਾ, ਗੁਰੂ ਸਾਹਿਬ ਦਾ ਅੰਗਦ ਦੇਵ ਜੀ ਲ
ਬਿਆਸ ਤੋਂ ਜਲ ਲਿਆਉਣਾ, ਜੁਲਾਹੀ ਦਾ ਅਮਰੂ ਨਿਥਾਵਾਂ ਕਹਿਣਾ, ਗੁਰੂ ਅੰਗ
ਸਾਹਿਬ ਦਾ ਘਟਨਾ ਤੋਂ ਜਾਣੂ ਹੋਣਾ, ਨਿਥਾਂਵਿਆਂ ਦੀ ਥਾਂ, ਨਿਮਾਣਿਆਂ ਦਾ ਮਾਣ ਆ
ਦੇ ਵਰ ਦੇਣਾ, ਤੇ ਗੁਰਗੱਦੀ ਸੌਂਪਣ ਉਪਰੰਤ ਸੰਮਤ 1609 (1552 ਈ.) ਵਿ
ਜੋਤੀ ਜੋਤ ਸਮਾਉਣਾ :

> ਸੋਲਾਂ ਸੈ ਨੌ ਬਰਸ ਚੌਥ ਚੇਤ ਸੁਦੀ ਪਾਇ।
> ਬਾਸ ਬੈਕੁੰਠ ਕੀਓ ਗੁਰ ਅੰਗਦ ਤੇਜ ਪ੍ਰਕਾਸ ਰਹਿਯੋ ਛਿਤ ਮਾਂਹੀ।੧੨੨।

ਆਖੀਰ ਵਿਚ ਕਥਾ ਪਾਠ ਦਾ ਮਹਾਤਮ ਦਸਿਆ ਗਿਆ ਹੈ।

ਤੀਜਾ ਹੁਲਾਸ

ਗੁਰੂ ਅਮਰਦਾਸ ਦੇ ਚਰਿਤ੍ਰ ਨਾਲ ਸੰਬੰਧਿਤ 163 ਪਦਾਂ ਦੇ ਇਸ ਹੁਲਾਸ ਵਿ
ਮੰਗਲਾਚਰਣ ਉਪਰੰਤ ਗੋਇੰਦਵਾਲ ਵਿਖੇ ਬਤੀਤ ਕੀਤੇ ਸਮੇਂ ਵਿਚ ਵਾਪਰੀਆਂ ਘਟਨਾਵਾਂ
ਜ਼ਿਕਰ ਮਿਲਦਾ ਹੈ। ਤੇਈਏ ਤਾਪ ਦੀ ਸਾਖੀ ਤੇ ਮਹਾਤਮ, ਬੁਰਜ ਬਣਾਉਣਾ, ਕਾਬਲ ਦੀ
ਕਥਾ, ਬਉਲੀ ਦੀ ਉਸਾਰੀ, ਮਾਣਕ ਚੰਦ ਨੂੰ ਵਰ, ਭਾਈ ਜੇਠਾ ਜੀ ਦਾ ਗੁਰੂ ਅਮਰਦਾ
ਨੂੰ ਮਿਲਣਾ, ਬੀਬੀ ਭਾਨੀ ਦਾ ਜੇਠੇ ਨਾਲ ਵਿਆਹ ਕਰਨਾ, ਜੇਠੇ ਦਾ ਗੋਇੰਦਵਾਲ ਗੁ
ਅਮਰਦਾਸ ਜੀ ਨਾਲ ਬਉਲੀ ਦੀਆਂ ਚੌਰਾਸੀ ਪੌੜੀਆਂ ਦੀ ਸੇਵਾ ਕਰਨਾ, ਗੁਰੂ ਸਾਹਿ
ਦਾ ਬੀਬੀ ਭਾਨੀ ਨੂੰ ਗੁਰਬਾਣੀ ਪੜ੍ਹਨ ਤੇ ਸੁਣਨ ਤੇ ਸੰਗਤਾਂ ਦੀ ਸੇਵਾ ਕਰਨ ਲਈ ਪ੍ਰੇਰ
ਦੇਣਾ, ਭਾਈ ਜੇਠੇ ਜੀ ਦੇ ਘਰ ਤਿੰਨ ਪੁੱਤਰਾਂ—ਪ੍ਰਿਥੀ ਚੰਦ, ਮਹਾਂ ਦੇਵ ਤੇ ਅਰਜਨ ਦੇ

ਦਾ ਅਵਤਾਰ ਧਾਰਨ ਕਰਨਾ, ਬਾਦਸ਼ਾਹ ਅਕਬਰ ਦਾ ਗੋਇੰਦਵਾਲ ਆਉਣਾ ਤੇ ਵੀਹ ਪਿੰਡਾਂ ਦੀ ਜਾਗੀਰ ਦੇਣੀ, ਬੀਬੀ ਭਾਨੀ ਨੂੰ ਗੁਰ-ਗੱਦੀ 'ਸਤ ਪੁਸ਼ਤਾਂ' ਤਕ ਸੋਢੀਆਂ ਦੇ ਘਰ ਰਹਿਣ ਦਾ ਵਰ ਪ੍ਰਾਪਤ ਹੋਣਾ, ਗੁਰੂ ਅਮਰਦਾਸ ਜੀ ਦਾ ਜੇਠੇ ਜੀ ਨੂੰ ਆਪਣੀ ਆਯੂ ਦੇ ਕੁਝ ਸਾਲ ਦੇਣੇ ਤੇ ਆਪਣ ਪਿੱਛੋਂ ਗੁਰ-ਗੱਦੀ ਦੀ ਸੌਂਪਣਾ ਕਰਨੀ। ਅੰਤ ਵਿਚ 1631 ਬਿ. (1574 ਈ.) ਵਿਚ ਜੋਤੀ ਜੋਤ ਸਮਾਉਣ ਦਾ ਜ਼ਿਕਰ ਹੈ।

ਚੌਥਾ ਹੁਲਾਸ

ਇਸ ਹੁਲਾਸ ਵਿਚ 153 ਪਦਾਂ ਅੰਦਰ ਗੁਰੂ ਰਾਮਦਾਸ ਦੇ ਚਰਿਤ੍ਰ ਦਾ ਵਰਣਨ ਹੈ ਜਿਸ ਦੀਆਂ ਪ੍ਰਮੁਖ ਘਟਨਾਵਾਂ ਇਸ ਪ੍ਰਕਾਰ ਹਨ—ਅੰਮ੍ਰਿਤਸਰ ਦੀ ਸਥਾਪਨਾ ਕਰਨਾ, ਰਾਮਦਾਸਪੁਰ ਕਈ ਸਾਲ ਬਤੀਤ ਕਰਨ ਉਪਰੰਤ ਲਾਹੌਰ ਜਾਣਾ, ਗੋਰਖ ਤੇ ਭਰਥਰੀ ਦੀ ਸਾਖੀ ਵਿਚ ਗੁਰੂ ਦੇ ਨਾਂ ਉਤੇ ਸਿੱਖ ਦੇ ਤਿਆਗ ਦੀ ਭਾਵਨਾ ਨੂੰ ਉਤਮ ਦਸਣਾ, ਹਰਦਮ ਰਾਮ ਨੂੰ ਵੇਸਵਾ 'ਗਨਕਾ' ਤੋਂ ਬਚਾਉਣਾ, ਭਾਈ ਸਾਲੋ ਦਾ ਗੁਰੂ ਰਾਮਦਾਸ ਜੀ ਨੂੰ ਮਿਲਣਾ ਤੇ ਵਰ ਪ੍ਰਾਪਤ ਕਰਨਾ, ਗੁਰੂ ਅਰਜਨ ਸਾਹਿਬ ਦਾ ਲਾਹੌਰ ਤੋਂ ਪ੍ਰਭੂ ਸਰੂਪ ਪਿਤਾ ਨੂੰ ਦਰਦ ਭਰੀਆ ਚਿੱਠੀਆਂ ਲਿਖਣਾ, ਗੁਰੂ ਰਾਮਦਾਸ ਜੀ ਦਾ ਉਨ੍ਹਾਂ ਨੂੰ ਲਾਹੌਰ ਤੋਂ ਅੰਮ੍ਰਿਤਸਰ ਬੁਲਾਉਣਾ, ਗੁਰਗੱਦੀ ਬਖਸ਼ਣਾ ਤੇ ਬਾਬਾ ਬੁੱਢਾ ਜੀ ਦਾ ਉਨ੍ਹਾਂ ਨੂੰ ਕੇਸਰ ਚੰਦਨ ਦਾ ਟਿੱਕਾ ਲਗਾਉਣਾ। ਅੰਤ ਵਿਚ ਗੁਰੂ ਰਾਮਦਾਸ ਜੀ ਦਾ ਸੰਮਤ 1658 (1601 ਈ.) ਵਿਚ ਜੋਤੀ ਜੋਤ ਸਮਾਉਣ ਦਾ ਉਲੇਖ ਮਿਲਦਾ ਹੈ, ਜਿਵੇਂ :

> ਖੋੜ ਸਸੈ ਨਵ ਤੀਸਵੈਂ ਸੰਬਤ
> ਭਾਦੋ ਸੁਦੀ ਮ੍ਰਿਤ ਤੀਜ ਕੋ ਪਾਈ। ੧੪੮।

ਅੰਤ ਵਿਚ ਗੁਰੂ ਸਾਹਿਬ ਦੀ ਕਥਾ ਦੇ ਪਾਠ ਦਾ ਮਹਾਤਮ ਦੱਸਿਆ ਹੈ।

ਪੰਜਵਾਂ ਹੁਲਾਸ

ਇਸ ਹੁਲਾਸ ਵਿਚ ਕੁਲ 353 ਪਦ ਹਨ। ਇਸ ਵਿਚ ਗੁਰੂ ਅਰਜਨ ਸਾਹਿਬ ਦਾ ਗੋਇੰਦਵਾਲ ਤੋਂ ਭੈਣੀ ਜਾਣਾ ਤੇ 'ਚੋਲਾ' ਅੰਗੀਕਾਰ ਕਰਨਾ, ਅੰਮ੍ਰਿਤਸਰ ਆਉਣਾ ਤੇ ਫਿਰ ਉਥੋਂ ਤਰਨ ਤਾਰਨ ਸਾਹਿਬ ਜਾਣਾ, ਉਥੇ ਸਰੋਵਰ ਦੀ ਸੇਵਾ ਕਰਾਉਣੀ, ਪ੍ਰਿਥੀ ਚੰਦ ਦਾ ਮਿਹਰਵਾਨ ਕੋਲ ਚੋਰ ਭੇਜ ਕੇ ਗੁਰੂ ਸਾਹਿਬ ਦੀ ਭੇਟਾ ਚੁਰਾਉਣੀ, ਮਾਤਾ ਗੰਗਾ ਜੀ ਦਾ ਬਾਬਾ ਬੁੱਢਾ ਜੀ ਕੋਲ ਪੁੱਤਰ ਦੀ ਦਾਤ ਦਾ ਵਰ ਪ੍ਰਾਪਤ ਕਰਨ ਜਾਣਾ, ਹਰਿਗੋਬਿੰਦ ਸਾਹਿਬ ਦਾ ਅਵਤਾਰ ਧਾਰਨਾ, ਵਡਾਲੀ ਤੋਂ ਰਾਮਦਾਸਪੁਰੇ ਆਉਣਾ, ਹਰਿਮੰਦਰ ਸਾਹਿਬ ਦੀ ਨੀਂਹ ਰਖਣਾ, ਪਿੱਛੋਂ ਸੰਤੋਖਸਰ, ਬਬੇਕਸਰ ਤੇ ਰਾਮਸਰ ਬਣਾਉਣੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਨਾ, ਪ੍ਰਿਥੀ ਚੰਦ ਦਾ ਗੁਰੂ ਹਰਿਗੋਬਿੰਦ ਸਾਹਿਬ ਉਤੇ ਵਾਰ ਕਰਾਉਣਾ, ਭਾਈ ਮੰਝ ਦਾ ਗੁਰੂ ਅਰਜਨ ਦੇਵ ਨੂੰ ਮਿਲਣਾ ਤੇ ਉਸ ਨੂੰ ਵਰ ਦੇਣਾ, ਕਰਤਾਰਪੁਰ ਵਸਾਉਣਾ, ਭਾਈ ਬੰਨੋ ਦਾ ਬੀੜ ਦਾ ਉਤਾਰਾ ਕਰਨਾ, ਗੁਰੂ ਸਾਹਿਬ ਦਾ ਚੰਦੂ ਦੀ ਪੁੱਤਰੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਜੀ ਲਈ ਅਸਵੀਕਾਰ ਕਰਨਾ, ਚੰਦੂ ਦਾ ਜਹਾਂਗੀਰ ਕੋਲ ਗੁਰੂ ਅਰਜਨ ਸਾਹਿਬ ਬਾਰੇ ਸ਼ਿਕਾਇਤ ਕਰਨਾ, ਗੁਰੂ ਜੀ ਦਾ ਤੱਤੀ ਤਵੀ ਉਪਰ ਬੈਠਣਾ, ਚੰਦੂ ਦੀ ਨੂੰਹ ਦਾ ਗੁਰੂ ਸਾਹਿਬ ਲਈ ਦੁੱਧ ਦਾ ਕਟੋਰਾ ਲੈ ਕੇ ਆਉਣਾ,

ਚੰਦੂ ਦਾ ਗੁਰੂ ਜੀ ਨੂੰ ਗਊ ਦੀ ਖੱਲ ਵਿਚ ਲਪੇਟਣ ਬਾਰੇ ਆਦੇਸ਼ ਦੇਣਾ, ਉਨ੍ਹਾਂ ਦਾ ਰਾਵੀ ਵਿਚ ਇਸ਼ਨਾਨ ਕਰਨ ਜਾਣਾ ਤੇ ਰਾਵੀ ਦੇ ਕਿਨਾਰੇ ਲਾਹੌਰ ਵਿਚ ਸੰਮਤ 1663 (1606 ਈ.) ਨੂੰ ਜੋਤੀ ਜੋਤ ਸਮਾਉਣਾ :

> ਖੋੜਸ ਸੈ ਸਠ ਤੀਸਰੇ ਸੰਬਤ ਜੇਠ ਸੁਦੀ ਚੌਥ ਰੋਜ ਜੁਮੇ ਕਾ
> ਸੁਕਰਵਾਰ ਸਵਾਰ ਭਏ ਗੁਰ ਐਰਾਵਤੀ ਨਦ ਨੀਰ ਬਬੇਕਾ । ੩੫੧ ।

ਕਥਾ ਨੂੰ ਤਨੋਂ ਮਨੋਂ ਪੜ੍ਹਨ ਦਾ ਮਹਾਤਮ ਵੀ ਅੰਕਿਤ ਹੈ ।

ਛੇਵਾਂ ਹੁਲਾਸ

ਮੰਗਲਾਚਰਣ ਉਪਰੰਤ ਗੁਰੂ ਹਰਿਗੋਬਿੰਦ ਜੀ ਦਾ ਅਕਾਲ ਤਖਤ ਦੀ ਸਥਾਪਨਾ ਕਰਨਾ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਦਾ ਧਾਰਨ ਕਰਨਾ, ਪੰਜ ਪੁੱਤਰਾਂ—ਧੀਰ ਮਲ, ਰਾਮ ਰਾਇ, ਅਣੀ ਰਾਇ, ਅਟਲ ਰਾਇ ਤੇ ਤੇਗ ਬਹਾਦਰ—ਨੂੰ ਤੀਰ ਕਮਾਨਾਂ ਤੇ ਤਲਵਾਰਾਂ ਚਲਾਉਣ ਦੀ ਸਿਖਿਆ ਦੇਣੀ, ਸੈਨਾ ਦਾ ਸੰਗਠਨ ਕਰਨਾ, ਗੁਰੂ ਜੀ ਦਾ ਜਹਾਂਗੀਰ ਦੇ ਸੱਦੇ ਤੇ ਦਿੱਲੀ ਜਾਣਾ, ਚੰਦੂ ਦਾ ਜੋਤਸ਼ੀ ਨੂੰ ਜਹਾਂਗੀਰ ਦੇ ਵਿਰੁੱਧ ਸਿਖਾਉਣਾ, ਦਰੋਗੇ ਦਾ ਚੰਦੂ ਵਲੋਂ ਦਿੱਤੇ ਸੌ ਦੀਨਾਰਾਂ ਦੇ ਲਾਲਚ ਸਦਕਾ ਗੁਰੂ ਸਾਹਿਬ, ਭਾਈ ਜੇਠਾ ਤੇ ਬਿੱਧੀ ਚੰਦ ਨੂੰ 'ਸਲੇਮ ਗੜ੍ਹ' ਕਿਲ੍ਹੇ ਵਿਚ ਕੈਦ ਕਰਨਾ, ਸਿੰਘਾਂ ਦਾ ਸ਼ੇਰ ਦਾ ਰੂਪ ਧਾਰਨ ਕਰ ਕੇ ਜਹਾਂਗੀਰ ਨੂੰ ਸੁਪਨੇ ਵਿਚ ਡਰਾਉਣਾ, ਗੁਰੂ ਜੀ ਦਾ ਜਹਾਂਗੀਰ ਦੀ ਕੈਦ ਵਿਚੋਂ ਸਾਰੇ ਕੈਦੀਆਂ ਨੂੰ ਛੁਡਾਉਣਾ, ਜਹਾਂਗੀਰ ਦਾ ਭੁੱਲ ਬਖਸ਼ਵਾਉਣਾ ਤੇ ਗੁਰੂ ਅਰਜਨ ਦੇਵ ਜੀ ਦੀ ਨਿਸ਼ਾਨੀ ਮਾਲਾ ਮੰਗਣੀ, ਹਰਿਗੋਬਿੰਦ ਪੁਰਾ ਵਸਾਉਣਾ, ਸ਼ਿਕਾਰ ਦਾ ਸ਼ੌਕ, ਗੁਰੂ ਜੀ ਦਾ ਡਰੋਲੀ ਤੇ ਕਾਂਗੜੇ ਜਾਣਾ, ਬਿੱਧੀ ਚੰਦ ਦਾ ਗੁਲਬਾਗ ਤੇ ਦਿਲਬਾਗ ਘੋੜਿਆਂ ਨੂੰ ਛੁਡਾ ਕੇ ਲਿਆਉਣਾ, ਭਾਈ ਬਹਿਲੋ ਦਾ ਗੁਰੂ ਸਾਹਿਬ ਨੂੰ ਮਿਲਣਾ, ਚੰਦੂ ਨੂੰ ਸੰਗਲ ਪਾ ਕੇ ਥੰਮ ਨਾਲ ਬੰਨ੍ਹਣਾ ਤੇ ਪੰਜ ਜੁੱਤੀਆਂ ਮਾਰਨ ਦਾ ਆਦੇਸ਼ ਸੰਗਤਾਂ ਨੂੰ ਦੇਣਾ, ਬੀਬੀ ਕੌਲਾਂ ਦਾ ਗੁਰੂ ਜੀ ਦੀ ਸ਼ਰਣ ਵਿਚ ਆਉਣਾ, ਕੀਰਤਪੁਰ ਆਉਣਾ, ਬਾਬਾ ਗੁਰਦਿੱਤਾ ਜੀ ਦੀ ਮ੍ਰਿਤੂ 'ਤੇ ਉਨ੍ਹਾਂ ਦਾ ਦੇਹੁਰਾ ਬਣਾਉਣਾ, ਬਿੱਧੀ ਚੰਦ ਦਾ ਸ਼ਾਹ ਜਹਾਨ ਦੇ ਅਸਤਬਲ ਵਿਚੋਂ ਦਿਲਬਾਗ ਤੇ ਗੁਲਬਾਗ ਘੋੜਿਆਂ ਨੂੰ ਚੁਰਾ ਕੇ ਲਿਆਉਣਾ. ਪੈਂਡੇ ਖਾਨ ਦਾ ਗੁਰੂ ਜੀ ਅੱਗੇ ਝੂਠ ਬੋਲਣਾ ਤੇ ਉਸ ਦੀ ਮੌਤ, ਮੁਗਲਾਂ ਦਾ ਗੁਰੂ ਸਾਹਿਬ ਨਾਲ ਲੜਨਾ, ਗੁਰੂ ਹਰਿ ਰਾਇ ਜੀ ਨੂੰ ਗੁਰਗੱਦੀ ਸੌਂਪਣਾ ਅਤੇ ਜੋਤੀ ਜੋਤ ਸਮਾਉਣਾ । ਇਸ ਕਥਾ ਦੇ ਪੜ੍ਹਨ ਦਾ ਮਹਾਤਮ ਦੁੱਖਾਂ ਤੋਂ ਨਿਵ੍ਰਿੱਤੀ ਪ੍ਰਾਪਤ ਕਰਨਾ ਹੈ ।

ਸੱਤਵਾਂ ਹੁਲਾਸ

ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰੂ ਹਰ ਰਾਇ ਤੋਂ ਭਿੰਨ ਚਾਰ ਪੁੱਤਰ—ਅਟਲ ਰਾਇ, ਸੂਰਤ ਸਿੰਘ, ਅਣੀ ਰਾਇ ਤੇ ਤੇਗ ਬਹਾਦਰ—ਦੱਸੇ ਹਨ । ਧੀਰ ਮਲ ਦਾ ਈਰਖਾ ਕਰਨਾ ਤੇ ਗੁਰੂ ਤੇਗ ਬਹਾਦਰ ਦਾ ਬਾਬੇ ਬਕਾਲੇ ਆਉਣਾ, ਗੁਰੂ ਹਰਿ ਰਾਇ ਜੀ ਦੇ ਅੱਠ ਮਹਲਾਂ ਦਾ ਜ਼ਿਕਰ ਕਰਨਾ, ਮਾਤਾ ਕਲਿਆਣੀ ਦੇ ਉਦਰ ਤੋਂ ਰਾਮ ਰਾਇ ਤੇ ਮਾਤਾ ਕ੍ਰਿਸ਼ਨ ਕੌਰ ਤੋਂ ਹਰਿ ਕ੍ਰਿਸ਼ਨ ਜੀ ਦਾ ਜਨਮ ਹੋਣਾ, ਮਾਲਵਾ ਰਟਨ ਦੌਰਾਨ ਲੱਖੀ ਜੰਗਲ ਜਾਣਾ ਤੇ ਭਾਈ ਭਗਤੂ ਦਾ ਗੁਰੂ ਸਾਹਿਬ ਦੀ ਚਰਣੀ ਲਗਣਾ । 'ਫੂਲ ਤੇ ਸੰਦਲੀ' ਨੂੰ ਵਰ ਦੇਣਾ,

'ਮੀਂਵੇਂ' ਦੀ ਮੰਤ੍ਰੀ' ਖੂਹ ਲਗਵਾਉਣ ਉਪਰੰਤ ਕਰਤਾਰਪੁਰ ਆਉਣਾ, ਔਰੰਗਜ਼ੇਬ ਦੀ ਗੁਰੂ ਸਾਹਿਬ ਨੂੰ ਮਿਲਣ ਦੀ ਆਜਜ਼ੀ ਸਦਕਾ ਉਨ੍ਹਾਂ ਦਾ ਰਾਮ ਰਾਇ ਨੂੰ ਦਿੱਲੀ ਭੇਜਣਾ ਤੇ ਵਰ ਦੇਣਾ—"ਜੋ ਤੂੰ ਕਹੇਂ ਹੋਇ ਹੈ ਸੋਈ। ਤੇਰਾ ਵਾਕ ਨਾ ਫੇਰੈ ਕੋਈ।" ਗੁਰੂ ਸਾਹਿਬ ਦਾ ਦੁਆਬੇ ਦੀਆਂ ਸੰਗਤਾਂ ਨੂੰ ਤਾਰਨਾ, ਸਿੱਖਾਂ ਦਾ ਗੁਰੂ ਹਰਿ ਰਾਇ ਜੀ ਨੂੰ ਰਾਮਰਾਇ ਦੇ ਗੁਰਬਾਣੀ ਦੇ ਸ਼ਬਦ ਨੂੰ ਉਲਟਾਉਣ ਬਾਰੇ ਦੱਸਣਾ, ਗੁਰੂ ਸਾਹਿਬ ਦਾ ਰਾਮ ਰਾਇ ਨੂੰ ਮੱਥੇ ਨਾ ਲਾਉਣਾ ਤੇ ਉਸ ਦਾ ਦਿੱਲੀ ਤੋਂ ਦੂਰ ਚਲੇ ਜਾਣਾ, ਗੁਰੂ ਹਰਿ ਕ੍ਰਿਸ਼ਨ ਨੂੰ ਗੁਰਗੱਦੀ ਬਖ਼ਸ਼ਣੀ। 23 ਸਾਲ 6 ਮਹੀਨੇ ਤੇ 14 ਦਿਨ ਦੀ ਗੁਰਤਾ ਕਰ ਕੇ ਕਤਕ ਸੁਦੀ ਨੌਮੀ, ਦਿਨ ਐਤਵਾਰ ਛੇ ਘੜੀਆਂ ਰਹਿੰਦੇ ਨੂੰ ਜੋਤੀ ਜੋਤ ਸਮਾਉਣਾ :

ਨੌਮੀ ਕਤਕ ਸੁਦੀ ਬੀਚਾਰ।
ਛਿਅ ਘੜੀਆ ਰਹਿਦੇ ਰਵ ਵਾਰ।
ਸੱਤ ਸ੍ਰੀ ਕਰਤਾਰ ਅਲਾਇ।
ਹਰਿ ਸੰਗ ਮਿਲੇ ਸਿਰੀ ਹਰਿ ਰਾਇ। ੨੦।

ਇਸ ਕਥਾ ਦੇ ਪੜ੍ਹਨ ਸੁਣਨ ਦਾ ਮਹਾਤਮ ਅੰਤ ਵਿਚ ਦੱਸਿਆ ਹੈ।

ਅੱਠਵਾਂ ਹੁਲਾਸ

ਸਭ ਤੋਂ ਪਹਿਲਾਂ ਕਵੀ ਗੁਰੂ ਸਰੂਪ ਦੀ ਉਸਤਤ ਕਰਦਾ ਹੈ। ਉਪਰੰਤ ਰਾਮ ਰਾਇ ਦਾ ਗੁਰੂ ਹਰਿਕ੍ਰਿਸ਼ਨ ਜੀ ਨਾਲ ਈਰਖਾ ਕਰਨਾ ਤੇ ਔਰੰਗਜ਼ੇਬ ਪਾਸ ਜਾਣਾ, ਔਰੰਗਜ਼ੇਬ ਦੇ ਪੁੱਛਣ ਤੇ ਰਾਮ ਰਾਇ ਦਾ ਗੁਰੂ ਹਰਿਕ੍ਰਿਸ਼ਨ ਜੀ ਬਾਰੇ ਤਾਰੀਫ਼ਾਂ ਦੇ ਪੁੱਲ ਬੰਨ੍ਹਣੇ ਤੇ ਰਿੱਧੀਆਂ ਸਿੱਧੀਆਂ ਦਾ ਮਾਲਕ ਦਸਣਾ, ਔਰੰਗਜ਼ੇਬ ਦਾ ਬੜੇ ਆਦਰ ਸਹਿਤ ਗੁਰੂ ਜੀ ਨੂੰ ਦਿੱਲੀ ਬੁਲਾਉਣਾ, ਗੁਰੂ ਸਾਹਿਬ ਦਾ ਤੁਰਕਾਂ ਨੂੰ ਮਿਲਣ ਤੋਂ ਇਨਕਾਰ ਕਰਨਾ ਪਰ ਸੰਗਤਾਂ ਦਾ ਹੁਕਮ ਮੰਨਦੇ ਹੋਏ ਦਿੱਲੀ ਨੂੰ ਰਵਾਨਾ ਹੋਣਾ, ਰਸਤੇ ਵਿਚ 'ਪੰਜੋਖਰੇ' ਠਹਿਰ ਕੇ ਰਾਜੇ ਬਿਸ਼ਨ ਸਿੰਘ ਤੇ ਉਸਦੀ ਪਤਨੀ ਨੂੰ ਨਿਹਾਲ ਕਰਨਾ, ਰਾਮ ਰਾਇ ਦਾ ਗੁਰੂ ਹਰਿਕ੍ਰਿਸ਼ਨ ਨੂੰ ਮਿਲਣ ਲਈ ਉਤਾਵਲਾ ਹੋਣਾ ਪਰ ਉਨ੍ਹਾਂ ਦਾ ਤੁਰਕਾਂ ਨੂੰ ਮਿਲਣ ਤੋਂ ਇਨਕਾਰ ਕਰ ਦੇਣਾ, ਦਿੱਲੀ ਵਿਚ ਹੀ ਸੀਤਲਾ (ਚੇਚਕ) ਦੀ ਭਿਆਨਕ ਬਿਮਾਰੀ ਨਾਲ ਗ੍ਰਸੇ ਜਾਣਾ ਤੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਬਾਰੇ ਸੰਗਤਾਂ ਨੂੰ ਬਾਬੇ ਬਕਾਲੇ ਦੀ ਸੂਚਨਾ ਦੇਣਾ :

ਸੋਢੀ ਬੰਸ ਬਿਖੈ ਕਹੁ ਕਾਂ ਕੈ।
ਸੰਗਤ ਧਰੈ ਸੀਸੁ ਪਗ ਜਾਂ ਕੈ।
ਤਬ ਗੁਰ ਬਾਬਾ ਕਹਿਯੋ ਬਕਾਲੇ।
ਜਿਹਿ ਪਦ ਛੁਵੈ ਸਿਖ ਹੋਂਹਿ ਸੁਖਾਲੇ। ੬੪।

ਕਵੀ ਬਲ ਅਨੁਸਾਰ ਗੁਰੂ ਜੀ ਨੇ ਦੋ ਸਾਲ, ਪੰਜ ਮਹੀਨੇ ਤੇ 19 ਦਿਨ ਗੁਰਤਾ ਕੀਤੀ ਤੇ ਸੰਮਤ 1732 ਨੂੰ ਜੋਤੀ ਜੋਤ ਸਮਾਏ :

ਚੇਤ ਸੁਦੀ ਚੌਦਸ ਤਿਥ ਪਾਈ।
ਬੁੱਧਵਾਰ ਰਜਨੀ ਸੁਖ ਦਾਈ।

ਦੋਇ ਪਹਿਰ ਦੁਇ ਘਟੀ ਬੀਤਾਇ ।
ਮਿਲੀ ਜੋਤ ਜੋਤ ਸੰਗ ਜਾਇ ।
ਸੰਬਤ ਸੱਤ੍ਰਹਿੰ ਸਹਸ਼ ਬਤੀਸੈ ।
ਪੁਰ ਦਲੀਪ ਸ੍ਰੀ ਗੁਰ ਜਗਦੀਸੈ । ੬੬-੬੭ ।

ਇਸ ਕਥਾ ਦੇ ਸੁਣਨ-ਸੁਣਾਉਣ ਨਾਲ ਮੁਕਤੀ ਪ੍ਰਾਪਤ ਹੋਵੇਗੀ, ਦਾ ਮਹਾਤਮ ਦੱਸਿਆ ਗਿਆ ਹੈ ।

ਨੌਵਾਂ ਹੁਲਾਸ

ਇਸ ਹੁਲਾਸ ਅਨੁਸਾਰ ਬਾਬੇ ਬਕਾਲੇ ਵਿਚ ਮਸੰਦਾਂ ਦਾ ਬਾਈ, ਮੰਜੀਆਂ ਧਾਰਨ ਕਰਨਾ, ਧੀਰ ਮਲ ਦਾ 'ਆਦਿ ਗ੍ਰੰਥ' ਦੀ ਬੀੜ ਲੈ ਕੇ ਬਾਬੇ ਬਕਾਲੇ ਆਉਣਾ, ਮੱਖਣ ਸ਼ਾਹ ਲੁਭਾਣੇ (ਲਬਾਣੇ) ਦਾ ਗੁਰੂ ਤੇਗ ਬਹਾਦਰ ਜੀ ਨੂੰ ਲੱਭਣਾ ਤੇ ਸੰਗਤਾਂ ਦਾ ਗੁਰੂ ਦਰਸ਼ਨ ਲਈ ਉਮੱਡਣਾ, ਧੀਰ ਮਲ ਦਾ ਈਰਖਾ-ਵਸ ਗੁਰੂ ਸਾਹਿਬ ਉਤੇ ਵਾਰ ਕਰਨਾ, ਧੀਰ ਮਲ ਦਾ ਧੰਨ ਲੁੱਟਣਾ ਤੇ ਗੁਰੂ ਤੇਗ ਬਹਾਦਰ ਜੀ ਦਾ ਵਾਪਸ ਭੇਜਣਾ, ਧੀਰ ਮਲ ਦੇ ਦਰਿਆ ਬਿਆਸ ਵਿਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਢਵਾ ਕੇ ਲੈ ਜਾਣਾ, ਗੁਰੂ ਸਾਹਿਬ ਦਾ ਮਾਝਾ, ਮਾਲਵਾ ਰਟਨ ਕਰਨਾ, ਸਭ ਤੋਂ ਪਹਿਲਾਂ ਅੰਮ੍ਰਿਤਸਰ ਪਹੁੰਚਣਾ ਤੇ ਮਹੰਤਾਂ ਦਾ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਬੰਦ ਕਰਨਾ, ਫਿਰ ਮਾਖੋਵਾਲ, ਦੂਨ, ਨਨਹੇੜੀ, ਸੈਫ਼ਾਬਾਦ, ਸਮਾਣਾ ਅਤੇ ਮੂਲੋਵਾਲ ਜਾਣਾ, ਅਗੋਂ ਮਾਲਵੇ, ਮਵੜ ਕੋਟਲੀ, ਤਲਵੰਡੀ ਸਾਬੋ ਠਹਿਰਨਾ ਬਾਰ੍ਹਾਂ ਵਰ੍ਹਿਆਂ ਬਾਦ ਵਾਪਸ ਪਰਤਣਾ :

ਬਹੁਰੋ ਵਰੀ ਚਰਨ ਗੁਰ ਧਾਰੇ ।
ਆਸ ਪਾਸ ਪੁਰ ਅਨਕ ਨਿਹਾਰੇ । ੩੯ ।

ਫਿਰ ਭਿੱਖੀ ਜਾਣਾ, ਲੇਲ ਬੱਲਰੀ, ਧਮਧਾਂਣ, ਕੁਰਖੇਤਰ, ਗੰਗਾ, ਤ੍ਰਿਬੈਣੀ ਤੋਂ ਹੁੰਦੇ ਹੋਏ ਪਟਨੇ ਪਹੁੰਚਣਾ, ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਧਾਰਨਾ, ਪੰਜ ਸਾਲ ਪਟਨੇ ਠਹਿਰਣ ਉਪਰੰਤ ਲਖਣੌਰ ਤੇ ਬਾਦ ਵਿਚ ਮਾਖੋਵਾਲ ਆਉਣਾ, ਆਨੰਦਪੁਰ ਦੀ ਸਿਫਤ ਸੁਣ ਕੇ ਗੁਰੂ ਗੋਬਿੰਦ ਸਿੰਘ ਦਾ ਪਟਨੇ ਤੋਂ ਚਲ ਕੇ ਲਖਣੌਰ ਤੇ ਦੂਨ ਤੋਂ ਹੁੰਦੇ ਹੋਏ ਮਾਖੋਵਾਲ (ਆਨੰਦਪੁਰ) ਪਹੁੰਚਣਾ, ਗੁਰੂ ਤੇਗ ਬਹਾਦਰ ਜੀ ਦਾ ਬਾਂਗਰ ਦੇਸ਼, ਖਟਕੜੀਂ, ਜੀਂਦ ਤੇ ਪੁਰਦਲੀਪ (ਦਿੱਲੀ) ਪਹੁੰਚਣਾ । ਇਥੇ ਹੀ ਔਰੰਗਜ਼ੇਬ ਦਾ ਗੁਰੂ ਸਾਹਿਬ ਨੂੰ ਸ਼ਹੀਦ ਕਰਨਾ ਲਿਖਿਆ ਹੈ । ਕਵੀ ਨੇ ਕਥਾ ਪ੍ਰੇਮੀਆਂ ਨੂੰ ਨੌਂ ਨਿੱਧੀਆਂ ਤੇ ਬਾਰ੍ਹਾਂ ਸਿੱਧੀਆਂ ਦਾ ਵਰਦਾਨ ਪ੍ਰਾਪਤ ਹੋਣ ਦਾ ਮਹਾਤਮ ਦੱਸਿਆ ਹੈ ।

ਦਸਵਾਂ ਹੁਲਾਸ

ਗੁਰੂ ਗੋਬਿੰਦ ਸਿੰਘ ਜੀ ਦਾ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਦੀਵਾਨ ਲਗਵਾਉਣਾ, ਉਪਰੰਤ ਰਾਜ ਤਿਲਕ ਦੀ ਰਸਮ ਅਦਾ ਕਰ ਕੇ ਗੁਰ ਗੱਦੀ ਸੰਭਾਲਣਾ, ਭੀਮ ਚੰਦ ਰਾਜੇ ਦੇ ਈਰਖਾ ਕਰਨ ਤੇ ਗੁਰੂ ਜੀ ਦਾ 'ਪਾਂਵਟੇ' ਜਾਣਾ ਤੇ ਬਾਈਧਾਰ ਦੇ ਰਾਜਿਆਂ ਨਾਲ ਜੰਗ ਕਰਨਾ, ਭੰਗਾਣੀ ਦੇ ਯੁੱਧ ਵਿਚ ਪਹਾੜੀ ਰਾਜਿਆਂ ਨੂੰ ਕਰਾਰੀ ਹਾਰ ਦੇਣਾ, ਉਥੋਂ ਆਨੰਦਪੁਰ ਵਾਪਸ ਆਉਣਾ, ਚਾਰ ਸਾਹਿਬਜ਼ਾਦਿਆਂ—ਅਜੀਤ ਸਿੰਘ, ਜੁਝਾਰ ਸਿੰਘ,

ਜ਼ੋਰਾਵਰ ਸਿੰਘ ਤੇ ਫਤਹਿ ਸਿੰਘ - ਦਾ ਜਨਮ ਹੋਣਾ, ਖਾਲਸਾ ਪੰਥ ਦੀ ਸਥਾਪਨਾ ਕਰ ਕੇ 'ਖਾਲਸਾ ਗੁਰੂ ਹੈ ਤੇ ਗੁਰੂ ਖਾਲਸਾ ਹੈ' ਦਾ ਵਰ ਦੇਣਾ, ਦਮਦਮਾ ਸਾਹਿਬ ਸਾਜਣਾ ਤੇ ਕੀਰਤਨ ਦਾ ਪ੍ਰਵਾਹ ਚਲਣਾ। 'ਸਰਬ ਇੱਛਾ ਪੂਰੀਆਂ ਹੋਣਗੀਆਂ' ਦਾ ਮਹਾਤਮ ਦੱਸ ਕੇ ਗ੍ਰੰਥ ਸੰਪੂਰਣ ਕਰਨ ਦਾ ਸਥਾਨ ਪਟਿਆਲਾ ਦਸਿਆ ਹੈ।

ਵਸਤੂ ਦੇ ਆਧਾਰ-ਸਰੋਤ

ਇਸ ਰਚਨਾ ਤੋਂ ਪਹਿਲਾਂ ਗੁਰੂ ਨਾਨਕ ਦੇਵ ਸੰਬੰਧੀ ਚਾਰ ਪ੍ਰਮੁਖ ਜਨਮਸਾਖੀ ਪਰੰਪਰਾਵਾਂ—ਪੁਰਾਤਨ ਜਨਮਸਾਖੀ, ਮਿਹਰਬਾਨ ਜਨਮਸਾਖੀ, ਬਾਲਾ ਜਨਮਸਾਖੀ ਅਤੇ ਮਨੀ ਸਿੰਘ ਜਨਮਸਾਖੀ—ਮੌਜੂਦ ਸਨ। ਭਾਈ ਗੁਰਦਾਸ ਦੀ ਪਹਿਲੀ ਵਾਰ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਚਰਿਤ੍ਰ ਪ੍ਰਸਤੁਤ ਕਰਨ ਵਾਲੀ ਕਾਵਿ ਜਨਮਸਾਖੀ ਵਜੋਂ ਹੀ ਸਿੱਖ ਜਗਤ ਵਿਚ ਪ੍ਰਸਿੱਧ ਹੈ ਅਤੇ ਇਸ ਦਾ ਨਾਮਾਂਤਰ 'ਗਿਆਨ ਰਤਨਾਵਲੀ' ਹੈ। ਗੁਰੂ ਨਾਨਕ ਜੀ ਸੰਬੰਧੀ ਕੁਝ ਗੋਸ਼ਟਾਂ ਵੀ ਉਪਲਬਧ ਸਨ। ਕਵੀ ਨੇ ਉਕਤ ਸਰੋਤਾਂ ਵਿਚੋਂ ਅਧਿਕਤਰ ਭਾਈ ਬਾਲੇ ਵਾਲੀ ਜਨਮਸਾਖੀ ਤੋਂ ਲਾਭ ਉਠਾਇਆ ਹੈ। ਕਥਾ-ਪ੍ਰਸੰਗਾਂ ਦੀ ਨੁਹਾਰ, ਯਾਤਰਾ-ਪ੍ਰਦੇਸ਼ਾਂ ਦੇ ਨਾਂ, ਸੁਰਤਿ-ਉਡਾਰੀ ਆਦਿ ਵਿਸ਼ਿਸ਼ਟਤਾਵਾਂ ਬਾਲੇ ਵਾਲੀ ਜਨਮਸਾਖੀ ਦੇ ਪ੍ਰਭਾਵ ਦੇ ਫਲਸਰੂਪ ਹਨ, ਭਾਈ ਗੁਰਦਾਸ ਦੀ ਵਾਰ ਦਾ ਉਚੇਚਾ ਪ੍ਰਭਾਵ ਬਗਦਾਦ ਦੀ ਫੇਰੀ ਅਤੇ ਅਚਲ ਵਟਾਲੇ ਵਿਚ ਹੋਈ ਸਿੱਧਾਂ ਨਾਲ ਗੋਸ਼ਟਿ ਵਿਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਨਮੂਨੇ ਵਜੋਂ ਬਗਦਾਦ ਦੇ ਪੀਰ ਦਸਤਗੀਰ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਪੁੱਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ।
ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ।
ਪਾਤਾਲਾਂ ਆਕਾਸ ਲਖ ਓੜਕ ਭਾਲੀ ਖਬਰ ਸੁਣਾਈ।
ਫੇਰ ਦੁਰਾਇਣ ਦਸਤਗੀਰ ਅਸੀ ਭਿ ਵੇਖਾਂ ਜੋ ਤੁਹਿ ਪਾਈ।
ਨਾਲ ਲੀਤਾ ਬੇਟਾ ਪੀਰ ਦਾ ਅਖੀ ਮੀਟ ਗਿਆ ਹਾਵਾਈ।
ਲਖ ਅਕਾਸ ਪਾਤਾਲ ਲਖ ਅਖ ਫੁਰਕ ਵਿਚ ਸਭ ਦਿਖਲਾਈ।
ਭਰ ਕਚਕੋਲ ਪ੍ਰਸਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ। ੩੬।

ਭਾਈ ਗੁਰਦਾਸ ਦੇ ਉਕਤ ਕਥਨ ਦੀ ਪ੍ਰਤਿਛਾਇਆ ਇਸ ਰਚਨਾ ਦੇ ਪ੍ਰਥਮ ਹੁਲਾਸ ਦੇ ਹੇਠਾਂ ਲਿਖੇ ਕਾਵਿ ਅੰਸ਼ ਵਿਚੋਂ ਵੇਖੀ ਜਾ ਸਕਦੀ ਹੈ :

ਬੈਠ ਪੀਰ ਬਹੁ ਚਰਚਾ ਕੀਨੀ। ਉਤ੍ਰ ਪ੍ਰਸ਼ਨ ਸਹਿਤ ਰਸ ਭੀਨੀ।
ਦਸਤਗੀਰ ਫਿਰ ਐਸੇ ਕਹਿਯੋ। ਸ੍ਰੀ ਨਾਨਕ ਇਕੁ ਸੰਸਾ ਰਹਿਯੋ। ੧੭੯।
ਤੁਮ ਪਤਾਲ ਲਖ ਗੈਨ ਜੁ ਕਹੇ। ਮੇਰੇ ਮਨ ਏਹੁ ਸੰਸਾ ਰਹੇ।
ਕਰ ਕ੍ਰਿਪਾ ਮਨ ਭ੍ਰਮ ਮਿਟਾਵਹੁ। ਅਨਗਲ ਗੈਨ ਪਤਾਲ ਦਿਖਾਵਹੁ। ੧੮੦।
ਤਬ ਗੁਰ ਨਾਨਕ ਵਾਕ ਉਚਾਰੇ। ਚਲੋ ਪੀਰ ਤੁਮ ਸਾਥ ਹਮਾਰੇ।
ਦਸਤਗੀਰ ਨਿਜ ਨੰਦੁ ਬੁਲਾਇਯੋ। ਸ੍ਰੀ ਗੁਰ ਨਾਨਕ ਸੰਗ ਪਠਾਇਯੋ। ੧੮੧।

ਸੂਤ ਕਰ ਲੈ ਉਡਿਯੋ ਤਤਕਾਲਾ । ਦਿਖਰਾਏ ਲਖ ਗੈਨ ਪਾਤਾਲਾ ।...
ਗਇਯੋ ਪਤਾਲ ਸ੍ਰੀ ਗੁਰੂ ਜਬ ਹੀ । ਕੀਯੋ ਕੜਾਹੁ ਸੇਵਕਾਂ ਤਬ ਹੀ ।
ਪੰਜਾ ਆਪ ਸ੍ਰੀ ਗੁਰ ਲਾਇਯੋ । ਸਭੁ ਕੜਾਹੁ ਤਬ ਹੀ ਵਰਤਾਇਯੋ । ੧੯੪ ।
ਦਸਤਗੀਰ ਸੁਤ ਕੁਣਕਾ ਲੀਨੋ । ਗਹਿ ਰਾਖਿਯੋ ਨਿਜ ਹਾਥ ਪ੍ਰਬੀਨੋ ।
ਤਾਂ ਤੇ ਸ੍ਰਿਰੀ ਗੁਰ ਲਈ ਉਡਾਰੀ । ਚੜ੍ਹਿ ਆਏ ਸੂਤ ਕੀ ਅਸਵਾਰੀ । ੧੯੫ ।

ਇਸੇ ਤਰ੍ਹਾਂ 'ਹਾਜ਼ਰਨਾਮਾ' ਦਾ ਵੀ ਖੁਲ੍ਹਾ ਅਨੁਵਾਦ ਇਸ ਰਚਨਾ ਵਿਚ ਵੇਖਿਆ ਜਾ ਸਕਦਾ ਹੈ ।

ਹਾਜ਼ਰਨਾਮਾ

ਹਾਜਰਾ ਕੂ ਮਿਹਰ ਹੈ । ਬੇ ਹਾਜਰਾ ਕਉ ਬੇ ਮਿਹਰ ਹੈ ।
ਈਮਾਨੁ ਦੋਸਤੁ ਹੈ । ਬੇਈਮਾਨ ਕਾਫੁਰੁ ਹੈ । ਤਿਕਬਰੁ ਕਹਰੁ ਹੈ ।
ਗੁਸਾ ਹਰਾਮੁ ਹੈ । ਨਫਸ ਸ਼ੈਤਾਨੁ ਹੈ । ਗੁਮਾਨੁ ਕੁਫਰੁ ਹੈ ।
ਪਸਗੈਬਹਿ ਕਾਮੁਹੁ ਕਾਲਾ ਹੈ । ਬੇਈਮਾਨੁ ਨਾਪਾਕੁ ਹੈ ।[1]...

ਗੁਰਕੀਰਤ ਪ੍ਰਕਾਸ਼

ਮਿਹਰਿ ਹਾਜਰੰ ਕਰੇ ਬਿਮਿਹਰਿ ਹੈ ਬਿਹਾਜਰੰ ।
ਇਮਾਨੁ ਦੋਸੰਤੰ ਭਵੈ ਸੁ ਬੇਈਮਾਂਨ ਕਾਫਰੰ ।
ਕਹਿਰ ਹੈ ਤਿਕੱਬਰੰ ਗੁੱਸਾ ਹਰਾਮ ਹੁਵੈ ਗਵੈ ।
ਨਫਸ ਤੋਂ ਸਿਤਾਨੁ ਹੈ ਗੁਮਾਂਨੁ ਲਾਨਤੀ ਭਵੈ । ੧੯੩ ।
ਪੱਸਗੈਬਤ ਸੁਤੁੰ ਡਸਿਆ ਮਸਕਤ ਦਿਲ ਨਿਪਾਕ ਹੈ ।...

ਇਸੇ ਤਰ੍ਹਾਂ ਕਈ ਹੋਰ ਪ੍ਰਸੰਗਾਂ ਦਾ ਵੀ ਤੁਲਨਾਤਮਕ ਅਧਿਐਨ ਕਰ ਕੇ ਕਥਾ ਦੇ ਮੂਲ ਆਧਾਰ ਦੀ ਗੱਲ ਨੂੰ ਸਪਸ਼ਟ ਕੀਤਾ ਜਾ ਸਕਦਾ ਹੈ ।

ਛੇਵੇਂ ਹੁਲਾਸ ਦਾ ਆਧਾਰ ਸਰੋਤ 'ਗੁਰਬਿਲਾਸ ਪਾਤਿਸ਼ਾਹੀ ੬' ਹੈ । ਸਾਰੀਆਂ ਘਟਨਾਵਾਂ ਦਾ ਸਰੂਪ, ਸੰਯੋਜਨ ਅਤੇ ਵਿਸਤਾਰ ਉਸੇ ਵਾਂਗ ਹੀ ਹੋਇਆ ਹੈ, ਪਰ ਯੁੱਧ ਵਰਣਨ ਵਿਚ ਕਵੀ ਸੁਤੰਤਰ ਰਿਹਾ ਹੈ । ਇਸ ਸੰਬੰਧ ਵਿਚ ਕੁਝ ਪ੍ਰਭਾਵ 'ਦਸਮ ਗ੍ਰੰਥ' ਵਿਚ ਸੰਕਲਿਤ 'ਚੰਡੀ ਚਰਿਤ' (ਉਕਤੀ ਵਿਲਾਸ) ਦਾ ਵੇਖਿਆ ਜਾ ਸਕਦਾ ਹੈ, ਕਿਉਂਕਿ ਸਾਰਾ ਉਪਮਾਨ-ਵਿਧਾਨ ਉਸੇ ਸ਼ੈਲੀ ਦਾ ਅਨੁਸਰਣ ਕਰਦਾ ਹੈ ।

ਬਾਕੀ ਅੱਠ ਹੁਲਾਸਾਂ ਦੇ ਘਟਨਾ-ਪ੍ਰਸੰਗਾਂ ਦੇ ਆਧਾਰ ਸਰੋਤ ਸਰੂਪ ਦਾਸ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼', ਕੇਸਰ ਸਿੰਘ ਛਿੱਬਰ ਕ੍ਰਿਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਆਦਿ ਕੁਝ ਗੁਰ-ਇਤਿਹਾਸਾਂ ਵਿਚ ਵੇਖਿਆ ਜਾ ਸਕਦਾ ਹੈ । ਇਹ ਜ਼ਰੂਰੀ ਨਹੀਂ ਕਿ ਸਾਰੇ ਪ੍ਰਸੰਗ ਇਤਿਹਾਸਿਕ ਦ੍ਰਿਸ਼ਟੀ ਤੋਂ ਸਹੀ ਹੋਣ, ਕਿਉਂਕਿ ਕੁਝ ਇਤਿਹਾਸਿਕ ਉਕਾਈਆਂ ਸਾਫ਼ ਮਿਲ ਜਾਂਦੀਆਂ ਹਨ । ਕਈ ਇਤਿਹਾਸਿਕ ਪ੍ਰਸੰਗਾਂ ਦੀ ਮਿਥਿਕ ਪਿਛੋਕੜ ਵੀ ਸਿਰਜੀ

[1]'ਪੁਰਾਤਨ ਜਨਮਸਾਖੀ', (ਸੰਪਾਦਕ ਭਾਈ ਵੀਰ ਸਿੰਘ), ਪੰਨਾ 117

...ੀ ਹੈ ਅਤੇ ਬ੍ਰਾਹਮਣੀ ਪ੍ਰਵ੍ਰਿੱਤੀ ਅਧੀਨ ਕਈ ਪ੍ਰਸੰਗਾਂ ਨੂੰ ਵਿਸ਼ੇਸ਼ ਮੋੜ ਦਿੱਤੇ ਗਏ ਹਨ। ...ਰ ਕਾਵਿ-ਕ੍ਰਿਤੀ ਹੋਣ ਕਰ ਕੇ ਕਵੀ ਨੂੰ ਇਨ੍ਹਾਂ ਦੋਸ਼ਾਂ ਕਰ ਕੇ ਬਹੁਤਾ ਨਹੀਂ ਖਿਚਿਆ ਜਾ ...ਰਦਾ।

...ਸਤੂ-ਵਿਧਾਨ

...ਹੁਲਾਸਾਂ ਵਿਚ ਵੰਡੀ ਰਚਨਾ ਮੂਲ ਰੂਪ ਵਿਚ ਲਘੂ ਚਰਿਤ ਸੰਗ੍ਰਹਿ ਹੈ। ਇਸ ਦਾ ...ਰੰਭ ਪਰਮਾਤਮਾ ਦੇ ਮੰਗਲਾਚਰਣ ਨਾਲ ਸ਼ੁਰੂ ਹੁੰਦਾ ਹੈ ਅਤੇ ਉਸ ਉਪਰੰਤ ਗੁਰੂ ...ਹਿਬਾਨ ਨੂੰ ਵੀ ਪ੍ਰਣਾਮ ਕੀਤਾ ਗਿਆ ਹੈ। ਮੰਗਲਾਚਰਣ ਤੋਂ ਬਾਦ ਕਵੀ ਪ੍ਰਸੰਗ ਆਰੰਭ ...ਰਦਾ ਹੈ :

ਅਬ ਗੁਰ ਨਵ ਅਵਤਾਰ ਕੀ ਕਥਾ ਕਹੋਂ ਬਿਸਤਾਰ।
ਜਿਹ ਪ੍ਰਕਾਰ ਸ੍ਰੀ ਸਤਿ ਗੁਰੂ ਹਰੇ ਭੂੰਮ ਕੇ ਭਾਰ। ੮।

ਇੱਥੇ 'ਨਵ' (ਨੌਂ) ਗੁਰੂਆਂ ਸੰਬੰਧੀ ਵਿਸਤਾਰ ਸਹਿਤ ਵਿਵਰਣ ਦਿੱਤਾ ਹੈ, ਪਰ ...ਸਵੇਂ ਗੁਰੂ ਸਾਹਿਬ ਬਾਰੇ ਕੇਵਲ ਅੰਤਲੇ ਹੁਲਾਸ ਵਿਚ 45 ਪਦ ਲਿਖੇ ਹਨ। ਇਹ ...ਲਾਸ ਕੇਵਲ ਸੰਕੇਤ ਮਾਤਰ ਹੈ ਅਤੇ ਦਸਵੇਂ ਗੁਰੂ ਦੇ ਨਾਂ ਦੀ ਪ੍ਰਸੰਗ-ਪੂਰਤੀ ਕਰਦਾ ਹੈ ...ਉਂਕਿ ਗੁਰੂ ਗੋਬਿੰਦ ਸਿੰਘ ਬਾਰੇ ਕਵੀ ਨੇ ਸੁਤੰਤਰ ਕ੍ਰਿਤੀ 'ਸਿੰਘ ਸਾਗਰ' ਨਾਂ ਦੀ ਰਚਨਾ ...ਵਿਧਾਨ ਕੀਤਾ ਹੈ। 'ਗੁਰਕੀਰਤ ਪ੍ਰਕਾਸ਼' ਦੇ ਅੰਤ ਤੇ ਕਵੀ ਨੇ ਰਚਨਾ ਮਹਾਤਮ ਦਾ ...ਰਣਨ ਇਸ ਪ੍ਰਕਾਰ ਕੀਤਾ ਹੈ :

ਜੋ ਨਰ ਪਢੈ ਸੁਨੈਂ ਚਿਤੁ ਲਾਇ। ਨਾਨਕ ਸਾਹੁ ਗੁਬਿੰਦ ਸਿੰਘ ਰਾਇ।
ਛਿਨਕ ਮਾਂਹਿ ਗੁਰੂ ਹੋਇ ਦਿਆਲ। ਹਰੈ ਸਰਬ ਸੰਕਟ ਤਤਕਾਲ। ੪੩।
ਮਨ ਬਾਛਤ ਫਲ ਪਾਵੈ ਸੋਈ। ਪ੍ਰੇਮ ਸਹਿਤ ਨਿਤ ਪਢੈ ਜੁ ਕੋਈ।
ਪ੍ਰੇਮ ਸਹਿਤ ਜੋ ਸੁਨੈ ਸੁਨਾਵੈ। ਜਮ ਜਾਲੀ ਤੇ ਗੁਰੂ ਬਚਾਵੈ। ੪੪।
ਇੱਛਾ ਸਰਬ ਸਪੂਰਨੁ ਹੋਵੈ। ਦੀਨ ਦੁਨੀ ਜੀਤੈ ਜਗ ਦੋਵੈ।
ਜੈ ਜੈ ਜੈ ਨਾਨਕ ਨਿਰਬਾਨ। ਜੈ ਗੋਬਿੰਦ ਸਿੰਘ ਕ੍ਰਿਪਾ ਨਿਧਾਨ। ੪੫।

ਕਿਸੇ ਰਚਨਾ ਦਾ ਮਹਾਤਮ ਦੱਸਣ ਜਾਂ ਲਿਖਣ ਦੀ ਪਰੰਪਰਾ ਪੁਰਾਣ ਸਾਹਿੱਤ ਤੋਂ ...ਰੀ ਪ੍ਰਤੀਤ ਹੁੰਦੀ ਹੈ। ਜਿੱਥੇ ਹਰ ਕਰਮ, ਕਾਰਜ ਦਾ ਕੋਈ ਨਾ ਕੋਈ ਮਹਾਤਮ ਦਸਿਆ ...ਦਾ ਹੈ ਤਾਂ ਜੋ ਉਸ ਕਰਮ ਵਿਚ ਪ੍ਰਵ੍ਰਿੱਤ ਕਰਨ ਲਈ ਜਿਗਿਆਸੂ ਦੇ ਮਨ ਵਿਚ ਪ੍ਰੇਰਣਾ ...ਦਾ ਕੀਤੀ ਜਾ ਸਕੇ। ਪੁਰਾਤਨ ਚਿੰਤਨ ਅਨੁਸਾਰ ਸਾਹਿੱਤ ਸਿਰਜਨਾ ਤੋਂ ਚਾਰ ਪਦਾਰਥ ...ਕਾਮ, ਅਰਥ, ਧਰਮ, ਮੋਕਸ਼) ਦੀ ਪ੍ਰਾਪਤੀ ਦੀ ਆਸ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਦੋਹਾਂ ...ਚੋਂ ਵੀ ਧਰਮ ਅਤੇ ਮੋਕਸ਼ ਨੂੰ ਪ੍ਰਮੁਖਤਾ ਹਾਸਲ ਸੀ। ਰਚਨਾ ਦੇ ਪਰਮਾਰਥ ਦਾ ਝੁਕਾ ...ਸਾਰਿਕ ਸੰਕਟਾਂ ਤੋਂ ਮੁਕਤੀ ਅਤੇ ਅਧਿਆਤਮਿਕ ਉੱਨਤੀ ਦੀ ਇੱਛਾ ਵਲ ਹੈ। ਇਸ ਤਰ੍ਹਾਂ ...ਹ ਮਹਾਤਮ ਪਰੰਪਰਾ ਦੀ ਪਾਲਨਾ ਕਰਦਾ ਹੋਇਆ ਗੁਰੂ-ਚਰਿਤ੍ਰਾਂ ਦੇ ਅਧਿਐਨ ਲਈ ...ਲ ਦਿੰਦਾ ਹੈ।

ਮੰਗਲਾਚਰਣ ਅਤੇ ਮਹਾਤਮ ਦੇ ਸੰਖਿਪਤ ਰੂਪ ਹਰ ਇਕ ਹੁਲਾਸ ਵਿਚ ਕਿਸੇ ਨਾ ...ਸੇ ਰੂਪ ਵਿਚ ਮਿਲ ਜਾਂਦੇ ਹਨ।

ਇਸ ਰਚਨਾ ਦਾ ਆਰੰਭ 'ਅਥ ਸ੍ਰੀ ਗੁਰਕੀਰਤ ਪ੍ਰਕਾਸ ਗ੍ਰਿੰਥ ਲਿਖਯਤੇ' ਨਾਲ ਆਰੰਭ ਹੁੰਦਾ ਹੈ। ਇਸ ਪ੍ਰਕਾਰ ਦੀ ਰੀਤ ਪੁਰਾਣੀਆਂ ਬ੍ਰਜ ਭਾਸ਼ੀ ਰਚਨਾਵਾਂ ਵਿਚ ਆਮ ਮਿਲ ਜਾਂਦੀ ਹੈ। 'ਦਸਮ ਗ੍ਰੰਥ' ਵਿਚ ਸੰਕਲਿਤ ਪੌਰਾਣਿਕ ਕ੍ਰਿਤੀਆਂ ਵਿਚ ਵੀ ਇਸ ਰੀਤ ਦੀ ਪਾਲਨਾ ਵੇਖੀ ਜਾ ਸਕਦੀ ਹੈ। ਹਰ ਹੁਲਾਸ ਦੇ ਅੰਤ ਤੇ ਇਤਿ (ਅੰਤ) ਸੂਚਕ ਪੁਸ਼ਪਿਕਾ ਵੀ ਦਿੱਤੀ ਹੈ ਜਿਸ ਵਿਚ ਸੰਬੰਧਿਤ ਚਰਿਤ-ਨਾਇਕ ਦਾ ਨਾਂ ਅਤੇ ਹੁਲਾਸ ਦਾ ਸੰਖਿਆ ਅੰਕ ਦਿੱਤਾ ਹੁੰਦਾ ਹੈ, ਜਿਵੇਂ :

> 'ਇਤਿ ਸ੍ਰੀ ਮਤ ਸ੍ਰੀ ਗੁਰਕੀਰਤ ਪ੍ਰਕਾਸ ਗ੍ਰੰਥੇ
> ਕਵੀ ਵੀਰ ਸਿੰਘ ਬ੍ਰਿਚਿਤੇ ਸ੍ਰੀ ਗੁਰ ਨਾਨਕ
> ਨ੍ਰਿੰਕਾਰ ਅਵਤਾਰ ਕਥਾ ਸੰਪੂਰਨ ਮਸਤ
> ਸੁਭੁ ਮਸਤ ਪ੍ਰਿਥਮੋ ਹੁਲਾਸ। ੧।

ਮੂਲ ਮੰਤਰ ਦਾ ਸੰਖਿਪਤ ਰੂਪ '੧ਓ ਸਤਿਗੁਰ ਪ੍ਰਸਾਦਿ' ਹਰ ਹੁਲਾਸ ਦੇ ਸ਼ੁਰੂ ਵਿਚ ਅੰਕਿਤ ਮਿਲ ਜਾਂਦਾ ਹੈ। ਅਸਲ ਵਿਚ ਸਿੱਖ ਭਗਤੀ ਭਾਵਨਾ ਦਾ ਇਤਨਾ ਅਧਿਕ ਪ੍ਰਚਾਰ ਅਤੇ ਪ੍ਰਭਾਵ ਸੀ ਕਿ ਗੁਰਮਤਿ ਵਿਸ਼ੇ ਤੋਂ ਹਟ ਕੇ ਵੀ ਜਿਨ੍ਹਾਂ ਵਿਸ਼ਿਆਂ ਸੰਬੰਧੀ ਜਿਤਨੀਆਂ ਹੱਥ-ਲਿਖਤਾਂ ਮਿਲਦੀਆਂ ਹਨ, ਉਨ੍ਹਾਂ ਦੇ ਆਰੰਭ ਵਿਚ ਵੀ ਮੂਲ-ਮੰਤਰ ਦਾ ਸੰਖਿਪਤ ਰੂਪ ਅੰਕਿਤ ਮਿਲ ਜਾਂਦਾ ਹੈ।

ਕਵੀ ਨੇ ਹਰ ਇਕ ਹੁਲਾਸ ਵਿਚ ਕਈ ਛੰਦ ਵਰਤ ਕੇ ਛੰਦ-ਗਤ ਨੀਰਸਤਾ ਦੇ ਪ੍ਰਭਾਵ ਨੂੰ ਖੰਡਿਤ ਕੀਤਾ ਹੈ ਅਤੇ ਕਥਾ ਪ੍ਰਵਾਹ ਵਿਚ ਤੀਬਰਤਾ, ਸਥਿਰਤਾ ਅਤੇ ਪ੍ਰਭਾਵਸ਼ਾਲਤਾ ਲਿਆਂਦੀ ਹੈ। ਇਸ ਦੇ ਨਾਲ ਰੋਚਕਤਾ ਵਧੀ ਹੈ। ਕਥਾ-ਪ੍ਰਸੰਗ ਵਿਚ ਕਿਤੇ ਕਿਤੇ ਸੰਵਾਦਾਂ ਰਾਹੀਂ ਵੀ ਕਵੀ ਨੇ ਅਰੋਚਕਤਾ ਨੂੰ ਘਟਾ ਕੇ ਨਾਟਕੀਅਤਾ ਲਿਆਂਦੀ ਹੈ ਅਤੇ ਕਥਾ-ਪ੍ਰਵਾਹ ਨੂੰ ਅਗੇ ਹੀ ਨਹੀਂ ਤੋਰਿਆ, ਸਗੋਂ ਚਰਿਤ੍ਰ-ਨਾਇਕਾਂ ਦੀਆਂ ਭਾਵਨਾਵਾਂ ਅਤੇ ਮਾਨਸਿਕ ਝੁਕਾਵਾਂ ਨੂੰ ਵੀ ਪ੍ਰਦਰਸ਼ਿਤ ਕੀਤਾ ਹੈ। ਕੁਲ ਮਿਲਾ ਕੇ ਵਸਤੂ-ਵਿਧਾਨ ਸਰਲ, ਸਪਸ਼ਟ ਅਤੇ ਪ੍ਰਭਾਵਸ਼ਾਲੀ ਹੈ ਅਤੇ ਕਥਾ ਨੂੰ ਪ੍ਰਵਾਹਮਾਨ ਰਖਦਾ ਹੋਇਆ ਰੋਚਕਤਾ ਅਤੇ ਸਰਸਤਾ ਨੂੰ ਕਾਇਮ ਰਖਦਾ ਹੈ।

4.

ਗੁਰਕੀਰਤ ਪ੍ਰਕਾਸ਼ : ਸਾਹਿੱਤਿਕਤਾ

ਵਸਤੂ-ਵਰਣਨ

ਬ੍ਰਿੱਤਾਂਤਿਕ ਕਾਵਿ ਨੂੰ ਸਰਸ ਬਣਾਉਣ ਵਿਚ ਵਸਤੂ-ਵਰਣਨ ਦਾ ਵਿਸ਼ੇਸ਼ ਯੋਗਦਾਨ ਹੈ। ਵਸਤੂ-ਵਰਣਨ ਰਾਹੀਂ ਹੀ ਕਾਵਿ ਵਿਚ ਯੁਗ ਚਿਤ੍ਰਣ ਅਤੇ ਸਭਿਆਚਾਰਿਕ ਪਰੰਪਰਾਵਾਂ ਦਾ ਪਰਿਚਯ ਪ੍ਰਾਪਤ ਹੁੰਦਾ ਹੈ। 'ਸਾਹਿੱਤ ਸਮਾਜ ਦਾ ਸ਼ੀਸ਼ਾ ਹੈ'—ਇਸ ਉਕਤੀ ਦੀ ਸਾਰਥਕਤਾ ਵੀ ਅਧਿਕਤਰ ਵਸਤੂ-ਵਰਣਨ ਦੁਆਰਾ ਸਿੱਧ ਹੁੰਦੀ ਹੈ। ਸੰਸਕ੍ਰਿਤ ਕਾਵਿ-ਸ਼ਾਸਤ੍ਰੀਆਂ ਨੇ ਪ੍ਰਬੰਧ-ਕਾਵਿ ਵਿਚ ਨਗਰ, ਸਮੁੰਦਰ, ਪਰਬਤ, ਖਟ-ਰਿਤੂ-ਵਰਣਨ, ਚੰਦ੍ਰਮਾ ਅਤੇ ਸੂਰਜ ਦਾ ਚੜ੍ਹਨਾ ਅਤੇ ਡੁੱਬਣਾ, ਵਾਟਿਕਾ-ਸੈਰ, ਰਸ-ਸੇਵਨ, ਸੰਯੋਗ ਸਿੰਗਾਰ

ਆਦਿ ਦੇ ਵਰਣਨ ਨੂੰ ਮਹੱਤਵ ਦਿੱਤਾ ਹੈ । ਬ੍ਰਿਤਾਂਤਿਕ ਹੋਣ ਕਰ ਕੇ ਇਸ ਰਚਨਾ ਵਿਚ ਵੀ ਵਸਤੂ-ਵਰਣਨ ਮਿਲ ਜਾਂਦਾ ਹੈ, ਪਰ ਬਹੁਤ ਘਟ ਕਿਉਂਕਿ ਇਹ ਰਚਨਾ ਲਘੂ-ਚਰਿਤ੍ਰਾਂ ਦਾ ਸੰਗ੍ਰਹਿ ਹੈ ਅਤੇ ਲਘੂ-ਚਰਿਤ੍ਰ ਵਿਚ ਵਸਤੂ-ਵਰਣਨ ਦੀ ਗੁੰਜਾਇਸ਼ ਨਹੀਂ ਹੁੰਦੀ, ਪਰ ਜਿੱਥੇ ਵੀ ਕਵੀ ਨੂੰ ਚਰਿਤ੍ਰ-ਕਥਾ ਦੇ ਵਿਸਤਾਰ ਦੀ ਇੱਛਾ ਹੋਈ ਹੈ, ਉਥੇ ਵਸਤੂ-ਵਰਣਨ ਜੰਮ ਕੇ ਹੋਇਆ ਹੈ । ਇਸ ਸੰਬੰਧ ਵਿਚ ਛੇਵੇਂ ਹੁਲਾਸ ਦਾ ਯੁੱਧ-ਵਰਣਨ • ਵਿਸ਼ੇਸ਼ ਉਲੇਖ-ਯੋਗ ਹੈ, ਜਿਸ ਸੰਬੰਧੀ ਅਧਿਕ ਵਿਸਤਾਰ ਨਾਲ ਗੱਲ ਅੱਗੇ ਕਰਾਂਗੀ । ਇਥੇ ਕੇਵਲ ਕੁਝ ਕੁ ਹੋਰ ਵਸਤੂਆਂ ਦੇ ਵਰਣਨ ਦੇ ਉਦਾਹਰਣ ਦੇਣੇ ਕਾਫ਼ੀ ਹੋਣਗੇ । ਗੁਰੂ ਅਮਰਦਾਸ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦੇ ਵਿਆਹ ਸਮੇਂ ਜੋ ਦਾਜ ਆਦਿ ਦਿੱਤਾ, ਉਸ ਦਾ ਕਵੀ ਨੇ ਇਸ ਪ੍ਰਕਾਰ ਜ਼ਿਕਰ ਕੀਤਾ ਹੈ :

ਮਨ ਮੈ ਬਢੀ ਅਪਾਰ ਉਮੰਗ । ਦੀਨੇ ਦਾਸ ਦਾਸੀਆਂ ਸੰਗ ।
ਰਤਨ ਪਟੰਬਰ ਕਈ ਹਜਾਰ । ਬਾਸਨ ਕਾਂਸੀ ਪੀਤਲ ਸਾਰ । ੮੭ ।
ਸਾਗਰ ਗਡਵੇ ਡੋਲ ਲਜਾਸ । ਪ੍ਰਾਤ ਟੋਕਣੇ ਲੋਹਿ ਕਟਾਸ ।
ਥਾਲ ਕਟੋਰੇ ਗੰਗਾ ਸਾਗਰ । ਕੜਛੇ ਸਰ ਦੇ ਕੋਲ ਸੁ ਨਾਗਰ । ੮੮ ।
ਬਾਸਣ ਗੱਡੇ ਪੂਰ ਸੁ ਦਏ । ਕਨਾਤ ਕਲੀਚੇ ਤੰਬੂ ਨਏ ।
ਔਰ ਦਈ ਗੁਰ ਲੱਛ ਮਹਾਨ । ਲਿਖੀ ਨਿ ਗ੍ਰਿਥੁ ਭੂਰ ਭੈ ਮਾਨ । ੮੯ ।
ਮੰਦ੍ਰ ਸੁੰਦ੍ਰ ਦਏ ਸਵਾਰ । ਵਸਾਏ ਸ੍ਰੀ ਗੁਰ ਗੋਇੰਦਵਾਰ ।
ਡੋਲੇ ਚੜ ਬੀਬੀ ਜੀ ਆਈ । ਜੇਠਾ ਚੜ੍ਹਿਯਾ ਤੁਰੰਗ ਸੁਹਾਈ । ੯੦ ।

(ਹੁਲਾਸ 3)

ਇਹ ਵਿਵਰਣ ਗੁਰੂ ਅਮਰਦਾਸ ਵਲੋਂ ਦਿੱਤੇ ਗਏ ਦਾਜ ਦਾ ਸਹੀ ਵੇਰਵਾ ਦੇਵੇ ਜਾਂ ਨਾ, ਪਰ ਕਵੀ ਦੇ ਇਸ ਵਰਣਨ ਉਤੇ ਪਟਿਆਲੇ ਦੇ ਰਾਜ ਦਰਬਾਰ ਅਤੇ ਉਦੋਂ ਦੀ ਪ੍ਰਚਲਿਤ ਦਾਜ-ਪ੍ਰਥਾ ਦਾ ਪ੍ਰਭਾਵ ਸਹਿਜੇ ਹੀ ਵੇਖਿਆ ਸਕਦਾ ਹੈ । ਕਰਤਾਰਪੁਰ ਨਗਰ ਦਾ ਵਰਣਨ ਕਵੀ ਨੇ ਬੜੇ ਸ਼ੋਭਾਸ਼ਾਲੀ ਢੰਗ ਨਾਲ ਕੀਤਾ ਹੈ । ਇਸ ਵਿਵਰਣ ਵਿਚ ਫਵਾਰਿਆਂ ਦਾ ਦ੍ਰਿਸ਼ ਵਿਸ਼ੇਸ਼ ਰੂਪ ਵਿਚ ਵੇਖਣ-ਯੋਗ ਹੈ :

ਕ੍ਰਤਾਰੰਪੁਰੇ ਆ ਗੁਰੂ ਜੀ ਬਿਰਾਜੇ । ਜਹਾਂ ਥੰਮ ਜੀ ਸੰਕਰੰ ਗੰਗ ਛਾਜੇ । ੯੨ ।
ਸਨੈ ਸਨੈ ਸ੍ਵਾਮੀ ਕਰਿਯੋ ਤਾਂਹਿ ਬਾਸੰ । ਘਨੇ ਕਾਲ ਕੀਨੋ ਤਹਾਂ ਹੀ ਨਿਵਾਸੰ ।
ਸਜੇ ਬਾਗ ਬਾਪੀ ਤੜਾਗ ਸਵਾਰੇ । ਰਚੈ ਗੈਨ ਕੂਪੰ ਪੁਹਾਰੇ ਸੁਧਾਰੇ । ੯੩ ।
ਜਲੰ ਜੰਤ੍ਰ ਛੂਟੇ ਜਿਯੁ ਛੁਟੇ ਅਨਾਰੰ । ਹਜਾਰੇ ਫੂਹਾਰੇ ਝਰੈ ਨੀਰ ਧਾਰੰ ।
ਪਜੂਰੰ ਸਰੂਪੇ ਕਿਤੇ ਜਾਤ ਉਚੇ । ਕਹੂੰ ਸ੍ਵੇਤ ਸਾਰੀ ਝਰੈ ਨੀਰ ਨੀਚੈ । ੯੪ ।

(ਹੁਲਾਸ 7)

ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਚਹੁੰ ਪਾਸੇ ਹੀ ਦੈਵੀ ਵਾਤਾਵਰਨ ਪੈਦਾ ਹੋ ਗਿਆ ਸੀ ਅਤੇ ਗੁਰੂ ਜੀ ਦੇ ਜਨਮ ਦੇ ਫਲਸਰੂਪ ਜੋ ਆਨੰਦਮਈ ਸਥਿਤੀ ਰੂਪਮਾਨ ਹੋਈ ਸੀ, ਉਸ ਦਾ ਕਵੀ ਨੇ ਬੜੀ ਰੁਚੀ ਨਾਲ ਵਰਣਨ ਕੀਤਾ ਹੈ ।

ਬੰਦਰਵਾਲ ਸਜੀ ਸੁਭ ਪੌਰਹ ਤੋਰਣ ਕੋਟਨ ਕੋਟ ਸੁਹਾਏ ।

ਕੋਟ ਦੁਗਾ ਤਿਹ ਜੋਤ ਜਗਾਵਤ ਕੋਟ ਤੇਤੀ ਸੁਰ ਮੰਗਲ ਗਾਏ ।
ਰੰਭ ਸੁਕੇਸੀ ਤਿਲੋਤਮ ਲੈ ਨਭ ਕ੍ਰਿਤ ਕਹੇ ਮੁਖ ਰਾਗ ਅਲਾਏ ।
ਬ੍ਰਿਹਮ ਮਹੇਸ ਖਗੇਸਪਤੀ ਨਭ ਦੇਵਨ ਲੈ ਸੰਗ ਫੂਲ ਬਸਾਏ । ੬੯ ।
ਕੋਟ ਸਸੀ ਰਵ ਕੋਟ ਸਮਾਨ ਸਿਰੀ ਗੁਰ ਨਾਨਕ ਤੇਜੁ ਉਦਾਰੇ ।
ਹੇਰ ਪ੍ਰਤਾਪੁ ਸਿਰੀ ਗੁਰ ਕੋ ਧਰ ਧੌਲ ਕੇ ਭਾਰ ਭਏ ਸਭ ਨਿਯਾਰੇ ।
ਖੰਡ ਬ੍ਰਿਹਮੰਡ ਅਡੋਲ ਭਏ ਤਬ ਭੂੰਮ ਭਈ ਹਰਆਵਰ ਸਾਰੇ ।
ਦੇਨ ਲਗੀ ਗਊ ਛੀਰੁ ਘਨੋਂ ਨਭ ਨੀਰੁ ਬਸੇ ਧਰ ਨਾਜੁ ਅਪਾਰੇ । ੭੦ ।
(ਹੁਲਾਸ ...)

ਕਲਿਯੁਗ ਦੇ ਪ੍ਰਭਾਵ ਕਰ ਕੇ ਜੋ ਵਿਆਪਕ ਅਨਾਚਾਰ ਦਾ ਪ੍ਰਸਾਰ ਹੋਇਆ ਅਤੇ ਜਿਸ ਨਾਲ ਧਰਮ ਦੀ ਮਰਯਾਦਾ ਦੀ ਹਾਨੀ ਹੋਈ, ਉਸ ਵਲ ਸਾਧਕ ਕਵੀਆਂ ਦਾ ਧਿਆਨ ਗਿਆ ਹੈ । ਗੁਰੂ ਨਾਨਕ ਦੇਵ ਨੇ ਵੀ ਕਲਿਯੁਗ ਦੀ ਸਥਿਤੀ ਨੂੰ ਚਿਤ੍ਰਦਿਆਂ ਕਿਹਾ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ।
ਕੂੜ ਅਮਾਵਸ ਸਚੁ ਚੰਦਰਮਾ ਕੇ ਦੀਸੈ ਨਾਹੀ ਕਹ ਚੜਿਆ ।[1]

ਗੋਸੁਆਮੀ ਤੁਲਸੀ ਦਾਸ ਨੇ ਵੀ 'ਰਾਮਚਰਿਤ ਮਾਨਸ' ਵਿਚ "ਕਲਿ ਮਹਿਮਾ" ਪ੍ਰਸੰਗ ਵਿਚ ਕਲਿਯੁਗ ਦਾ ਵਰਣਨ ਕੀਤਾ ਹੈ । 'ਦਸਮ ਗ੍ਰੰਥ' ਦੇ "ਕਲਕੀ ਅਵਤਾਰ" ਪ੍ਰਸੰਗ ਵਿਚ ਵੀ ਕਲਿਯੁਗ ਦਾ ਜ਼ਿਕਰ ਮਿਲਦਾ ਹੈ । ਇਸ ਲੇਖਕ ਨੇ ਵੀ ਗੁਰੂ-ਨਾਨਕ ਦੇਵ ਜੀ ਦੇ ਚਰਿਤ੍ਰ-ਪ੍ਰਸੰਗ ਵਿਚ ਉਨ੍ਹਾਂ ਤੋਂ ਕਲਿਯੁਗ ਦੇ ਵਰਤਾਰੇ ਬਾਰੇ ਇਸ ਪ੍ਰਕਾਰ ਅਖਵਾਇਆ ਹੈ :

ਏਕ ਦਿਵਸ ਗੁਰ ਨਾਨਕ ਰਾਇ । ਸ੍ਰੀ ਮੁਖ ਤੇ ਇਵ ਕਹਿਯੋ ਸੁਣਾਇ ।
ਸੁਣੋ ਅਜਿੱਤਾ ਵਾਕੁ ਹਮਾਰਾ । ਜੋ ਕਲ ਮੈ ਵਰਤੇ ਵਰਤਾਰਾ । ੩੪੭ ।
ਸੋ ਸਭ ਤੋ ਪੈ ਕਹੋ ਸੁਣਾਇ । ਸੁਣੁ ਸੇਵਕ ਨੀਕੇ ਮਨੁ ਲਾਇ ।
ਪ੍ਰਿਥਮ ਸੁਨੋ ਰਾਜਨ ਕੀ ਬਾਤ । ਪ੍ਰਜਾ ਸਾਥਿ ਬਰਤੈਂ ਜਿਹਿ ਭਾਂਤ । ੩੪੮ ।
ਹਾਲਾ ਲੈ ਸਭੁ ਪੋਤੇ ਡਾਰੈਂ । ਦੰਡ ਪ੍ਰਜਾ ਨਿਜ ਕਾਜ ਸਵਾਰੈਂ ।
ਗ੍ਰੀਬ ਕ੍ਰਿਸਾਨ ਫਿਰੈ ਬਿਲਲਾਤੇ । ਫ੍ਰਯਾਦ ਸੁਨੇ ਭੂਪ ਮਦ ਮਾਤੇ । ੩੪੯ ।
ਦੇਹਿ ਨਿਰਪ ਭੈ ਸਿੰਘ ਸਮਾਨ । ਨਗਰ ਮੁਕੱਦਮ ਜਾਨੁ ਸੁਵਾਨ ।
ਸੂਤੇ ਹਾਕਮ ਜਾਇ ਜਗਾਵੈ । ਕਰ ਚੁਗਲੀ ਦੀਨਨ ਪਕਰਾਵੈ । ੩੫੦ ।
ਨੌਕਰ ਨਹਿ ਦਾਂਤਾਂ ਤਨ ਕਾਟੈਂ । ਵਾਢੀ ਰਕਤ ਮੁਕੱਦਮ ਚਾਟੈਂ ।
ਕੰਨਿਯਾਂ ਧਾਨੁ ਖਾਹਿ ਪਿਤ ਮਾਤਾ । ਭਗਨੀ ਵਿਗ ਪਾਲਹਿ ਤਨ ਭ੍ਰਾਤਾ । ੩੫੧
ਭੋਗੇ ਪਿਤਾ ਪੂਤ ਕੀ ਨਾਰ । ਨੁਖਾ ਸਾਸੁ ਕੋ ਦੇਹਿ ਨਿਕਾਰ ।
ਭ੍ਰਿਸ਼ਟ ਹੋਇ ਮਤ ਸਗਲੀ ਨਾਰਾ । ਭਰਤਾ ਭਜੈ ਨ ਕਲ ਮੈ ਦਾਰਾ । ੩੫੨ ।
ਨਿਜਪਤ ਕੋ ਦੁਰ ਬੈਨ ਅਲਾਵੈਂ । ਆਨ ਪਰਖ ਕੇ ਅਤ ਗੁਨ ਗਾਵੈਂ ।
ਨਾਰ ਹੋਇ ਸਭ ਹੀ ਬਿਭਿਚਾਰੀ । ਕੋਟਨ ਮੋ ਕੋ ਹੋ ਸਤਵਾਰੀ । ੩੫੩ ।

---
[1] 'ਆਦਿ ਗ੍ਰੰਥ', ਪੰਨਾ 145

ਪੁਰਖ ਹੋਂਹਿ ਐਸੇ ਕਲ ਮਾਂਹੀ । ਕਰ ਪਰਤੱਗਿਯਾਂ ਪਾਲੈ ਨਾਂਹੀ ।
ਕਰੇਂ ਪ੍ਰੀਤ ਤਾਂ ਕੈ ਸੰਗ ਭਾਰੀ । ਮੁੰਦਰੁ ਹੋਇ ਜਾਸ ਗ੍ਰਿਹਿ ਨਾਰੀ । ੩੫੪ ।
(ਹੁਲਾਸ 1)

ਉਪਰੋਕਤ ਪਦ ਅੰਕ 350 ਅਤੇ 351 (ਪੂਰਵਾਰਧ) ਵਿਚ ਗੁਰੂ ਨਾਨਕ ਬਾਣੀ ਦੀਆਂ ਹੇਠਲੀਆਂ ਪੰਕਤੀਆਂ ਦੀ ਭਾਵਨਾ ਵੇਖੀ ਜਾ ਸਕਦੀ ਹੈ :

ਰਾਜੇ ਸੀਹ ਮੁਕਦਮ ਕੁਤੇ । ਜਾਇ ਜਗਾਇਨ ਬੈਠੇ ਸੁਤੇ ।
ਚਾਕਰ ਨਹਦਾ ਪਾਇਨਿ ਘਾਉ । ਰਤੁ ਪਿਤੁ ਕੁਤਿਹੋ ਚਟਿ ਜਾਹੁ ।
ਜਿਥੈ ਜੀਆ ਹੋਸੀ ਸਾਰ । ਨਕੀਂ ਵਢੀਂ ਲਾਇਤਬਾਰ ।[1]

ਇਸ ਪ੍ਰਕਾਰ ਦੇ ਅਨੇਕ ਵਰਣਨ ਇਸ ਰਚਨਾ ਵਿਚ ਹੋਏ ਮਿਲ ਜਾਂਦੇ ਹਨ, ਪਰ ਯੁੱਧ ਦ੍ਰਿਸ਼ਾਂ ਦੇ ਵਿਸ਼ੇਸ਼ ਵਰਣਨ ਵਲ ਕਵੀ ਦਾ ਉਚੇਚਾ ਝੁਕਾ ਹੈ ।

ਯੁੱਧ ਵਰਣਨ

ਅਵਤਾਰਵਾਦੀ ਪ੍ਰਵਿਰਤੀ ਅਧੀਨ ਕਵੀ ਨੇ ਗੁਰੂ ਸਾਹਿਬਾਨ ਦਾ ਆਗਮਨ ਭਾਰ-ਪੀੜਿਤ ਧਰਤੀ ਦੇ ਪਰਿਤ੍ਰਾਣ ਲਈ ਕੀਤਾ ਹੈ । ਧਰਤੀ ਦੁਖੀ ਹੋ ਕੇ ਦੇਵ ਲੋਕ ਜਾਂਦੀ ਹੈ ਅਤੇ ਸਾਰੇ ਦੇਵਤੇ ਮਿਲ ਕੇ ਨਿਰੰਕਾਰ ਪਾਸ ਸਹਾਇਤਾ ਲਈ ਪੁਕਾਰ ਕਰਦੇ ਹਨ । ਨਿਰੰਕਾਰ ਗੁਰੂ ਨਾਨਕ ਦੇਵ ਦੇ ਰੂਪ ਵਿਚ ਅਵਤਾਰ ਧਾਰਨ ਦਾ ਯਕੀਨ ਦਿਵਾਂਦੇ ਹਨ । ਇਥੇ ਸ੍ਰੀ ਮਦ ਭਗਵਦ ਗੀਤਾ ਅਤੇ ਸ੍ਰੀਮਦ ਭਾਗਵਤ ਪੁਰਾਣ ਦੀ ਇਹ ਭਾਵਨਾ ਸਪਸ਼ਟ ਹੈ ਕਿ ਜਦੋਂ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਅਤੇ ਧਰਤੀ ਤੇ ਪਾਪਾਂ ਦਾ ਭਾਰ ਵਧ ਜਾਂਦਾ ਹੈ, ਤਾਂ ਵਿਸ਼ਨੂੰ ਆਪਣਾ ਅਵਤਾਰ ਧਾਰ ਕੇ ਸੰਤੁਲਨ ਦੀ ਅਵਸਥਾ ਪੈਦਾ ਕਰਦਾ ਹੈ । ਪੰਜਵੇਂ ਗੁਰੂ ਸਾਹਿਬਾਨ ਤਕ ਸਿੱਖ-ਧਰਮ-ਅੰਦੋਲਨ ਪੂਰਨ ਸ਼ਾਂਤੀ ਵਾਲਾ ਰਿਹਾ, ਪਰ ਗੁਰੂ ਅਰਜਨ ਦੇ ਬਲੀਦਾਨ ਨੇ ਸਿੱਖ ਸਾਧਕਾਂ ਦੇ ਚਿੰਤਨ ਦਾ ਸਰੂਪ ਬਦਲ ਦਿੱਤਾ । ਧਰਮ ਦੀ ਰਖਿਆ ਲਈ ਭਗਤੀ ਨਾਲ ਸ਼ਕਤੀ ਦੀ ਲੋੜ ਦਾ ਅਨੁਭਵ ਹੋਇਆ । ਫਲਸਰੂਪ ਛੇਵੇਂ ਗੁਰੂ ਜੀ ਨੇ ਪੀਰੀ ਦੀ ਕ੍ਰਿਪਾਨ ਨਾਲ ਮੀਰੀ ਦੀ ਕ੍ਰਿਪਾਨ ਧਾਰਨ ਕੀਤੀ । ਮਾਲਾ ਦੇ ਨਾਲ ਸ਼ਸਤ੍ਰ ਵੀ ਸਜਾਏ । ਦਰਬਾਰ ਸਾਹਿਬ ਦੇ ਸਮਾਨਾਂਤਰ ਅਕਾਲ ਤਖਤ ਦੀ ਸਥਾਪਨਾ ਕਰ ਕੇ ਅਧਿਆਤਮਿਕ ਸਮੱਸਿਆ ਦੇ ਸਮਾਧਾਨ ਲਈ ਭਗਤੀ ਦੇ ਨਾਲ ਸ਼ਕਤੀ ਦਾ ਸੰਯੋਗ ਆਵੱਸ਼ਕ ਕਰਾਰ ਦਿੱਤਾ । ਸ਼ਕਤੀ ਦੇ ਇਸ ਸੰਯੋਗ ਨੇ ਧਰਮ ਯੁੱਧ ਦੀ ਸਥਿਤੀ ਪੈਦਾ ਕੀਤੀ ਅਤੇ ਸਿੱਖ-ਧਰਮ-ਅੰਦੋਲਨ ਸਸ਼ਤ੍ਰ ਕ੍ਰਾਂਤੀ ਦੁਆਰਾ ਆਪਣੇ ਨਵੇਂ ਰੂਪ ਵਿਚ ਸਾਹਮਣੇ ਆਇਆ ।

ਕਵੀ ਵੀਰ ਸਿੰਘ ਬਲ ਨੇ "ਸਿੰਘ ਸਾਗਰ" ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਦੇ ਯੁੱਧਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਹੈ, ਪਰ ਸੰਪਾਦਨ ਅਧੀਨ ਰਚਨਾ ਵਿਚ ਯੁੱਧ ਦਾ ਸਹੀ ਪ੍ਰਸੰਗ ਛੇਵੇਂ ਗੁਰੂ ਦੇ ਚਰਿਤ੍ਰ ਵਿਚ ਰੂਪਮਾਨ ਹੁੰਦਾ ਹੈ । ਪੁਰਾਤਨ ਵੀਰ ਰਸੀ ਕਾਵਿ ਵਿਚ ਯੁੱਧ ਦਾ ਦੋ ਤਰ੍ਹਾਂ ਦੀਆਂ ਸ਼ੈਲੀਆਂ ਵਿਚ ਵਰਣਨ ਹੋਇਆ ਹੈ—ਪ੍ਰਕ੍ਰਿਤ ਸ਼ੈਲੀ

[1]'ਆਦਿ ਗ੍ਰੰਥ', ਪੰਨਾ 1288

ਅਤੇ ਅਪ੍ਰਕ੍ਰਿਤ ਸ਼ੈਲੀ। ਪ੍ਰਕ੍ਰਿਤ ਸ਼ੈਲੀ ਰਾਹੀਂ ਵਿਸ਼ੇ ਦਾ ਸਿਧਾ ਜਾਂ ਪ੍ਰਤਖ ਵਰਣਨ ਹੁੰਦਾ ਹੈ। ਇਸ ਸ਼ੈਲੀ ਵਿਚ ਲਘੂ ਛੰਦਾਂ ਰਾਹੀਂ ਯੁੱਧ ਦੀ ਤੀਬਰ ਅਤੇ ਮਧਮ ਗਤੀ ਨੂੰ ਚਿਤ੍ਰਿਆ ਜਾਂਦਾ ਹੈ। ਇਸ ਵਿਚ ਅਲੰਕਾਰ ਬੀੜਨ ਦਾ ਅਵਸਰ ਨਹੀਂ ਹੁੰਦਾ, ਪਰ ਯੁੱਧ-ਧਨੀ-ਚਿਤਰਾਂ ਦੀ ਪ੍ਰਧਾਨਤਾ ਹੁੰਦੀ ਹੈ। ਇਸ ਸ਼ੈਲੀ ਦੀ ਵਰਤੋਂ ਕਵੀ ਨੇ ਇਸ ਰਚਨਾ ਵਿਚ ਨਹੀਂ ਕੀਤੀ। ਦੂਜੀ ਸ਼ੈਲੀ ਅਪ੍ਰਕ੍ਰਿਤ ਦਾ ਮੁੱਖ ਸਾਧਨ ਹੈ ਸਾਦ੍ਰਿਸ਼-ਮੂਲਕ ਅਲੰਕਾਰਾਂ (ਵਿਸ਼ੇਸ਼ ਰੂਪ ਵਿਚ ਉਪਮਾ, ਉਤਪ੍ਰੇਕਸ਼ਾ, ਰੂਪਕ, ਦ੍ਰਿਸ਼ਟਾਂਤ ਆਦਿ) ਦੀ ਸਹਾਇਤਾ ਨਾਲ ਯੁੱਧ ਦਾ ਵਰਣਨ ਕਰਨਾ। ਇਸ ਸ਼ੈਲੀ ਵਿਚ ਧੁਨੀ-ਚਿਤਰਾਂ ਜਾਂ ਸਿਧੇ ਯੁੱਧ ਵਰਣਨ ਦੀ ਭਾਵੇਂ ਕੋਈ ਵਰਜਨਾ ਨਹੀਂ ਪਰ ਇਸ ਸ਼ੈਲੀ ਰਾਹੀਂ ਜੋ ਮਹੱਤਵ ਅਲੰਕਾਰਾਂ ਦੀ ਸਹਾਇਤਾ ਨਾਲ ਚਿਤ੍ਰਿਤ ਸਮਾਨਾਂਤਰ ਚਿਤਰਾਂ ਨੂੰ ਮਿਲਿਆ ਹੈ, ਉਹ ਪ੍ਰਕ੍ਰਿਤ ਸ਼ੈਲੀ ਵਾਲੇ ਚਿਤਰਾਂ ਨੂੰ ਨਹੀਂ। ਕਵੀ ਵੀਰ ਸਿੰਘ ਨੇ ਅਧਿਕਤਰ ਯੁਧ-ਵਰਣਨ ਦੀ ਅਪ੍ਰਕ੍ਰਿਤ ਸ਼ੈਲੀ ਨੂੰ ਹੀ ਅਪਣਾਇਆ ਹੈ।

'ਗੁਰਕੀਰਤ ਪ੍ਰਕਾਸ਼' ਵਿਚ ਵਿਸ਼ੇਸ਼ ਕਰ ਕੇ ਛੇਵੇਂ ਹੁਲਾਸ ਵਿਚ ਯੁੱਧ ਦੇ ਅੰਗ-ਪ੍ਰਤਿ-ਅੰਗ ਦਾ ਬਿਆਨ ਹੋਇਆ ਹੈ। ਸ਼ੰਕਾ ਪੱਖ ਤੋਂ ਲੈ ਕੇ ਸਮਾਧਾਨ ਪੱਖ ਦੀ ਹਰ ਸਥਿਤੀ ਦਾ ਬੜੀ ਸੂਖਮਤਾ ਨਾਲ ਚਿਤ੍ਰਣ ਹੋਇਆ ਵੇਖਿਆ ਜਾ ਸਕਦਾ ਹੈ। ਪਰ ਅਧਿਕ ਜ਼ਿਕਰ ਸੰਘਰਸ਼ ਪੱਖ ਦਾ ਕੀਤਾ ਗਿਆ ਹੈ। ਲੜਾਈ ਦੇ ਕੁਝ ਕੁ ਪੱਖਾਂ ਦੇ ਚਿਤ੍ਰਣ ਦੇ ਨਮੂਨੇ ਇਸ ਪ੍ਰਕਾਰ ਹਨ :

ਗੁਰੂ ਹਰਿਗੋਬਿੰਦ ਦਾ ਵੈਰੀ ਦਲ ਤੇ ਹਮਲਾ ਕਰਨ ਲਈ ਰਣ ਤੱਤੇ ਵਿਚ ਕੁਦ ਕੇ ਅਤੇ ਲੋਥ ਤੇ ਲੋਥ ਚੜ੍ਹਾ ਕੇ ਆਪਣੀ ਯੁੱਧ-ਨਿਪੁੰਨਤਾ ਦਾ ਸੁੰਦਰ ਪਰਿਚਯ ਇਸ ਪ੍ਰਕਾਰ ਪ੍ਰਸਤੁਤ ਕੀਤਾ ਗਿਆ ਹੈ :

ਢਾਲ ਕ੍ਰਿਪਾਣ ਸਭਾਰ ਸਿਰੀ ਗੁਰ ਸੈਨ ਸਨੇਤ ਧਸੇ ਰਣ ਭਾਰੇ।
ਸੱਯਦ ਸੇਖ ਪਠਾਣ ਜਹਾਂ ਢਿਗ ਮੁਗਲ ਸ੍ਰੇਗ ਹਠੀ ਰਣਆਰੇ।
ਤਾਂਹਿ ਸਿਰੀ ਗੁਰ ਆ ਪਹੁਚੇ ਕਰ ਦੱਛਨ ਖੱਗ ਸੰਭਾਰ ਦੁਧਾਰੇ। ੨੭੧।
ਤਾਂਹਿ ਸਮੇਂ ਹਰਿਗੋਬਿੰਦ ਜੂ ਰਿਸ ਸੀਸ ਸਬੇਗ ਕੇ ਖੱਗ ਪ੍ਰਹਾਰੇ।
ਮੂੰਡ੍ਹ ਉਤਾਰਿ ਤਬੈ ਅਰ ਕੇ ਫਿਰ ਸੱਯਦ ਸੇਖ ਪਠਾਨ ਪਛਾਰੇ।
ਲੁੱਥ ਪੈ ਲੁੱਥ ਗਿਰੀ ਜੁਗ ਜੁੱਥ ਚਲਿਯੋ ਬਹਿ ਸ੍ਰੋਣੁ ਜਿਯੁ ਸਾਂਵਨ ਨਾਰੇ।
ਰਾਮ ਹਨਿਯੋ ਖਰੁ ਦੂਖਰੁ ਜਿਯੋਂ ਬਨ ਤਿਯੋ ਗੁਰ ਯਾਂ ਰਣੁ ਤ੍ਰਕ ਸੰਘਾਰੇ।੨੭੨।
(ਹੁਲਾਸ 6)

ਉਪਰੋਕਤ ਪੰਕਤੀਆਂ ਵਿਚ ਕਵੀ ਰਾਮ ਦੇ ਖਰ ਦੂਖਣ ਦੇ ਮਾਰਨ ਦੀ ਪੌਰਾਣਿਕ ਘਟਨਾ ਦੇ ਸਮਾਨਾਂਤਰ ਉਪਮਾਨ ਰਾਹੀਂ ਗੁਰੂ ਹਰਿਗੋਬਿੰਦ ਦੁਆਰਾ ਤੁਰਕਾਂ ਦੇ ਸੰਘਾਰ ਦਾ ਸੁੰਦਰ ਚਿਤ੍ਰਣ ਕੀਤਾ ਹੈ। ਇਸੇ ਤਰ੍ਹਾਂ ਇਕ ਹੋਰ ਪ੍ਰਸੰਗ ਵਿਚ ਵੈਰੀ ਦਲ ਗੁਰੂ ਜੀ ਉਤੇ ਚਹੁੰਆਂ ਪਾਸਿਆਂ ਤੋਂ ਟੁੱਟ ਕੇ ਪੈ ਜਾਂਦਾ ਹੈ। ਇਸ ਅਵਸਥਾ ਵਿਚ ਗੁਰੂ ਸਾਹਿਬ ਇਕ-ਦਮ ਸਚੇਤ ਹੋ ਕੇ ਦੁਸ਼ਮਣਾਂ ਨੂੰ ਪ੍ਰਛਾੜਦੇ ਹੋਏ ਆਪਣੀ ਯੁੱਧ-ਕੁਸ਼ਲਤਾ ਦਾ ਸਬੂਤ ਪੇਸ਼ ਕਰਦੇ ਹਨ :

ਯੋਂ ਉਮਡਿਯੋ ਚਹੂੰ ਓਰਨ ਤੇ ਦਲੁ ਜਿਯੁੰ ਜਲ ਸਿੰਧ ਤਵਾ ਪਰ ਧਾਇਯੋ।

ਤਾਂਹਿ ਸਮੈਂ ਹਰਿਗੋਬਿੰਦਿ ਜੂ ਗਹਿ ਬਾਂਨ ਕਮਾਨੇ ਸੁ ਸਾਮੁਹੇਂ ਆਇਯੋ ।
ਦੈ ਗੁਨ ਮੈਂ ਸਰ ਮੰਤ੍ਰ ਪਢਿਯੋ ਧਨੁ ਕਾਂਨ ਲੌ ਤਾਂਨ ਕੈ ਬਾਂਨੁ ਚਲਾਇਯੋ ।
ਏਕ ਤੇ ਲਾਖ ਅਨੇਕ ਭਏ ਸਰ ਸਾਂਵਨ ਬੂੰਦ ਨ ਜਿਯੁ ਦਰਸਾਇਯੋ । ੪੧੩ ।
ਮਾਰ ਧਰੀ ਸਰ ਕੀ ਅਰ ਪੁੰਜ ਪੈ ਰੋਸ ਭਰੇ ਮਨ ਸਾਂਤ ਨ ਆਵੈ ।
ਬੇਗ ਹੀ ਬੇਗ ਸਰਾਸਰ ਦੈ ਸਰ ਕਾਂਨ ਪ੍ਰਮਾਂਨ ਤਨਾਇ ਚਲਾਵੈ ।
ਹੇਰ ਸਰੂਪ ਸਿਰੀ ਗੁਰ ਕੋ ਬਿਧ ਯੌ ਸੁਕਚੈ ਮਨ ਮੈ ਦੁਖੁ ਪਾਵੈ ।
ਮੈ ਸ੍ਰਮੁ ਕੈ ਤ੍ਰਈ ਲੋਕੁ ਰਚਿਯੋ ਗੁਰ ਜਾਨਤ ਹੋ ਸਭੁ ਆਜ ਖਪਾਵੈ । ੪੧੪ ।

(ਹੁਲਾਸ 6)

ਇਨ੍ਹਾਂ ਸਤਰਾਂ ਵਿਚ ਗੁਰੂ ਸਾਹਿਬ ਦੀ ਨਿਪੁੰਨ ਤੀਰ ਅੰਦਾਜ਼ੀ ਅਤੇ ਵੈਰੀ ਦਲ ਦੇ ਨਿਰੰਤਰ ਵਿਨਾਸ਼ ਦੀ ਗੱਲ ਬੜੇ ਸੁੰਦਰ ਢੰਗ ਨਾਲ ਕਹੀ ਗਈ ਹੈ । ਤੀਰਾਂ ਨੂੰ ਸਾਵਣ ਦੇ ਮੀਂਹ ਦੀਆਂ ਬੂੰਦਾਂ ਵਾਂਗ ਦਰਸਾ ਕੇ ਜਿੱਥੇ ਸੁੰਦਰ ਉਪਮਾਨ-ਵਿਧਾਨ ਹੋਇਆ ਹੈ, ਉਥੇ ਨਾਲ ਹੀ ਬ੍ਰਹਮਾ ਦੇ ਮਨ ਵਿਚ ਤਿੰਨਾਂ ਲੋਕਾਂ ਦੇ ਵਿਨਾਸ਼ ਦੇ ਭੈ-ਭਾਵ ਦੀ ਸਿਰਜਨਾ ਦੁਆਰਾ ਗੁਰੂ ਜੀ ਦੀ ਯੁੱਧ-ਤੀਬਰਤਾ ਅਤੇ ਨਿਪੁੰਨਤਾ ਦੇ ਭਾਵ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਰੂਪਮਾਨ ਕੀਤਾ ਹੈ ।

ਗੁਰੂ ਸਾਹਿਬਾਨ ਵਾਂਗ ਉਨ੍ਹਾਂ ਦਾ ਸਪੁੱਤਰ ਬਾਬਾ ਗੁਰਦਿੱਤਾ ਵੀ ਧਨੁਸ਼-ਯੁੱਧ ਵਿਚ ਕਮਾਲ ਮੁਹਾਰਤ ਰਖਦਾ ਦਰਸਾਇਆ ਗਿਆ ਹੈ । ਕਾਲੇ ਖਾਂ ਨੂੰ ਤੀਰ ਨਾਲ ਇਕਦਮ ਵਿੰਨ੍ਹਣ ਦੀ ਕੁਸ਼ਲਤਾ ਦਾ ਜ਼ਿਕਰ ਕਰਦਿਆਂ ਕਵੀ ਨੇ ਲਿਖਿਆ ਹੈ :

ਫੇਰ ਫਿਰਿਯੋ ਰਣ ਕੋਪ ਕੈ ਕਾਲੇ ਖਾਂ ਕਾਢ ਕ੍ਰਿਪਾਂਨ ਭਲੇ ਚਮਕਾਈ ।
ਸਾਂਮੁਹੇਂ ਆਇ ਸਿਰੀ ਗੁਰ ਕੈ ਕਹਿਯੋ ਜਾਹੁ ਕਹਾਂ ਹਰਿ ਗੋਬਿੰਦ ਰਾਈ ।
ਤਾਂਹਿ ਸਮੈਂ ਸਿਰੀ ਬਾਬੇ ਗੁਦੱਤ ਜੂ ਦੈ ਗੁਨ ਬਾਂਨੁ ਕਮਾਨ ਚਢਾਈ ।
ਕਾਂਨ ਲੌ ਤਾਂਨ ਕਮਾਨ ¯ਹਨਿਯੋ ਸਰੁ ਕਾਲੇ ਕੋ
ਕਾਲ ਗ੍ਰਿਸਿਯੋ ਜਨੁ ਜਾਈ । ੫੨੫ ।

(ਹੁਲਾਸ 6)

ਯੁੱਧ-ਭੂਮੀ ਦੇ ਦੁਅੰਦ-ਯੁੱਧ ਅਤੇ ਤੁਮਲ-ਯੁੱਧ ਦੇ ਦ੍ਰਿਸ਼ਾਂ ਤੋਂ ਇਲਾਵਾ ਕਵੀ ਨੇ ਯੁੱਧ ਦੀ ਤਿਆਰੀ, ਫੌਜ ਦੀ ਚੜ੍ਹਤਲ ਆਦਿ ਪੱਖਾਂ ਨੂੰ ਵੀ ਚਿਤ੍ਰਿਆ ਹੈ :

ਖਾਸਕੀ ਸਵਾਰ ਹੋ ਹਜਾਰ ਚਾਰ ਚਮੂੰ ਗੁਰ,
ਰਾਖੀ ਸੋ ਹਜੂਰ ਅਸ ਪਾਖਰਾਂ ਪਵਾਤ ਹੈ ।
ਆਏ ਉਤ ਦੀਹ ਦਲ ਘਟਾ ਸਮ ਦੁਜਨ ਕੇ
ਕਰੀ ਬਰਦਾਨ ਪਾਤ ਦਾਂਤ ਯੌ ਲਸਾਤੁ ਹੈ ।
ਤਾਂਹੀ ਸਮੈਂ ਗੁਰੂ ਮਹਾਰਾਜ ਪੂਜਾ ਕਰੀ
ਬਾਂਧਿਯੋ ਕਟ ਫੈਂਟਾ ਅੰਗ ਆਯੁਧ ਸਜਾਤੁ ਹੈ । ੫੧੪ ।

(ਹੁਲਾਸ 6)

ਹਾਥੀਆਂ ਦੇ ਦੰਦਾਂ ਦੀਆਂ ਪੰਕਤੀਆਂ ਦਾ ਬਗਲਿਆਂ ਦੀਆਂ ਕਤਾਰਾਂ ਵਾਂਗ ਸ਼ੋਭਿਤ ਹੋਣਾ ਅਤੇ ਨਗਾਰਿਆਂ ਦੀ ਧੁਨੀ ਨੂੰ ਸੁਣ ਕੇ ਸਾਵਣ ਦਾ ਲਜਾਣਾ ਆਦਿ ਗੱਲਾਂ ਫੌਜ ਦੀ

ਚੜ੍ਹਤਲ ਦੇ ਪ੍ਰਭਾਵ ਨੂੰ ਤੀਬਰ ਕਰਦੀਆਂ ਹਨ।

ਕਵੀ ਨੇ ਯੁੱਧ ਦੇ ਸਮਾਧਾਨ ਪੱਖ ਵਿਚ ਹਾਰੀ ਅਤੇ ਜਿੱਤੀ ਹੋਈ ਫੌਜ ਦਾ ਚਿਤ੍ਰਣ ਵੀ ਕੀਤਾ ਹੈ, ਜਿਵੇਂ :

ਹਾਰੀ ਹੋਈ ਫੌਜ

(i) ਤਿਯਾਗ ਤਬੈ ਰਣ ਭੂੰਮ ਚਲੇ ਸਭ ਸੈਯਦ ਸੇਖ ਚਮੂੰ ਮੁਗਲਾਣੀ।
ਤ੍ਰਾਸ ਸਿਰੀ ਹਰਿਗੋਬਿੰਦ ਕੈ ਗਹਿਯੋ ਦਾਂਤਨ ਘਾਸੁ ਬਿਰੂਥ ਪਠਾਂਣੀ।
ਘਾਇਲ ਘੂੰਮਤ ਹੈਂ ਧਰ ਪੈ ਇਕ ਮਾਂਗਤ ਹੈ ਕਰ ਸੈਂਨਨ ਪਾਣੀ।
ਯੋਜਨ ਏਕ ਲੌ ਖੇਤੁ ਪਰਿਯੋ ਕਟੇ ਯੌਂ ਭਟ ਜਿਯੁ ਬਨ ਗੰਨ ਤਖਾਣੀ। ੫੩੧।
(ਹੁਲਾਸ 6)

(ii) ਜੈਦਿ ਬਿਰਾਰਨ ਛੇਤ ਦਏ ਜਿਮ ਖੇਤ ਕਟੇ ਕਰ ਹੇਤੁ ਕ੍ਰਿਸਾਣੇ।
ਭੇਸ ਬੁਰੇ ਸਿਰ ਕੇਸ ਜੁਰੇ ਭਜ ਜਾਇ ਦੁਰੇ ਧੁਰ ਓਟ ਨ ਥਾਣੇ। ੧੦੮।
(ਹੁਲਾਸ 7)

ਜਿੱਤੀ ਹੋਈ ਫੌਜ

ਜੀਤ ਭਈ ਕਾਲੇ ਕੀ ਜਬ ਹੀ। ਕੁਲ ਕਾਨਨੁ ਬਿਗਿਸਿਯੋ ਸੁਨ ਸਭ ਹੀ।
ਜੀਤ ਜੰਗ ਨਿਜ ਧਾਮ ਸਿਧਾਏ। ਗੁਰ ਪ੍ਰਸਾਦ ਨਿਰਭੈ ਪਦ ਪਾਏ। ੧੦੯।
(ਹੁਲਾਸ 7)

ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਜਿੱਥੇ ਵੀ ਅਤੇ ਜਦੋਂ ਵੀ ਕਵੀ ਨੂੰ ਅਵਸਰ ਮਿਲਿਆ ਹੈ, ਉਸ ਨੇ ਅਪ੍ਰਕ੍ਰਿਤ ਸ਼ੈਲੀ ਵਿਚ ਯੁੱਧ ਦਾ ਬੜੀ ਮਗਨਤਾ ਨਾਲ ਵਰਣਨ ਕੀਤਾ ਹੈ। ਮੇਰਾ ਵਿਚਾਰ ਹੈ ਕਿ ਕਵੀ ਦੀ ਕਾਵਿ-ਪ੍ਰਤਿਭਾ ਨੂੰ ਵਿਕਸਿਤ ਹੋਣ ਦਾ ਅਵਸਰ ਹੀ ਯੁੱਧ-ਪ੍ਰਸੰਗਾਂ ਵਿਚ ਮਿਲਿਆ ਹੈ। ਸਚਮੁਚ ਕਵੀ ਵੀਰ ਸਿੰਘ ਯੁੱਧ-ਚਿਤ੍ਰਣ ਦਾ ਸਿੱਧਹਸਤ ਕਵੀ ਹੈ।

ਛੰਦ-ਵਿਧਾਨ

ਇਹ ਸਾਰੀ ਰਚਨਾ ਛੰਦ-ਬੱਧ ਹੈ। ਛੰਦ ਵੀ ਅਧਿਕਾਂਸ਼ ਵਰਣਿਕ ਅਤੇ ਗਣਿਕ ਹਨ। ਕਵੀ ਨੇ ਮਾਤ੍ਰਿਕ ਛੰਦਾਂ ਦੀ ਘਟ ਵਰਤੋਂ ਕੀਤੀ ਹੈ। ਸਿਰਖੰਡੀ ਛੰਦ ਪੰਜਾਬੀ ਕਵਿ-ਪਰੰਪਰਾ ਦਾ ਹੈ। 'ਪਉੜੀ' ਲਈ ਆਮ ਤੌਰ ਤੇ ਨਿਸ਼ਾਨੀ ਅਤੇ ਸਿਰਖੰਡੀ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। 'ਨਿਸ਼ਾਨੀ' ਤਾਂ ਭਾਵੇਂ ਆਦਿ ਕਾਲ ਤੋਂ ਹੀ ਪਉੜੀ ਲਈ ਵਰਤਿਆ ਜਾਂਦਾ ਹੈ, ਪਰ 'ਸਿਰਖੰਡੀ' ਬਾਰੇ ਵਿਦਵਾਨਾਂ ਦੀ ਧਾਰਨਾ ਹੈ ਕਿ ਇਸ ਦੀ ਵਰਤੋਂ ਦਾ ਆਰੰਭ ਸਭ ਤੋਂ ਪਹਿਲੀ ਵਾਰ 'ਚੰਡੀ ਦੀ ਵਾਰ' ਵਿਚ ਹੋਇਆ। ਇਸ ਛੰਦ ਵਿਚ ਜੋ ਵੀ ਕਾਵਿ-ਸਿਰਜਨਾ ਹੋਈ ਹੈ, ਉਸ ਦੀ ਭਾਸ਼ਾ ਸ਼ੁੱਧ ਪੰਜਾਬੀ ਹੈ, ਜਦ ਕਿ ਬਾਕੀ ਦੇ ਛੰਦਾਂ ਲਈ ਵਰਤੀ ਗਈ ਭਾਸ਼ਾ ਬ੍ਰਜ ਹੈ। ਇਸ ਤੋਂ ਸਿੱਧ ਹੈ ਕਿ ਛੰਦ ਦੇ ਸਰੂਪ ਅਨੁਸਾਰ ਕਵੀ ਨੇ ਭਾਸ਼ਾ ਦਾ ਸਰੂਪ ਵੀ ਬਦਲ ਦਿੱਤਾ ਹੈ।

ਕਵੀ ਨੇ ਕੁਲ 15 ਛੰਦਾਂ ਦੀ ਵਰਤੋਂ ਕੀਤੀ ਹੈ, ਜਿਵੇਂ—ਦੋਹਰਾ, ਸੋਰਠਾ, ਸਵੈਯਾ, ਕਬਿਤ, ਚੌਪਈ, ਭੁਜੰਗ ਪ੍ਰਯਾਤ, ਗੀਆ ਮਾਲਤੀ, ਅੜਲ, ਸੰਖ ਨਾਰੀ, ਛਪੈ, ਸਿਰਖੰਡੀ,

ਸੰਕਰ, ਨਰਾਜ, ਤੋਮਰ ਅਤੇ ਤੋਟਕ । ਕਵੀ ਦਾ ਛੰਦ-ਵਿਧਾਨ ਮੂਲ ਰੂਪ ਵਿਚ ਨਿਪੁੰਨ ਹੈ, ਪਰ ਗੁਰਮੁਖੀ ਲਿਪੀ ਦੇ ਸ਼ਬਦ-ਜੋੜਾਂ ਦੀਆਂ ਸਮੱਸਿਆਵਾਂ ਨੇ ਛੰਦ-ਨਿਪੁੰਨਤਾ ਤੇ ਅਸਰ ਪਾਇਆ ਹੈ, ਪਰ ਜੇ ਸ਼ਬਦ-ਜੋੜਾਂ ਨੂੰ ਸਹੀ ਰੂਪ ਦੇ ਦਿੱਤਾ ਜਾਵੇ, ਤਾਂ ਛੰਦ ਸੰਬੰਧੀ ਅਨੇਕ ਸਮੱਸਿਆਵਾਂ ਦਾ ਸਮਾਧਾਨ ਹੋ ਸਕਦਾ ਹੈ ।

ਛੰਦ-ਵਿਧਾਨ ਦੀ ਦ੍ਰਿਸ਼ਟੀ ਤੋਂ ਪੁਰਾਤਨ ਬ੍ਰਜ ਭਾਸ਼ੀ ਜਾਂ ਅਵਧੀ ਕਾਵਿ ਵਿਚ ਤਿੰਨ ਪ੍ਰਕਾਰ ਦੀਆਂ ਸ਼ੈਲੀਆਂ ਦਾ ਵਿਕਾਸ ਹੋਇਆ ਹੈ। ਇਕ, ਦੋਹਾ-ਚੌਪਈ ਸ਼ੈਲੀ—ਇਸ ਸ਼ੈਲੀ ਵਿਚ ਬ੍ਰਿਤਾਂਤਿਕ ਕਾਵਿ ਦੀ ਰਚਨਾ ਕੀਤੀ ਜਾਂਦੀ ਸੀ। ਗੋਸੁਆਮੀ ਤੁਲਸੀ ਦਾਸ ਦੀ ਸੁਪ੍ਰਸਿੱਧ ਰਚਨਾ 'ਰਾਮ ਚਰਿਤ ਮਾਨਸ' ਇਸੇ ਸ਼ੈਲੀ ਵਿਚ ਲਿਖੀ ਗਈ ਹੈ। ਮਲਿਕ ਮੁਹੰਮਦ ਜਾਇਸੀ ਨੇ ਵੀ ਆਪਣੇ ਪ੍ਰੇਮਾਖਿਆਨ 'ਪਦਮਾਵਤ' ਦੀ ਰਚਨਾ ਇਸੇ ਸ਼ੈਲੀ ਵਿਚ ਕੀਤੀ ਸੀ। ਗੁਰੂ ਅਰਜਨ ਦੇਵ ਨੇ ਵੀ 'ਸੁਖਮਨੀ' ਦੀ ਰਚਨਾ ਲਗਭਗ ਇਸੇ ਸ਼ੈਲੀ ਵਿਚ ਕੀਤੀ ਹੈ। ਦੂਜੀ, ਕਬਿਤ-ਸਵੈਯਾ ਸ਼ੈਲੀ ਹੈ । ਇਸ ਸ਼ੈਲੀ ਦੀ ਅਧਿਕ ਵਰਤੋਂ ਰੀਤੀ ਕਾਲ ਦੇ ਕਵੀਆਂ ਨੇ ਕੀਤੀ ਹੈ । ਆਮ ਤੌਰ ਤੇ ਲਲਿਤ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਇਹ ਛੰਦ ਸ਼ੈਲੀ ਅਧਿਕ ਪ੍ਰਵਾਨ ਰਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਟ ਬਾਣੀ ਅਧਿਕਤਰ ਇਸੇ ਸ਼ੈਲੀ ਵਿਚ ਲਿਖੀ ਹੈ । ਭਾਈ ਗੁਰਦਾਸ ਦੇ ਬ੍ਰਜ ਭਾਸ਼ਾ ਵਿਚ ਲਿਖੇ ਕਬਿਤ ਸਵੈਯੇ ਇਸ ਸ਼ੈਲੀ ਦੀਆਂ ਪ੍ਰਮਾਣਿਕ ਰਚਨਾਵਾਂ ਹਨ । ਤੀਜੀ, ਪੱਧੜੀ ਸ਼ੈਲੀ ਹੈ । ਇਸ ਦੀ ਵਰਤੋਂ ਅਧਿਕਤਰ ਰਾਜਸਥਾਨ ਦੇ ਚਾਰਣਾਂ ਨੇ ਕੀਤੀ ਹੈ ਅਤੇ ਯੁੱਧ ਪ੍ਰਸੰਗਾਂ ਲਈ ਇਹ ਵਿਸ਼ੇਸ਼ ਅਨੁਕੂਲ ਮੰਨੀ ਜਾਂਦੀ ਹੈ । ਇਨ੍ਹਾਂ ਤਿੰਨ੍ਹਾਂ ਵਿਚੋਂ ਕਵੀ ਨੇ ਪਹਿਲੀ ਅਤੇ ਦੂਜੀ ਦੋਹਾਂ ਕਾਵਿ ਸ਼ੈਲੀਆਂ ਦਾ ਵਿਸ਼ੇਸ਼ ਰੂਪ ਵਿਚ ਅਨੁਸਰਣ ਕੀਤਾ ਹੈ । ਯੁੱਧ-ਪ੍ਰਸੰਗਾਂ ਨੂੰ ਵੀ ਕਬਿਤ-ਸਵੈਯਾ ਸ਼ੈਲੀ ਵਿਚ ਹੀ ਚਿਤ੍ਰਿਆ ਹੈ । ਇਸ ਲਲਿਤ ਕਾਵਿ ਸ਼ੈਲੀ ਨੂੰ ਯੁੱਧ ਪ੍ਰਸੰਗਾਂ ਲਈ 'ਦਸਮਗ੍ਰੰਥ' ਵਿਚ ਖੁੱਲ੍ਹ ਕੇ ਅਪਣਾਇਆ ਗਿਆ ਸੀ । ਸੰਭਵ ਹੈ ਕਵੀ ਨੇ ਉਸੇ ਪ੍ਰਭਾਵ ਅਧੀਨ ਇਹ ਸ਼ੈਲੀ ਅਪਣਾਈ ਹੋਵੇ ।

ਪੰਜਾਬੀ ਵਿਚ ਬੈਂਤ-ਦਵੈਯਾ ਸ਼ੈਲੀ ਵਿਸ਼ੇਸ਼ ਮਹੱਤਵ ਰਖਦੀ ਹੈ । ਅਧਿਕਾਂਸ਼ ਕਿੱਸਾ-ਕਾਵਿ ਇਸੇ ਸ਼ੈਲੀ ਵਿਚ ਲਿਖਿਆ ਗਿਆ ਹੈ । ਸਲੋਕ, ਪਉੜੀ ਸ਼ੈਲੀ ਵੀ ਪੰਜਾਬੀ ਦੀ ਮੌਲਿਕ ਸ਼ੈਲੀ ਹੈ । ਇਸ ਦੀ ਵਰਤੋਂ ਵਾਰਾਂ ਵਿਚ ਹੁੰਦੀ ਹੈ ਅਤੇ ਨਿਸ਼ਾਨੀ, ਸਿਰਖੰਡੀ ਛੰਦ ਇਸ ਦੇ ਆਧਾਰ ਹਨ । 'ਗੁਰਕੀਰਤ ਪ੍ਰਕਾਸ਼' ਵਿਚ ਸਲੋਕ-ਪਉੜੀ ਸ਼ੈਲੀ ਦੀ ਵਰਤੋਂ ਦਾ ਕੁਝ ਨਮੂਨਾ ਸਿਰਖੰਡੀ ਛੰਦਾਂ ਵਿਚ ਵੇਖਿਆ ਜਾ ਸਕਦਾ ਹੈ । ਪਰ ਚੂੰਕਿ ਇਸ ਦੀ ਪ੍ਰਧਾਨ ਭਾਸ਼ਾ ਬ੍ਰਜ ਹੈ, ਇਸ ਲਈ ਬ੍ਰਜਭਾਸ਼ੀ ਜਾਂ ਅਵਧੀ ਸਾਹਿੱਤ ਵਾਲੀਆਂ ਸ਼ੈਲੀਆਂ ਹੀ ਅਧਿਕ ਅਪਣਾਈਆਂ ਗਈਆਂ ਹਨ ।

ਅਲੰਕਾਰ ਯੋਜਨਾ

ਬ੍ਰਜ ਭਾਸ਼ੀ ਕਾਵਿ ਪ੍ਰਵ੍ਰਿੱਤੀ ਦੇ ਅਨੁਰੂਪ ਹੋਣ ਕਰ ਕੇ ਇਸ ਰਚਨਾ ਨੂੰ ਕਾਵਿਗਤ ਚਮਤਕਾਰੀ ਉਪਚਾਰਿਕਤਾ ਤੋਂ ਮੁਕਤ ਨਹੀਂ ਕਿਹਾ ਜਾ ਸਕਦਾ । ਅਲੰਕਾਰਾਂ ਦੁਆਰਾ ਕੌਤੂਹਲ ਸ੍ਰਿਸ਼ਟੀ ਆਮ ਕੀਤੀ ਗਈ ਹੈ । ਸ਼ਬਦ ਅਲੰਕਾਰਾਂ ਵਿਚੋਂ ਲਗਭਗ ਸਭ ਦੇ ਨਮੂਨੇ ਇਸ ਰਚਨਾ ਵਿਚੋਂ ਮਿਲ ਜਾਂਦੇ ਹਨ । ਉਂਜ ਅਰਥ ਅਲੰਕਾਰਾਂ ਦੀ ਭਰਮਾਰ

ਹੈ। ਸ਼ਬਦ-ਅਲੰਕਾਰਾਂ ਵਿਚੋਂ ਅਨੁਪ੍ਰਾਸ ਦੀ ਪ੍ਰਧਾਨਤਾ ਹੈ ਅਤੇ ਅਰਥ-ਅਲੰਕਾਰਾ ਵਿ ਸਾਦ੍ਰਿਸ਼-ਮੂਲਕ ਅਤੇ ਤੁਲਨਾਤਮਕ ਪ੍ਰਮੁਖ ਹਨ, ਸ੍ਰਿੰਖਲਾ ਮੂਲਕ ਜਾਂ ਵਿਰੋਧ ਮੂਲਕ ਅਲੰਕਾਰਾਂ ਦੀ ਬਹੁਤ ਘੱਟ ਵਰਤੋਂ ਹੋਈ ਹੈ। ਅਰਥ-ਅਲੰਕਾਰਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਕਵੀ ਚਮਤਕਾਰੀ ਉਪਚਾਰਿਕਤਾ ਦੇ ਮੋਹ ਵਿਚ ਘਟ ਪਿਆ ਹੈ, ਸਭ ਥਾਂ ਅਲੰਕਾਰ ਭਾਵ ਦੇ ਉਤਕਰਸ਼ ਨੂੰ ਵਿਖਾਉਣ ਅਤੇ ਵਸਤੂਆਂ ਦੇ ਰੂਪ, ਗੁਣ ਅਤੇ ਕ੍ਰਿਆ ਦਾ ਤੀਬਰ ਅਨੁਭਵ ਕਰਾਉਣ ਦੇ ਧਰਮ ਦੀ ਪਾਲਨਾ ਕਰਦੇ ਹਨ। ਇਥੇ ਇਕ ਦੋ ਉਦਾਹਰਣ ਦੇ ਦੇਣਾ ਉਚਿਤ ਹੋਵੇਗਾ :

(1) ਬਾਜ ਪੈ ਪਾਖਰ ਪਾਉ ਅਬੈ ਉਸ ਬਾਜ ਕੇ ਖੋਜ ਇਹ ਬਾਜੁ ਚਲੇਗੋ।
ਸਾਹਿ ਸਲਾਮਤ ਬਾਜ ਜਹਾਂ ਵਹੁ ਜਾਵਤ ਨਾ ਇਹ ਤਾਂਹਿ ਟਲੇਗੋ।
ਕੌਤਕੁ ਵੇਖੁ ਅਬੈ ਹਮਰੋ ਦਿਲਬਾਗਹਿ ਸੋ ਗੁਲਬਾਗੁ ਰਲੇਗੋ।
ਸਾਹਿ ਹਜੂਰ ਹੁ ਕੂਰੁ ਕਹੋਂ ਤਨੁ ਸਾਗਰ·ਨੀਰ ਜਿਯੁੰ ਨੂੰਨ ਗਲੇਗੋ। ੩੯੪।
(ਹੁਲਾਸ 6)

(2) ਸੋਂਮ ਬਿਧੀ ਕਹਿਯੋ ਜਾਵਤ ਹੌਂ ਸੁਲਤਾਂਨ ਸਭਾਰ ਜੁਹਾਰ ਹਮਾਰੀ।
ਵਾਹਿਗੁਰੂ ਕਹਿ ਭਾਗ ਉਠਾਇ ਬਿਧੀ ਚੰਦ ਤੌਂ ਜੁਗ ਰਾਂਦ ਸਹਾਰੀ।
ਕੂਦ ਸੁ ਫਾਸ ਦਿਵਾਰ ਤੇ ਪਾਰ ਪਰੋ ਅਸੁ ਯੌਂ ਨਦ ਨੀਰ ਮਝਾਰੀ।
ਮਾਂਨੋ ਹਨੂੰ ਸੀਮਾ ਸੋਧ ਕੈ ਸਾਗਰ ਪਾਰ ਪਰੋ ਸਤ ਜੋਜਨ ਬਾਰੀ। ੩੧੧।
(ਹੁਲਾਸ 6)

ਉਪਰੋਕਤ ਪਹਿਲੇ ਛੰਦ ਵਿਚ ਝੂਠ ਬੋਲਣ ਦੇ ਫਲਸਰੂਪ ਸ਼ਰੀਰ ਦੇ ਗਲਣ ਦੇ ਭਾਵ ਨੂੰ ਪਾਣੀ ਵਿਚ ਲੂਣ ਦੀ ਤਰ੍ਹਾਂ ਗਲਣ ਦੀ ਗੱਲ ਰਾਹੀਂ ਪੁਸ਼ਟ ਕੀਤਾ ਗਿਆ ਹੈ ਅਤੇ ਦੂਜੇ ਛੰਦ ਵਿਚ ਘੋੜੇ ਦੇ ਕੁੱਦ ਕੇ ਨਦੀ ਵਿਚ ਛਾਲ ਮਾਰਨ ਦੀ ਕ੍ਰਿਆ ਦਾ ਸੀਤਾ ਦੀ ਭਾਲ ਕਰ ਕੇ ਸਤ ਜੋਜਨ ਤਕ ਫੈਲੇ ਸਮੁੰਦਰ ਨੂੰ ਇੱਕੋ ਛਾਲ ਨਾਲ ਪਾਰ ਕਰਨ ਦੀ ਹਨੂੰਮਾਨ ਦੀ ਸੁਪ੍ਰਸਿੱਧ ਕ੍ਰਿਆ ਦੁਆਰਾ ਤੀਬਰ ਅਨੁਭਵ ਕਰਵਾਇਆ ਗਿਆ ਹੈ।

ਕਵੀ ਦੇ ਉਪਮਾਨ ਸਿਰਜਨ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਉਪਮਾਨ ਰਾਹੀਂ ਲੋਕ-ਸਮ੍ਰਿਤੀ ਵਿਚ ਬੈਠੀਆਂ ਪੌਰਾਣਿਕ ਘਟਨਾਵਾਂ ਜਾਂ ਪ੍ਰਸੰਗਾਂ ਦੀ ਯਾਦ ਤਾਜ਼ਾ ਕੀਤੀ ਜਾਂ ਉਨ੍ਹਾਂ ਪ੍ਰਸੰਗਾਂ ਦਾ ਪਰਿਚਯ ਕਰਾਇਆ ਹੈ। ਇਸ ਉਪਮਾਨ-ਵਿਧਾਨ ਨਾਲ ਜਿਥੇ ਕਵੀ ਦੇ ਵਿਸ਼ਾਲ ਅਧਿਐਨ ਦਾ ਬੋਧ ਹੁੰਦਾ ਹੈ, ਉਥੇ ਨਾਲ ਹੀ ਪਾਠਕ ਦੇ ਗਿਆਨ ਵਿਚ ਵਾਧਾ ਹੁੰਦਾ ਹੈ। ਕੁਝ ਨਮੂਨੇ ਵਜੋਂ :

(1) ਬਾਈ ਸੈ ਬਾਜ ਪਵਾਇ ਸੁ ਪਾਖਰ ਸੰਗ ਸਤਾਈ ਸੈ ਪੈਦਲ ਲੈ ਕੇ।
ਆਯੁਧ ਅੰਬਰ ਕ੍ਰੀਟ ਜਿਗਾ ਕਲਗੀ ਰਤਨੰ ਬਰ ਅੰਗ ਸਜੈ ਕੈ।
ਸਾਥ ਸੁਗ੍ਰੀਵ ਜਿਯੁ ਬਾਲੁ ਸੰਘਾਰਣ ਰਾਮ ਚਲੇ ਗਿਰਿ ਤੇ ਰਿਸਿ ਕੈ ਕੈ।
ਨਾਥ ਸੱਤ੍ਰੁਦ੍ਰਵ ਸੈਂਨ ਸਮੇਤ ਤਿਯੁ ਧਾਇ ਚਲਿਯੋ ਚਢ ਊਪਰ ਗੈ ਕੇ। ੩੩।
(ਹੁਲਾਸ 7)

(2) ਐਸੇ ਕਹਿ ਤਬ ਪਰੋ ਰਿਸਾਇ। ਬਨ ਰਾਵਨ ਪੈ ਜਿਉ ਖਗਰਾਇ। ੧੯੪।

ਜਿਉ ਜਟਾਉ ਸੀਤਾ ਹਿਤ ਜੂਝਿਉ । ਗਹਿ ਕਮਾਨ ਗੋਰਾ ਤਿਉਂ ਲੂਝਿਓ । ੧੮੫ ।
(ਹੁਲਾਸ 7)

(3) ਤਾਂਹਿ ਸਮੈਂ ਸੁਨ ਕੈ ਸਭ ਸੰਗਤ ਆ ਗੁਰ ਕੈ ਢਿਗ ਭੇਟ ਚਢਾਈ ।
ਦੈ ਪਰਦਛਨ ਫੂਲ ਬਸਾਇ ਤਬੈ ਸਿਰ ਨਾਇ ਪਰੇ ਗੁਰ ਪਾਂਈ ।
ਐਸੇ ਗਏ ਪਰਪੰਚ ਸਭੈ ਡਰ ਬੇਗ ਗਈ ਮੰਜੀਆਂ ਦੁਰਬਾਈ ।
ਰਾਂਮ ਸਵੰਬਰ ਹੇਰ ਮਨੋ ਮਿਥਲੇਸ ਛਿਤੋਂ ਚਲੇ ਭੂਪ ਪਲਾਈ। ੧੮ ।
(ਹੁਲਾਸ 9)

(4) ਸੌਂਪ ਕਹਿਯਾ ਨਦ ਕੌਂ ਗੁਰ ਤਾਂ ਛਿਨ ਏਹੁ ਅਮਾਂਨ ਸੰਭਾਰੁ ਹਮਾਰੀ ।
ਜੇ ਜਲ ਰੰਚਕ ਜਾਇ ਨਜੀਕ ਕਰੋਂ ਤੁਮਰੇ ਸੰਗ ਏਹੁ ਉਚਾਰੀ ।
ਸਾਗਰ ਸੋਂ ਘਟ-ਪੂਤ ਕਰੀਂ ਜਿਵ ਤਿਯੁੰ ਸਮਝੋ ਮਨ ਮੈ ਨਿਰਧਾਰੀ ।
ਯੌਂ ਗੁਰੁ ਗ੍ਰਿਹ ਜੁ ਸੌਂਪ ਚਲਿਯੋ ਦਿਜ ਨੰਦ ਜਿਵੈ ਨੰਦ ਨੰਦ ਮੁਰਾਰੀ ।
(ਹੁਲਾਸ 9)

(5) ਹਨੇਂ ਜੀਤ ਜੋਧੇ ਰਣ ਐਸੇ । ਭਾਰਥ ਮੋ ਪਾਰਥ ਨ੍ਰਿਪ ਜੈਸੇ । ੧੫ ।
(ਹੁਲਾਸ 10)

ਉਪਰੋਕਤ ਛੰਦਾਂ ਵਿਚੋਂ ਪਹਿਲੇ ਵਿਚ ਸੁਗ੍ਰੀਵ ਨੂੰ ਨਾਲ ਲੈ ਕੇ ਸ੍ਰੀ ਰਾਮਚੰਦਰ ਜੀ ਦਾ ਬਾਲੀ ਨੂੰ ਸੰਘਾਰਨਾ, ਦੂਜੇ ਵਿਚ ਜਟਾਯੂ ਦਾ ਸੀਤਾ ਦੀ ਖਾਤਰ ਰਾਵਣ ਨਾਲ ਯੁੱਧ ਕਰਨਾ, ਤੀਜੇ ਵਿਚ ਸੀਤਾ ਸੁਅੰਬਰ ਵਿਚ ਰਾਜਿਆਂ ਦਾ ਖਿਸਕਣਾ ਆਦਿ ਰਾਮਾਇਣ ਆਧਾਰਿਤ ਪੌਰਾਣਿਕ ਪ੍ਰਸੰਗਾਂ ਨੂੰ ਚਿਤ੍ਰਿਆ ਗਿਆ ਹੈ। ਚੌਥੇ ਵਿਚ ਅਗਸਤ ਮੁਨੀ ਦੁਆਰਾ ਸਮੁੰਦਰ ਸੋਖਣ ਅਤੇ ਸ੍ਰੀ ਕ੍ਰਿਸ਼ਨ ਨੂੰ ਕਾਰਾਵਾਸ ਵਿਚੋਂ ਕਢ ਕੇ ਸੁਰਖਿਅਤ ਥਾਂ ਤੇ ਪਹੁੰਚਾਣ ਦੀਆਂ ਪੌਰਾਣਿਕ ਘਟਨਾਵਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਪੰਜਵੇਂ ਵਿਚ ਮਹਾਭਾਰਤ ਵਿਚ ਅਰਜਨ ਦੁਆਰਾ ਰਾਜਿਆਂ ਨੂੰ ਮਾਰਨ ਦੀ ਗੱਲ ਸਪਸ਼ਟ ਕੀਤੀ ਗਈ ਹੈ। ਇਸ ਤਰ੍ਹਾਂ ਕਵੀ ਨੇ ਰਾਮਾਇਣ, ਮਹਾਭਾਰਤ ਅਤੇ ਪੁਰਾਣਾਂ ਦੇ ਕਥਾਂ-ਪ੍ਰਸੰਗਾਂ ਦੀ ਪੁਨਰ-ਸਮ੍ਰਿਤੀ ਕਰਾਈ ਹੈ ਜਾਂ ਉਨ੍ਹਾਂ ਦਾ ਪਰਿਚਯ ਦੇ ਕੇ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ।

ਸਮੁੱਚੇ ਤੌਰ ਤੇ ਕਵੀ ਦੀ ਅਲੰਕਾਰ-ਯੋਜਨਾ ਕਾਵਿ ਦੇ ਸੋਹਜ ਨੂੰ ਵਧਾਉਣ ਲਈ ਕੀਤੀ ਗਈ ਹੈ। ਵਿਅਰਥ ਦੇ ਚਮਤਕਾਰ ਪ੍ਰਦਰਸ਼ਨ ਵਿਚ ਕਵੀ ਦਾ ਕਿਸੇ ਪ੍ਰਕਾਰ ਦਾ ਮੋਹ ਹੋਣਾ ਪ੍ਰਤੀਤ ਨਹੀਂ ਹੁੰਦਾ।

ਭਾਸ਼ਾ

ਨਿਰਸੰਦੇਹ ਇਸ ਰਚਨਾ ਦੀ ਪ੍ਰਧਾਨ ਭਾਸ਼ਾ ਬ੍ਰਜ ਹੈ, ਪਰ ਇਸ ਵਿਚ ਪੰਜਾਬੀ ਦਾ ਅੰਸ਼ ਵੀ ਮੌਜੂਦ ਹੈ। ਪੰਜਾਬੀ ਅੰਸ਼ ਤਿੰਨ ਰੂਪਾਂ ਵਿਚ ਉਪਲਬਧ ਹੁੰਦਾ ਹੈ। ਪਹਿਲਾ ਰੂਪ ਅਜਿਹੇ ਪਦਾਂ ਵਿਚ ਮਿਲਦਾ ਹੈ ਜੋ ਸ਼ੁੱਧ, ਨਿਰਮਲ ਪੰਜਾਬੀ ਵਿਚ ਰਚੇ ਗਏ ਹਨ, ਖਾਸ ਤੌਰ ਤੇ ਜਿੱਥੇ ਸਿਰਖੰਡੀ ਛੰਦ ਦੀ ਵਰਤੋਂ ਹੋਈ ਹੈ। ਉਦਾਹਰਣ ਵਜੋਂ :

(1) ਸ੍ਰੀ ਗੁਰ ਪਰਮ ਬਿਲਾਸੀ ਸੁਣ ਕੇ ਬਿਗਸਿਆ ।

ਪਹਿਲਾਂ ਭਾਖ ਸਬਾਸੀ ਕੰਠ ਲਗਾਇਆ ।
ਦਈ ਪੁਸ਼ਾਕੀ ਖਾਸੀ ਜੇਠੇ ਜੱਟ ਨੂੰ ।
ਮੁਹਿਰਾ ਦੀ ਭਰ ਤਾਸੀ ਦਿੱਤੀ ਹੋਰੁ ਇਕੁ ।
ਫੁਲਾਂ ਦੀ ਨਵਲਾਸੀ ਸਤਿਗੁਰ ਹੱਥ ਲੈ ।
ਸਦਿਆ ਤੀਰ ਮੀਰ ਰਸੀ ਬਾਬਾਕੁ ਆਪਣਾ ।
ਨਾਨਕ ਸਾਹਿ ਉਦਾਸੀ ਦਾ ਉਨ ਨਾਂਉ ਲੈ ।
ਸੋਢ ਬੰਸੁ ਸੁਖਵਾਸੀ ਸਾਰਾ ਗਾਂਵਿਆ ।
ਚੌਦਹਿ ਭਵਨ ਨਿਵਾਸੀ ਅੰਬਰ ਅੰਗ ਨਿਜ ।
ਹਾਥੀ ਮੁਹਿਰ ਚੌਰਾਸੀ ਦਿੱਤੀ ਡੂੰਮ ਨੂੰ । ੪੨੮ ।

(ਹੁਲਾਸ 6)

(2) ਜੋਦ ਪੀਗਣਾ ਧਾਇਆ ਰੁੱਕਾ ਵਾਚ ਕੈ ।
ਲੈਕਰ ਸਾਂਗਰ ਸਧਾਇਆ ਪਹਿਲਾਂ ਰਾਇ ਥੇ ।
ਲਾਲੇ ਦੇ ਘਰ ਆਇਆ ਮੰਡਪ ਬੇਗ ਚਲ ।
ਕਰਿ ਕਰ ਚਾਚਾ ਤਾਇਆ ਲਗਾ ਪੁਛਣੇ ।
ਕਰੀਯੇ ਕੌਣੁ ਉਪਾਇ ਆਖੁ ਸੁਣਾਉ ਤੂੰ ।
ਲਾਲੇ ਇਹ ਅਲਾਇਆ ਅੰਗਿਯੋ ਕੋਪ ਕਰ ।
ਪਾਣੀ ਅੰਨੁ ਨ ਭਾਇਆ ਮੈਨੂੰ ਮਾਲ ਬਿਨੁ ।
ਤੇਗ ਸਿੱਕਾ ਸਾਇਆ ਆਵੇ ਕੰਮ ਕਦ ।
ਗੁਰੂ ਹਰਿ ਰਾਇ ਸਿਖਾਇਆ ਪੰਚ ਮਰਾੜ ਦਾ ।
ਖੰਧਾ ਵੱਗੁ ਸੁਬਾਇਆ ਲੈ ਗਿਆ ਘੇਰ ਕੈ । ੧੯੩ ।

(ਹੁਲਾਸ 7)

ਕੁਝ ਅੜਲ ਛੰਦ ਵੀ ਪੰਜਾਬੀ ਵਿਚ ਲਿਖੇ ਮਿਲਦੇ ਹਨ, ਜਿਵੇਂ :

ਸਨੇ ਸਨੇ ਮੁਖ ਮੋਨ ਤਹਾ ਤੁਮ ਜਾਵਣਾ ।
ਲੈ ਲੋਟਾ ਫ੍ਰਿ ਸੀਘ੍ਰ ਉਥੋਂ ਆਂਵਣਾ ।
ਗੁਰ ਤੇ ਲੈ ਸਿੱਖੁ ਸਿਖਿ ਤਬੈ ਫਿਰ ਧਾਇਆ ।
ਹੋ ਸਨੇ ਸਨੇ ਲੈ ਲੇਣਾ ਸੀਘ੍ਰ ਆਇਆ । ੨੯੯ ।

(ਹੁਲਾਸ 1)

ਪੰਜਾਬੀ ਅੰਸ਼ ਦਾ ਦੂਜਾ ਰੂਪ ਪੰਜਾਬੀ ਸ਼ਬਦਾਵਲੀ ਦੀ ਵਰਤੋਂ ਵਿਚ ਵੇਖਿਆ ਸਕਦਾ ਹੈ, ਜਿਵੇਂ :

(1) ਗੁਰ ਜਾਣਦਾ ਸਭ ਘਟਾਂ ਕੀ ਪ੍ਰਭੁ ਕਰਨ ਕਾਰਨ ਜੋਗ । ੩੦੩ ।

(ਹੁਲਾਸ 6)

(2) ਜੋਗੀ ਤਾਮਸ ਧਾਰ ਸੁ ਲਗਾ **ਅਲਾਂਵਣੇ** ।
ਹੋ ਹਮ ਤੁਮਰਾ **ਕਦ** ਲੋਟਾ ਗਏ ਚੁਰਾਵਣੇ । ੨੯੭ ।

(ਹੁਲਾਸ 1)

(3) ਜੁਰ ਪਾਟ ਕੁੰਡਾ ਲਾਇ ਕੇ ਦਰ ਦੇਹੁ ਜੰਦਾ ਮਾਰ। ੯।
(ਹੁਲਾਸ 3)

(4) ਜੀਵਤ ਜੰਤ੍ਰ ਬਾਂਧ ਕਰ ਆਂਦਾ ਪੁਰ ਕਰਤਾਰ। ੪੯੦।
(ਹੁਲਾਸ 6)

(5) ਹੇਤ ਜਿਤੀ ਕਰਿ ਗੋਬਿੰਦ ਜੂ ਕਹਿਯੋ ਸਾਬਸ ਸੇਵਕ ਮੈਂਡਾ। ੪੪੬।
(ਹੁਲਾਸ 6)

ਇਸ ਦਾ ਤੀਜਾ ਰੂਪ ਪੰਜਾਬੀ ਵਿਆਕਰਣ ਦੀਆਂ ਵਿਸ਼ੇਸ਼ਤਾਵਾਂ ਨੂੰ ਅਪਨਾਉਣ ਵਿਚ ਖਿਆ ਜਾ ਸਕਦਾ ਹੈ, ਕਿਉਂਕਿ ਕਵੀ ਨੇ ਅਨੇਕ ਥਾਵਾਂ ਤੇ 'ਕਾ, ਕੇ, ਕੀ' ਸੰਬੰਧਕਾਂ ਦੀ ਪੰਜਾਬੀ ਦੇ 'ਦਾ, ਦੀ, ਦੇ' ਸੰਬੰਧਕਾਂ ਨੂੰ ਵਰਤਿਆ ਹੈ। ਇਸ ਤਰ੍ਹਾਂ ਬਹੁਵਚਨ ਾਉਣ ਜਾਂ ਲਿੰਗ ਅਨੁਰੂਪ ਸ਼ਬਦ-ਵਿਧਾਨ ਵਿਚ ਵੀ ਪੰਜਾਬੀ ਵਿਆਕਰਣ ਦਾ ਪ੍ਰਭਾਵ ਖਿਆ ਜਾ ਸਕਦਾ ਹੈ।

ਕਵੀ ਬ੍ਰਜ ਭਾਸ਼ਾ ਅਤੇ ਪੰਜਾਬੀ ਦਾ ਹੀ ਵਿਦਵਾਨ ਨਹੀਂ, ਸੰਸਕ੍ਰਿਤ ਦਾ ਵੀ ਉਸ ਵਿਸ਼ੇਸ਼ ਗਿਆਨ ਹੈ। ਇਸ ਗਿਆਨ ਦੀ ਗੱਲ ਉਸ ਦੀਆਂ ਦੋ ਸੰਸਕ੍ਰਿਤ ਸਾਹਿੱਤ ਧਾਰਿਤ ਰਚਨਾਵਾਂ 'ਗੋਪੀ ਚੰਦ ਵੈਰਾਗ ਸ਼ਤਕ' ਅਤੇ 'ਸੁਧ ਸਿੰਧੂ ਰਾਮਾਇਣ' ਤੋਂ ਹੀ ਸ਼ਟ ਹੈ। 'ਸਿੰਘ ਸਾਗਰ' ਅਤੇ ਸੰਪਾਦਨ ਅਧੀਨ ਰਚਨਾ ਵਿਚ ਵੀ ਖੁਲ੍ਹ ਕੇ ਸੰਸਕ੍ਰਿਤ ਬਦਾਵਲੀ ਅਤੇ ਪ੍ਰਸੰਗਾਂ ਦੀ ਵਰਤੋਂ ਕੀਤੀ ਗਈ ਹੈ। ਅਨੁਮਾਨ ਹੈ ਕਿ ਇਸ ਰਚਨਾ ਵਿਚ ਰਤੀ ਕਵੀ ਦੀ ਕੁਲ ਸ਼ਬਦਾਵਲੀ ਦਾ 50% ਅੰਸ਼ ਸੰਸਕ੍ਰਿਤ ਤੋਂ ਤਤਸਮ, ਅਰਧ ਤਸਮ ਜਾਂ ਤਦਭਵ ਰੂਪ ਵਿਚ ਆਇਆ ਹੈ। ਇਸ ਤਰ੍ਹਾਂ ਇਸ ਰਚਨਾ ਦੀ ਸ਼ਬਦਾਵਲੀ ਸਕ੍ਰਿਤ ਪ੍ਰਧਾਨ ਹੈ।

ਅਰਬੀ, ਫ਼ਾਰਸੀ ਸ਼ਬਦਾਵਲੀ ਦੇ ਵੀ ਲਗਭਗ ਦੋ ਸੌ ਸ਼ਬਦ ਤਤਸਮ/ਤਦਭਵ ਰੂਪ ਚ ਇਸ ਰਚਨਾ ਵਿਚ ਵਰਤੇ ਮਿਲ ਜਾਂਦੇ ਹਨ, ਜਿਵੇਂ—ਅਜਾਬ (ਅਜ਼ਾਬ), ਅਦਲ, ਤਸ (ਆਤਿਸ਼), ਅਫਤਾਬ (ਆਫ਼ਤਾਬ), ਸਾਦਕ, ਸਫੀਲ (ਫ਼ਸੀਲ), ਕਸਾਬ, ਕਸਬ, ਬੂਤ, ਕਦਦਾਨ, ਚਸਮ (ਚਸ਼ਮ), ਤਗੀਦ (ਤਾਕੀਦ), ਤਹਿਕੀਕ, ਤਕਸੀਰ, ਤਲਬ, ਨਾਰ, ਦੀਵਾਨ, ਨੇਬ (ਨਾਇਬ), ਨਦਾਰ (ਨਾਦਾਰ), ਨਫਰ (ਨਫ਼ਰ), ਨਫਸ (ਨਫ਼ਸ) ਆਜ (ਨਿਆਜ਼), ਨੌਬਤ, ਫਰਦ, ਫਰਜੰਦ (ਫ਼ਰਜ਼ੰਦ), ਬਿਲੰਦ (ਬੁਲੰਦ), ਮਸਨਦ, ਦਮ, ਮਤਾਬ (ਮਹਿਤਾਬ), ਮਰਦੂਦ, ਰੇਖਤਾ, ਆਦਿ। ਇਨ੍ਹਾਂ ਸ਼ਬਦਾਂ ਦੀ ਵਰਤੋਂ ਹੋ ਣਾ ਕੁਦਰਤੀ ਹੈ ਕਿਉਂਕਿ ਫ਼ਾਰਸੀ ਪਿਛਲੀਆਂ ਕਈ ਸਦੀਆਂ ਤੋਂ ਹਿੰਦੁਸਤਾਨ ਦੀ ਨਾ ਵਲ ਰਾਜ-ਭਾਸ਼ਾ ਹੀ ਰਹੀ ਹੈ, ਸਗੋਂ ਹਿੰਦੁਸਤਾਨ ਵਿਚ ਮੁਸਲਿਮ ਹਮਲਾਵਰਾਂ ਦੇ ਪ੍ਰਵੇਸ਼ ਠ ਉਨ੍ਹਾਂ ਦੇ ਸਭਿਆਚਾਰ ਦੇ ਅਨੇਕ ਤੱਤਾਂ ਨੇ ਹਿੰਦੁਸਤਾਨੀ ਸਭਿਆਚਾਰ ਉਤੇ ਪ੍ਰਭਾਵ ਇਆ। ਫ਼ਾਰਸੀ ਭਾਸ਼ਾ ਦਾ ਪ੍ਰਭਾਵ ਵੀ ਸਭਿਆਚਾਰਿਕ ਪ੍ਰਭਾਵ ਦਾ ਇਕ ਰੂਪ ਹੀ ਕਿਹਾ ਸਕਦਾ ਹੈ। ਇਸ ਪ੍ਰਕਾਰ ਦੀ ਸ਼ਬਦਾਵਲੀ ਦਾ ਕਵੀ ਦੀ ਰਚਨਾ ਵਿਚ ਨਾ ਵਰਤਿਆ ਣਾ ਕੁਦਰਤੀ ਵਿਕਾਸ ਵਿਚ ਰੁਕਾਵਟ ਪੈਦਾ ਕਰਨ ਦਾ ਭਾਵੇਂ ਕਾਰਣ ਬਣ ਸਕੇ।

ਉਦੋਂ ਤਕ ਅੰਗ੍ਰੇਜ਼ ਵੀ ਸਤਲੁਜ ਦਰਿਆ ਤਕ ਆਪਣਾ ਪ੍ਰਭਾਵ ਸਥਾਪਿਤ ਕਰ

ਚੁੱਕੇ ਸਨ । ਇਸ ਲਈ ਅੰਗ੍ਰੇਜ਼ੀ ਭਾਸ਼ਾ ਦੀ ਕੁਝ ਸ਼ਬਦਾਵਲੀ ਦਾ ਵਰਤਿਆ ਜਾਣਾ ਹੋ ਸਕਦਾ ਹੈ । ਪਰ ਇਸ ਪੱਖ ਤੋਂ ਥੋੜ੍ਹਾ ਨਿਰਾਸ ਹੋਣਾ ਪਵੇਗਾ । ਕੇਵਲ ਇਕ ਗੋਲੀ ਚਲਾਉਣ ਲਈ 'ਫੈਰ' ਸ਼ਬਦ ਦੀ ਵਰਤੋਂ ਹੋਈ ਹੈ :

ਫੈਰ ਹੀ ਫੈਰ ਰਹੇ ਇਤ ਤੇ ਗੁਰੁ
ਸੈਨ ਮਾਰੀ ਉਤ ਤੇ ਬਿਬਿਰਾਈ । ੨੬੬ ।

(ਹੁਲਾਸ 6)

ਭਾਸ਼ਾ ਸੰਬੰਧੀ ਕਵੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਸਨੇ ਭਾਸ਼ਾ ਦਾ ਭਾਵ, ਪਾਤਰ ਅਤੇ ਪ੍ਰਸੰਗ ਅਨੁਕੂਲ ਕੀਤਾ ਹੈ । ਭਾਸ਼ਾ ਦੀ ਅਨੁਕੂਲਤਾ ਹੀ ਵਿਸ਼ੇ ਦਾ ਪ੍ਰਭਾਵ ਸਹੀ ਰੂਪ ਵਿਚ ਪਾ ਸਕਦੀ ਹੈ ਅਤੇ ਉਚਿਤ ਵਾਤਾਵਰਣ ਦੀ ਹੋ ਸਕਦੀ ਹੈ । ਇਥੇ ਕੁਝ ਨਮੂਨੇ ਦੇ ਦੇਣੇ ਅਸੰਗਤ ਨਹੀਂ ਹੋਣਗੇ :

(1) ਕਿਲ੍ਹੇ ਵਿਚ ਕੈਦ ਰਾਜਿਆਂ ਨੇ ਜਹਾਂਗੀਰ ਤੋਂ ਮੁਕਤੀ ਹਾਸਲ ਕਰਨ ਲਈ ਸਾਹਿਬ ਨੂੰ ਪ੍ਰਾਰਥਨਾ ਕੀਤੀ । ਪ੍ਰਾਰਥਨਾ ਅਤੇ ਆਜਜ਼ੀ ਦੀ ਭਾਵ ਅਭਿਵਿਅਕ ਕਵੀ ਨੇ ਬੜੇ ਸੰਖੇਪ ਵਿਚ ਕਰਦੇ ਹੋਇਆਂ ਪੌਰਾਣਿਕ ਪ੍ਰਸੰਗਾਂ ਦੇ ਉਪਮ ਰਾਹੀਂ ਪ੍ਰੇਰਣਾਤਮਕ ਢੰਗ ਵਿਚ ਇਸ ਪ੍ਰਕਾਰ ਕੀਤੀ ਹੈ :

ਕਰ ਜੋਰ ਗੁਰੂ ਪਰਮੇਸਰ ਪੈ । ਲਗੇ ਕਰਨ ਪੁਕਾਰ ਹਿੰਦੇਸਰ ਪੈ ।
ਜਿਮ ਕੋਟਿ ਛਿਆਂਨਵੈ ਸੋਮ ਹਰੀ । ਪ੍ਰਭ ਬੂਡਤ ਰਾਖਿਆ ਸਿੰਧ ਕਰੀ । ੩੭
ਦ੍ਰੋਪਤਾ ਪਟ ਕੋਟ ਕਰੇ ਪਲ ਪੈ । ਪ੍ਰਭ ਪੂਤ ਸੰਦੀਪਨ ਜਿਉ ਜਲ ਮੈ ।
ਪ੍ਰਹਿਲਾਦ ਹਿੰਤ ਭਵਾਖੰਭ ਫਟੇ । ਦਾਮੋਦਰ ਜਿਉਂ ਜੁਗ ਬਿਰਛ ਪਏ । ੩੮ ।
ਤੀਏ ਗੋਤਮ ਸ੍ਰਾਪੁ ਜਿਉ ਟਾਲ ਦਇਯੋ । ਸੁਗ੍ਰੀਵ ਹਿਤੰ ਹਤੁ ਬਾਲ ਕਇਯੋ ।
ਜਿਮ ਸੈਨ ਹਿਤੰ ਨ੍ਰਿਪ ਸੇਣ ਕਰੀ । ਰਹੇ ਧੰਨੇ ਕੇ ਹੁਵੈ ਦਾਸ ਹਰੀ । ੧੩੯ ।
ਬਲ ਪਾਪ ਅਪਾਰੁ ਬਿਨਾਸਨ ਕੋ । ਹਰਿ ਗੋਬਿੰਦ ਰੂਪ ਹੁਤਾਸਨ ਕੋ ।
ਕਟ ਸ੍ਰਿੰਖਲ ਬੰਦ ਛਡਾਇ ਸਬੈ । ਪ੍ਰਭ ਸਾਥ ਲੈ ਚਾਲੋ ਮੋਹਿ ਅਬੈ । ੧੪੦ ।

(ਹੁਲਾਸ 6)

(2) ਗੁਰੂ ਹਰਿਗੋਬਿੰਦ ਨਾਲ ਹੋਏ ਦੁਅੰਦ ਯੁੱਧ ਵਿਚ ਗੁਰੂ ਜੀ ਦੀ ਤਲਵਾਰ ਗੰਭੀਰ ਰੂਪ ਵਿਚ ਘਾਇਲ ਹੋ ਕੇ ਡਿਗੇ ਪੈਂਦੇ ਖ਼ਾਂ ਨੂੰ ਗੁਰੂ ਜੀ ਅੰਤਿਮ ਵੇਲੇ ਕਲਮਾ ਪੜ੍ਹਨ ਲਈ ਪ੍ਰੇਰਦੇ ਹਨ, ਤਾਂ ਜੋ ਉਸ ਦੀ ਗਤੀ ਹੋ ਸਕੇ । ਜੀ ਦੀ ਇਸ ਗੱਲ ਦਾ ਉਤਰ ਪੈਂਦੇ ਖ਼ਾਂ ਆਪਣੇ ਮਨ ਵਿਚ ਮੌਜੂਦ ਸ਼ਰਧਾ ਨੂੰ ਉਜਾਗਰ ਕਰਦੇ ਹੋਇਆਂ ਆਪਣੇ ਚਰਿਤ੍ਰ ਦੀ ਦੁਬਿਧਾ-ਗ੍ਰਸਤ ਇਹ ਕਹਿ ਕੇ ਇਕਸੁਰ ਕਰਦਾ ਹੈ :

ਬਹੀ ਤਰਵਾਰ ਜਬ ਪੈਂਡੇ ਕਹਿਯੋ ਐਸੇ ਤਬ,
ਏਰੀ ਮੇਰੀ ਮਾਈ ਮੇਰੀ ਜਾਨ ਕੋ ਉਬਾਰੀਏ ।
ਗੁਰੂ ਮਹਾਰਾਜ ਕਹਿਯੋ ਕਲਮਾਂ ਕਹੁ ਪੈਂਡੇ ਖਾਂ,
ਮਾਈ ਕੋ ਵਿਸਾਰੁ ਨਾਮੁ ਸਾਈ ਕੋ ਚਿਤਾਰੀਏ ।

ਤੇਰੀ ਤੇਗ ਕਲਮਾ ਵੈ ਬਹੀ ਪ੍ਰਭ ਮੇਰੇ ਤਨ,
ਯਾ ਕੋ ਵਿਸਾਰ ਕਲਮਾਂ ਕੌਨ ਕੋ ਉਚਾਰੀਏ ।
ਗੁਰੂ ਮਹਾਰਾਜ ਕਹਿਯੋ ਹੋਇ ਕੇ ਕ੍ਰਿਪਾਲ ਤਬੈ,
ਜਾਹਿ ਤੂੰ ਬਹਿਸਤ ਪੈਂਡੇ ਆਇਸ ਹਮਾਰੀਏ । ੫੨੨ ।

(ਹੁਲਾਸ 6)

ਇਸ ਕਬਿਤ ਵਿਚ ਗੁਰੂ ਸਾਹਿਬ ਦੀ ਚਰਿਤ੍ਰਿਕ ਉਦਾਰਤਾ, ਧਰਮ ਨਿਰਪੇਖਤਾ ਅਤੇ ਮਨੁੱਖ ਦੇ ਅਧਿਆਤਮਿਕ ਕਲਿਆਣ ਦੀ ਗੱਲ ਵੀ ਸਪਸ਼ਟ ਹੋ ਜਾਂਦੀ ਹੈ ।

(3) ਸ਼ਾਹਜਹਾਨ ਵਲੋਂ ਭੇਜੇ ਗਏ ਕਰਮਚਾਰੀਆਂ ਨੂੰ ਗੁਰੂ ਹਰਿਗੋਬਿੰਦ ਦੁਆਰਾ ਬਾਜ਼ ਨਾ ਪਰਤਾਉਣ ਤੇ ਜਦ ਉਹ ਲੋਕ ਆਪਣੀ ਮਜਬੂਰੀ ਦਸਦੇ ਹਨ ਤਾਂ ਮਜਬੂਰੀ ਦੇ ਪ੍ਰਸੰਗ ਅਨੁਰੂਪ ਹੀ ਕਵੀ ਉਨ੍ਹਾਂ ਦੀ ਗੱਲ ਨੂੰ ਭਾਸ਼ਾ ਦਾ ਜਾਮਾ ਪਵਾਂਦਾ ਹੈ :

ਰਾਵਰੇ ਬਾਜ ਕੇ ਹੇਤ ਹਮੈ ਪਰ ਪਾਂਇ ਰਹੇ ਗੁਰੁ ਏਕ ਨ ਮਾਨੇ ।
ਲੂਟ ਕੇ ਜਾਨਕੀ ਨੰਦ ਪੁਰਾ ਵਹੁ ਨੀਤ ਧਰੇ ਲੇਉਂ ਪਾਇ ਖਜਾਨੇ । ੨੬੨ ।
ਸੂਰੁ ਉਦੇ ਦਿਸ ਪੱਛਮ ਹੋ ਫਿਰ ਗੰਗ ਬਹੇ ਉਲਟੀ ਜਗ ਮਾਂਹੀ ।
ਪਾਵਕੁ ਸੀਤਲੁ ਹੋਇ ਸਹੀ ਤ੍ਰਿਣ ਕਾਂਨਨ ਨੀਰੁ ਸਮੀਰੁ ਜਰਾਂਹੀ ।
ਮੇਰ ਹਲੇ ਧ੍ਰਅ ਠੌਰ ਤਜੇ ਗਹਿ ਸਿੰਘ ਮ੍ਰਿਗੀ ਸੁਤੁ ਗੋਦ ਖਿਲਾਂਹੀ ।
ਹੋਇ ਇਤੀ ਬਿਪਰੀਤ ਸਭੈ ਪਰੁ ਬਾਜੁ ਸਿਰੀ ਗੁਰ ਦੇ ਨ ਕਦਾਂਹੀ । ੨੬੩ ।

(ਹੁਲਾਸ 6)

ਇਥੇ ਵਿਪਰੀਤ ਅਵਸਥਾ ਦਾ ਪ੍ਰਸੰਗ ਸੁੰਦਰ ਢੰਗ ਨਾਲ ਨਿਭਾਇਆ ਗਿਆ ਹੈ । ਕਿਤੇ ਕਿਤੇ ਕਵੀ ਨੇ ਮੁਹਾਵਰੇ ਵੀ ਵਰਤੇ ਹਨ । ਇਹ ਮੁਹਾਵਰੇ ਪੰਜਾਬੀ ਅਤੇ ਬ੍ਰਜ-ਪ੍ਰਦੇਸ਼ੀ ਦੋਹਾਂ ਸਭਿਆਚਾਰਾਂ ਨਾਲ ਸੰਬੰਧਿਤ ਹਨ :

(1) ਚੁਪ ਕਰ ਬਿਸਵੇ ਬੀਸ ਬਚਿਆ ਜਹਾਨ ਸਾਹਿ । ੨੫੯ ।

(ਹੁਲਾਸ 6)

(2) ਸੁਣੋ ਪ੍ਰਭੂ ਪੂਰਨ ਅਬਨਾਸੀ । ਕਾਂ ਕੌ ਗਹਿਣੇ ਕਾ ਕੀ ਦਾਸੀ । ੧੩੨ ।

(ਹੁਲਾਸ 7)

(3) ਫੂਟਤ ਹੈ ਦੁਖ ਸੋ ਛਤੀਆ ਮਨੋ ਭੂੰਮ ਅਕਾਸ਼ ਨ ਦੇਵਤ ਢੋਈ । ੫ ।

(ਹੁਲਾਸ 8)

(4) ਅਬ ਤੋਂ ਬਾਤ ਘਾਤ ਪੈ ਆਈ । ੧੧ ।

(ਹੁਲਾਸ 8)

(5) ਸ੍ਰੀ ਗੁਰ ਤੁਮੈ ਬਿਰਦ ਕੀ ਲਾਜਾ । ੫ ।

(ਹੁਲਾਸ 9)

ਇਸ ਤੋਂ ਇਲਾਵਾ ਕਵੀ ਨੇ ਉਚਿਤ ਸ਼ਬਦਾਵਲੀ ਦੇ ਵਿਧਾਨ ਨਾਲ ਯੁੱਧ ਦੀ ਧੁਨੀ ਪੈਦਾ ਕੀਤੀ ਹੈ ਅਤੇ ਸ਼ਬਦਾਲੰਕਾਰਾਂ ਦੇ ਸੰਯੋਗ ਨਾਲ ਕਾਵਿ ਨੂੰ ਸੋਹਜ ਪ੍ਰਦਾਨ ਕੀਤਾ ਹੈ । ਇਸ ਤਰ੍ਹਾਂ ਕਾਵਿ ਦੇ ਸੌਂਦਰਯ-ਧਰਮ ਦੀ ਪਾਲਨਾ ਕੀਤੀ ਗਈ ਹੈ ।

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਵੀ ਵੀਰ ਸਿੰਘ ਬਲ ਨੇ ਇਸ ਲਘੂ-ਚਰਿਤ-ਕਾਵਿ ਸੰਗ੍ਰਹਿ ਰਾਹੀਂ ਦਸ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਕੁਝ ਕੁ ਪ੍ਰਮੁਖ ਘਟਨਾਵਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਦਾ ਚਰਿਤ੍ਰ-ਚਿਤ੍ਰਣ ਕੀਤਾ ਹੈ। ਗੁਰੂ ਬਿਲਾਸ ਪਰੰਪਰਾ ਅਨੁਸਾਰ ਵਸਤੂ-ਵਿਧਾਨ ਕਰਦੇ ਹੋਇਆਂ ਯੁੱਧ-ਪ੍ਰਸੰਗਾਂ ਵਿਚ ਵਿਸ਼ੇਸ਼ ਰੁਚੀ ਵਿਖਾਈ ਹੈ। ਕਵੀ ਦਾ ਛੰਦ-ਵਿਧਾਨ ਨਿਪੁੰਨ ਹੈ। ਅਲੰਕਾਰ-ਯੋਜਨਾ ਕਾਵਿ ਦਾ ਤੀਬਰ ਅਨੁਭਵ ਕਰਾਉਣ ਵਾਲੀ ਅਤੇ ਰੂਪ, ਗੁਣ ਅਤੇ ਕ੍ਰਿਆ ਦੇ ਅਨੁਭਵ ਨੂੰ ਸਫਲਤਾ ਪੂਰਵਕ ਵਧਾਉਣ ਵਾਲੀ ਅਤੇ ਪੌਰਾਣਿਕ ਪ੍ਰਸੰਗ-ਉਪਮਾਨਾਂ ਰਾਹੀਂ ਭਾਰਤੀ ਵਿਰਸੇ ਅਤੇ ਅਤੀਤ ਦੀਆਂ ਘਟਨਾਵਾਂ ਨਾਲ ਪਰਿਚਯ ਸਥਾਪਿਤ ਕਰਾਉਣ ਵਾਲੀ ਹੈ। ਬ੍ਰਜ ਭਾਸ਼ਾ ਵਿਚ ਲਿਖਦੇ ਹੋਇਆਂ ਕਵੀ ਆਪਣੀ ਮਾਤ ਭਾਸ਼ਾ ਦੇ ਪ੍ਰਬਲ ਵੇਗ ਨੂੰ ਠਲ੍ਹ ਨਾ ਪਾ ਸਕਣ ਕਾਰਣ ਕਿਤੇ ਪੂਰੇ ਛੰਦ, ਕਿਤੇ ਸ਼ਬਦਾਵਲੀ ਅਤੇ ਕਿਤੇ ਵਿਆਕਰਣ ਦੀਆਂ ਵਿਸ਼ੇਸ਼ਤਾਵਾਂ ਨੂੰ ਅਪਣਾਉਣ ਦੇ ਲੋਭ ਤੋਂ ਨਹੀਂ ਬਚ ਸਕਿਆ ਹੈ। ਗੁਰੂ ਸਾਹਿਬਾਨ ਸੰਬੰਧੀ ਲਿਖੇ ਇਤਿਹਾਸ-ਪ੍ਰਧਾਨ ਕਾਵਿ ਕ੍ਰਿਤੀਆਂ ਵਿਚ ਇਸ ਦਾ ਵਿਸ਼ੇਸ਼ ਮਹੱਤਵ ਹੈ।

5.
ਸੰਪਾਦਨ ਤਕਨੀਕ


'ਗੁਰਕੀਰਤ ਪ੍ਰਕਾਸ਼' ਦੇ ਕੇਵਲ ਦੋ ਹੱਥ-ਲਿਖਤ ਖਰੜੇ ਉਪਲਬਧ ਹਨ। ਇਨ੍ਹਾਂ ਵਿਚੋਂ ਇਕ ਨੂੰ ਆਧਾਰ ਪੋਥੀ ਬਣਾਇਆ ਗਿਆ ਹੈ ਅਤੇ ਦੂਜੇ ਨਾਲ ਪਾਠਾਂਤਰ ਦਾ ਤੁਲਨਾ-ਤਮਕ ਅਧਿਐਨ ਕਰ ਕੇ ਸੰਪਾਦਨ ਦੇ ਕੰਮ ਨੂੰ ਨੇਪਰੇ ਚੜ੍ਹਾਇਆ ਗਿਆ ਹੈ। ਇਨ੍ਹਾਂ ਦੋਹਾਂ ਪੋਥੀਆਂ ਦਾ ਆਵੱਸ਼ਕ ਵਿਵਰਣ ਇਸ ਪ੍ਰਕਾਰ ਹੈ।

ਆਧਾਰ ਪੋਥੀ

ਇਹ ਖਰੜਾ 'ਪੰਜਾਬ ਪੁਰਾਤਤਵ ਵਿਭਾਗ' ਪਟਿਆਲਾ (ਹੱਥ-ਲਿਖਤ ਨੰਬਰ ਐਮ/682) ਵਿਚ ਉਪਲਬਧ ਹੈ। ਇਸ ਪੋਥੀ ਦਾ ਆਕਾਰ 12″×8½″ ਹੈ। ਇਸ ਹੱਥ-ਲਿਖਤ ਦੇ ਕੁਲ 184 ਪੱਤਰੇ ਹਨ ਤੇ ਹਰੇਕ ਪੰਨੇ ਉਤੇ 19 ਪੰਕਤੀਆਂ ਹਨ। ਕਿਸੇ ਕਿਸੇ ਪੰਨੇ ਉਤੇ 21 ਪੰਕਤੀਆਂ ਵੀ ਮਿਲਦੀਆਂ ਹਨ। ਪੰਕਤੀਆਂ ਵਿਚ ਸ਼ਬਦਾਂ ਦੀ ਗਿਣਤੀ ਇਕ-ਸਮਾਨ ਨਹੀਂ ਹੈ। ਅੱਖਰਾਂ ਦਾ ਸਰੂਪ ਸਥੂਲ ਅਤੇ ਗੋਲਾਕਾਰ ਹੈ, ਇਸ ਕਰ ਕੇ ਸਾਫ ਤੇ ਸਪਸ਼ਟ ਹੈ। ਹਾਸ਼ੀਏ ਦੀਆਂ ਲਕੀਰਾਂ ਨਹੀਂ ਲਗੀਆਂ ਹੋਈਆਂ। ਅਸ਼ੁੱਧੀਆਂ ਦੀ ਸੋਧ ਹਾਸ਼ੀਏ ਵਿਚ ਕੀਤੀ ਹੋਈ ਹੈ। ਕਈ ਥਾਵਾਂ ਉਤੇ ਹੜਤਾਲ ਫੇਰ ਕੇ ਉਥੇ ਦਰੁਸਤ ਸ਼ਬਦ ਲਿਖੇ ਹੋਏ ਹਨ। ਇਹ ਪੋਥੀ ਸਜਿਲਦ ਅਤੇ ਮੁਕੰਮਲ ਹੈ। ਇਸ ਦਾ ਕਾਗ਼ਜ਼ ਮੋਟਾ ਕਸ਼ਮੀਰੀ ਹੈ।


ਇਸ ਹੱਥ-ਲਿਖਤ ਦੀਆਂ ਉਪਲਬਧ ਕੇਵਲ ਦੋ ਪੋਥੀਆਂ ਵਿਚੋਂ ਇਸ ਨੂੰ ਆਧਾਰ ਪੋਥੀ ਇਸ ਲਈ ਬਣਾਇਆ ਗਿਆ ਹੈ ਕਿਉਂਕਿ ਇਹ ਤੁਲਨਾ ਪੋਥੀ ਨਾਲੋਂ ਅੱਖਰਾਂ ਦੀ ਬਨਾਵਟ ਤੋਂ ਅਧਿਕ ਪੁਰਾਤਨ ਪ੍ਰਤੀਤ ਹੁੰਦੀ ਹੈ ਅਤੇ ਇਸ ਦਾ ਪਾਠ ਤੁਲਨਾ ਪੋਥੀ ਨਾਲੋਂ ਅਧਿਕ ਸ਼ੁੱਧ ਅਤੇ ਮੂਲ ਸਰੋਤ ਦੇ ਨੇੜੇ ਪ੍ਰਤੀਤ ਹੁੰਦਾ ਹੈ। ਇਸ ਵਿਚ ਉਸ ਵਾਧੂ ਵਿਵਰਣ ਦੀ ਘਾਟ ਹੈ, ਜੋ ਤੁਲਨਾ ਪੋਥੀ ਵਿਚ ਪ੍ਰਾਪਤ ਹੈ। ਲਿਖਾਰੀ ਨੇ ਇਸ ਦੇ ਲਿਖਣ ਦਾ ਸੰਮਤ

ਆਧਾਰ ਪੋਥੀ



ਪੰਜਾਬ ਪੁਰਾਤਤ੍ਵ ਵਿਭਾਗ ਦੇ ਧੰਨਵਾਦ ਸਹਿਤ

'ਪ' ਪੋਥੀ



ਪੰਜਾਬੀ ਯੂਨੀਵਰਸਿਟੀ ਦੇ ਧੰਨਵਾਦ ਸਹਿਤ

ਨਹੀਂ ਦਿੱਤਾ, ਪਰ ਅਨੁਮਾਨ ਹੈ ਕਿ ਇਹ ਪੋਥੀ 150 ਕੁ ਵਰ੍ਹੇ ਪੁਰਾਣੀ ਹੈ।

'ਪ' ਪੋਥੀ

ਇਹ ਖਰੜਾ ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ ਪਟਿਆਲਾ (ਐਕਸੈਸ਼ਨ ਨੰਬਰ 115392) ਵਿਚ ਉਪਲਬਧ ਹੈ। ਇਸ ਦੇ ਕੁਲ ਪੱਤਰੇ 220 ਹਨ। ਹਰ ਪੰਨੇ ਉਤੇ 19 ਸਤਰਾਂ ਦਰਜ ਹਨ। ਇਸ ਦੀ ਲਿਖਤ ਮੋਟੀ, ਸਾਫ਼ ਤੇ ਸ਼ੁੱਧ ਹੈ। ਲਿਖਾਵਟ ਆਦਿ ਤੋਂ ਅੰਤ ਤਕ ਇੱਕੋ ਹੱਥ ਦੀ ਹੈ। ਕਾਗਜ਼ ਮੋਟਾ ਕਸ਼ਮੀਰੀ ਹੈ। ਪੋਥੀ ਸੰਪੂਰਨ ਤੇ ਸਜਿਲਦ ਹੈ। ਖਰੜੇ ਵਿਚ ਸੋਧਾਂ ਕਿਤੇ ਕਿਤੇ ਹੜਤਾਲ ਫੇਰ ਕੇ ਨਾਲ ਹੀ ਜਾਂ ਹਾਸ਼ੀਏ ਵਿਚ ਕੀਤੀਆਂ ਹੋਈਆਂ ਹਨ।

ਇਸ ਪੋਥੀ ਦਾ ਆਕਾਰ 12"×8" ਹੈ ਅਤੇ ਲਿਖਤ ਦੀ ਚੌੜਾਈ ਛੇ ਇੰਚ ਹੈ। ਪੰਨੇ ਦੇ ਦੋਹਾਂ ਪਾਸੇ ਇਕ ਇਕ ਇੰਚ ਦਾ ਹਾਸ਼ੀਆ ਛੱਡਿਆ ਹੋਇਆ ਹੈ। ਹਾਸ਼ੀਏ ਦੀਆਂ ਦੋ ਲਕੀਰਾਂ ਕਾਲੀ ਸਿਆਹੀ ਨਾਲ ਪਾਈਆਂ ਗਈਆਂ ਹਨ। ਇਸ ਪੋਥੀ ਦੇ ਲਿਖਾਰੀ ਨੇ ਵੀ ਲਿਖਣ ਸੰਮਤ ਨਹੀਂ ਦਿੱਤਾ, ਪਰ ਅੱਖਰਾਂ ਦੀ ਬਨਾਵਟ ਦੇ ਆਧਾਰ ਤੇ ਇਹ 125 ਵਰ੍ਹੇ ਪੁਰਾਣੀ ਪ੍ਰਤੀਤ ਹੁੰਦੀ ਹੈ।

ਪੰਜਾਬੀ ਯੂਨੀਵਰਸਿਟੀ ਵਿਚ ਉਪਲਬਧ ਹੋਣ ਕਰਕੇ ਇਸ ਨੂੰ 'ਪ' ਪੋਥੀ ਦਾ ਨਾਂ ਦਿੱਤਾ ਗਿਆ ਹੈ।

ਦੋਹਾਂ ਪੋਥੀਆਂ ਦੇ ਤੁਲਨਾਤਮਕ ਅਧਿਐਨ ਤੋਂ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਦੋਹਾਂ ਵਿਚ ਅਧਿਕ ਪਾਠਾਂਤਰ ਨਹੀਂ ਹਨ, ਜੋ ਹਨ, ਉਨ੍ਹਾਂ ਦੇ ਆਧਾਰ ਤੇ ਆਧਾਰ-ਪੋਥੀ ਦਾ ਪਾਠ ਅਧਿਕ ਵਿਸ਼ਵਸਤ ਅਤੇ ਸਹੀ ਪ੍ਰਤੀਤ ਹੁੰਦਾ ਹੈ। ਤੁਲਨਾ ਪੋਥੀ ਵਿਚ ਸ਼ਬਦ-ਜੋੜਾਂ ਵਿਚ ਅੰਤਰ ਜ਼ਰੂਰ ਦ੍ਰਿਸ਼ਟੀਗੋਚਰ ਹੁੰਦਾ ਹੈ।

ਤੁਲਨਾਤਮਕ ਵਿਧੀ

ਤੁਲਨਾਤਮਕ ਅਧਿਐਨ ਦੇ ਸੰਦਰਭ ਵਿਚ ਹੇਠ ਲਿਖੇ ਤੱਥ ਵਿਚਾਰਨ ਯੋਗ ਹਨ :

(1) ਆਧਾਰ ਪੋਥੀ ਦਾ ਜੋ ਪਾਠ ਤੁਲਨਾ ਪੋਥੀ ਵਿਚ ਨਹੀਂ ਹੈ ਉਸਨੂੰ § ਇਹ ਚਿੰਨ੍ਹ ਲਗਾਇਆ ਹੈ।

(2) ਕੁੱਬੇ ਬ੍ਰੈਕਟਾਂ ( ) ਵਿਚਲੇ ਸ਼ਬਦ ਜਾਂ ਪੰਕਤੀ ਮੂਲ-ਪਾਠ ਵਿਚ ਨਹੀਂ, ਪਰ ਤੁਲਨਾ ਪੋਥੀ ਵਿਚ ਪ੍ਰਾਪਤ ਹਨ, ਜਿਵੇਂ ਹੁਲਾਸ 1 ਦੇ 78ਵੇਂ ਛੰਦ ਤੋਂ ਅਗਲੇ ਛੰਦ ਦਾ ਪਾਠ ਤੁਲਨਾ ਪੋਥੀ ਤੋਂ ਲੈ ਕੇ ਆਧਾਰ ਪੋਥੀ ਵਿਚ ਪਾਇਆ ਗਿਆ ਹੈ, ਕਿਉਂਕਿ ਉਥੇ ਇਹ ਪਾਠ ਨਹੀਂ ਹੈ।

(3) ਮੂਲ-ਪਾਠ ਵਿਚ ਜਿਨ੍ਹਾਂ ਸ਼ਬਦਾਂ ਉਤੇ ਅੰਕ ਲਿਖੇ ਹਨ, ਫੁਟ-ਨੋਟ ਵਿਚ ਉਨ੍ਹਾਂ ਦਾ ਤੁਲਨਾ ਪੋਥੀ ਵਾਲਾ ਪਾਠਾਂਤਰ ਦਿੱਤਾ ਗਿਆ ਹੈ ਪਰ ਪਾਠਾਂਤਰ ਨਾਲ ਬਾਰ ਬਾਰ ਤੁਲਨਾ ਪੋਥੀ ਨੂੰ ਲਿਖਣਾ ਛਡ ਦਿੱਤਾ ਹੈ ਕਿਉਂਕਿ ਇਹ ਸੁੱਤੇ ਸਿਧ ਹੈ।

(4) ਕਈ ਸ਼ਬਦ-ਸਮੂਹਾਂ ਨੂੰ ਇਕਹਿਰੇ ਕਾਮਿਆਂ ' ' ਵਿਚ ਰਖ ਕੇ ਉਪਰ ਅੰਕ ਦਿੱਤਾ ਹੈ, ਉਥੇ ਫੁਟ-ਨੋਟ ਵਿਚ ਸਪਸ਼ਟ ਕੀਤਾ ਹੈ ਕਿ ਮੂਲ-ਖਰੜੇ ਵਾਲੇ ਸ਼ਬਦ ਸਮੂਹ ਤੁਲਨਾ ਪੋਥੀ ਵਿਚ ਪਾਠਾਂਤਰ ਸਹਿਤ ਜਾਂ ਸ਼ਬਦ ਅੱਗੇ ਪਿਛੇ ਹਨ।

(5) ਕਠਿਨ ਸ਼ਬਦਾਂ ਦੀ ਅਰਥਾਵਲੀ ਅੰਤਿਕਾ ੧ ਵਿਚ ਦਿੱਤੀ ਗਈ ਹੈ।

(6) ਸ਼ਬਦ-ਜੋੜਾਂ ਸੰਬੰਧੀ ਇਨ੍ਹਾਂ ਹੱਥ-ਲਿਖਤਾਂ ਦੀਆਂ ਕੁਝ ਖਾਸ ਵਿਸ਼ਿਸ਼ਟਤਾਵਾਂ ਹਨ, ਜਿਵੇਂ ਦੁੱਤ ਅੱਖਰਾਂ ਉਤੇ ਅੱਧਕ ਲਗਾਣ ਦਾ ਰਿਵਾਜ ਚਲ ਪਿਆ ਸੀ। ਇਹ ਅੱਧਕ ਦੋਹਾਂ ਪੋਥੀਆਂ ਵਿਚ ਵਰਤੀ ਮਿਲਦੀ ਹੈ, ਪਰ ਇਨ੍ਹਾਂ ਅੱਧਕਾਂ ਉਪਰ ਬਿੰਦੀ ਵੀ ਲਗੀ ਹੈ, ਜਿਸ ਕਰਕੇ ਉਚਾਰਣ ਅਨੁਨਾਸਿਕ ਹੋ ਜਾਂਦਾ ਹੈ ਜੋ ਵਾਸਤਵ ਵਿਚ ਨਹੀਂ। ਇਸ ਲਈ ਇਸ ਪ੍ਰਵਿ੍ਰੱਤੀ ਅਧੀਨ ਲਗਾਈ ਗਈ ਬਿੰਦੂ ਨੂੰ ਅਸੀਂ ਛੱਡ ਕੇ ਕੇਵਲ ਅੱਧਕ ਦਾ ਚਿੰਨ੍ਹ ਰਹਿਣ ਦਿੱਤਾ ਹੈ।

ਕਵੀ ਨੇ ਥਾਂ ਪਰ ਥਾਂ ਪੂਰੇ 'ਰ' ਨੂੰ ਪਹਿਲੇ ਅੱਖਰ ਦੇ ਪੈਰਾਂ ਵਿਚ ਉਤਾਰਨ ਦਾ ਵੀ ਯਤਨ ਕੀਤਾ ਹੈ, ਜਿਵੇਂ ਕਰ ਦੀ ਥਾਂ ਕ੍ਰ।

(7) ਸੰਪਾਦਨ ਵੇਲੇ ਕਾਵਿ ਪੰਕਤੀਆਂ ਨੂੰ ਨਿਰੰਤਰ ਲਿਖਣ ਦੀ ਥਾਂ ਸੁਵਿਧਾ ਲਈ ਵਖ ਵਖ ਕਰ ਕੇ ਕਵਿਤਾ ਦੇ ਰੂਪ ਵਿਚ ਪਦ-ਛੇਦ ਕਰ ਕੇ ਲਿਖਿਆ ਗਿਆ ਹੈ ਅਤੇ ਲੋੜੀਂਦੇ ਬਿਸ੍ਰਾਮ ਚਿੰਨ੍ਹ ਵੀ ਵਰਤੇ ਗਏ ਹਨ।

ਗੁਰਕੀਰਤ ਪ੍ਰਕਾਸ਼

ਕ੍ਰਿਤ

ਕਵੀ ਵੀਰ ਸਿੰਘ ਬਲ

ੴ ਸ੍ਰੀ ਸਤਿਗੁਰ ਪ੍ਰਸਾਦਿ

ਅਥ ਸ੍ਰੀ ਗੁਰਕੀਰਤ ਪ੍ਰਕਾਸ਼ ਗ੍ਰਿੰਥ ਲਿਯਤੇ[1] ।
(ਕ੍ਰਿਤ ਸ੍ਰੀ ਗਣੇਸ ਸਾਇਯ ਨਮ: ਕਵਿ ਵੀਰ ਸਿੰਘ ਬਲ ਕੀ ।
ਸ੍ਰੀ ਗੁਰੋ ਨਮ:) (ਸ੍ਰੀ ਸਾਰੱਸ੍ਵਤੀ ਨਮਹਿ)

ਓਅੰਕਾਰ ਨਮਸਤੁਵੰ ਹਾਥ ਜੋਰ ਸਿਰੁ ਨਾਇ ।
ਹਰਾ : ਕਰੋ ਸੁਮੱਤ ਪ੍ਰਕਾਸ ਮਮ ਹੂ ਜੌ ਸਦਾ ਸਹਾਇ । ੧ ।

ਆਦ ਪ੍ਰਣਾਮੁ ਕਰੋਂ ਤਿਹ ਕੋ ਜਲ ਔ ਥਲ ਭੂਮਹਿੰ ਜਾਹਿ ਬਸੇਰਾ ।
ਯਾ : ਚੌਦਸ ਲੋਕਹਿ ਜੋਤ ਜਗੀ ਜਿਹ ਕੀਟ ਮਤੰਗਹਿ ਬੀਚ ਪਰੇਰਾ ।
ਰੰਕ ਰਜਾਨ ਸਮਾਂਨ ਜਿਸੈ ਰਹੇ ਦੂਰ ਸਭੋਂ ਸਭ ਤੇ ਅਤ ਨੇਰਾ ।
ਵੀਰ ਮ੍ਰਿਗੇਸ ਹਮੇਸ ਜੁਗੋ ਜੁਗ ਸੋਊ ਸਹਾਇ ਕਰੋ ਪ੍ਰਭੁ ਮੇਰਾ । ੨ ।

ਸਾਰਸੁਤੀ ਜਸੁ ਜਾਂਹਿ ਰਟੈ ਗੁਣ ਲੇਖਕ ਜਾਂਹਿ ਗਣੇਸੁ ਗਿਆਂਨੀ ।
ਯਾ : ਸੇਸੁ ਹਮੇਸ ਜਪੈ ਜਿੰਹ ਕੋ ਪਗ ਤੀਰ ਬਸੈ[2] ਜਿੰਹ ਆਦ ਭਵਾਨੀ ।
ਨਾਰਦੁ ਬ੍ਰਿਹਮੁ ਮਹੇਸੁ ਸੁਰੇਸ ਲੌ ਗਾਵਤ ਜਾਂ ਗੁਨ ਬੇਦ ਪੁਰਾਂਨੀ ।
ਵੀਰ ਮ੍ਰਿਗਿੰਦ ਗੁਬਿੰਦੁ ਕ੍ਰਿਪਾ ਕਰ ਸੋ ਬਖਸੇਂ ਮਮ ਕੌ ਬਰੁਦਾਂਨੀ । ੩ ।

ਜੋ ਜਪ ਪਾਰ ਪਰੀ ਗਨਕਾ ਧ੍ਰਇ ਕੇ ਅਬਚੱਲੁ ਅਜਾਮ਼ਲੁ ਤਾਰਿਓ ।
ਯਾ : ਪੈਜ ਰਖੀ ਜਿਹਿ ਦ੍ਰੋਪਤੀ ਕੀ ਜਿਹ ਬਾਰਨੁ ਬੂਡਤ ਬੇਗ ਉਬਾਰਿਓ ।
ਹੇਤ ਪ੍ਰਹਲਾਦ ਭਯੋ ਨਰ ਸਿੰਘੁ ਜੋ ਫਾਰ ਕੈ ਖੰਭੁਨਿ ਸਾਚ ਰੁਮਾਰਿਓ ।
ਵੀਰ ਮ੍ਰਿਗਿੰਦ੍ਰ ਗੁਬਿੰਦ ਸ੍ਰੀ ਪਤ ਏ ਸੁਨਕੈ ਤਵ ਸਾਂਮ ਸਿਧਾਰਿਓ । ੪ ।

ਯਾ : ਨਾਨਕ ਅੰਗਦ ਹੇ ਅਮਰਾ ਗੁਰ ਗ੍ਰਿੰਥੁ ਰਚੋ ਤੁਮਰੇ ਭਰਵਾਸੇ ।
ਰਾਂਮ ਗੁਰੂ ਗੁਰ ਅਰਜਨ ਜੂ ਹਰਿਗੋਬਿੰਦ ਹੇ ਹਰਿ ਰਾ ਸੁਖਰਾਸੇ ।
ਸ੍ਰੀ ਹਰਿ ਕ੍ਰਿਸ਼ਨ ਜੂ ਤੇਗ ਬਹਾਦਰ ਗੋਬਿੰਦ ਸਿੰਘੁ ਕਟੇ ਦੁਖ ਫਾਸੇ ।
ਵੀਰ ਮ੍ਰਿਗੇਸੁ ਪ੍ਰਣਾਂਮੁ ਕਹੇ ਗੁਰ ਮੰਗਲ ਦੇਹੁ ਅਮੰਗਲ ਨਾਸੇ । ੫ ।

ਹਰਾ : ਨਾਮੁ ਸੁਣ ਤਜਿਹ ਸਾਰਦਾ ਗਣਪਤੁ ਕਰੈ ਸਹਾਇ ।
ਕੋਟ ਬਿਘਨ ਛਿਨ ਮੈਂ ਹਰੈ ਸੋ ਗੁਰੁ ਨਾਨਕ ਰਾਇ । ੬ ।

ਹਰਾ : ਹੰਸ ਅਰੂਢ ਸੁਰੱਸਤੀ ਮੂਕ ਚਢੈ ਗਣ ਨਾਥ ।
ਬਿਘਨ ਹਰੋ ਮੰਗਲ ਕਰੋ ਸਦਾ ਬਸੋ ਮਮ ਸਾਥ । ੭ ।

---

[1] ...ਖਯਤੇ [2] ਬੈਸੈ

ਦੋਹਰਾ : ਅਬ ਗੁਰ ਨਵ ਅਵਤਾਰ ਕੀ ਕਥਾ ਕਹੋਂ ਬਿਸਤਾਰ ।
ਜਿਹ ਪ੍ਰਕਾਰ ਸ੍ਰੀ ਸਤਿਗੁਰੂ ਹਰੇ ਭੂੰਮ ਕੇ ਭਾਰ ! ੮ ।

ਚੌਪਈ : ਜਿਉਂ ਗੁਰ ਧਰਿਯੋ ਅਵਤਾਰਾ । ਜਿਹ ਬਿਧ ਹਰਿਯੋ ਭੂੰਮ ਕੋ ਭਾਰਾ ।
ਸਭ ਸੰਤਨ ਕੀ ਆਗਿਯਾ ਪਾਂਊ । ਕਥਾ ਜਥਾ ਮਤ ਭਾਖ ਸੁਣਾਂਊ । ੯ ।
ਸੁਣੋਂ ਕਵੀਸ਼ਰ ਕੋਵਿਦ ਬੀਰਾ । ਤੁਮੇਂ ਮਰਾਲ ਬਡੇ ਮਤ ਧੀਰਾ ।
ਅਲਪ ਬੁੱਧ ਹਮਰੀ ਕਛੂ ਐਸੇ । ਤੁਮ ਸੇ ਛੰਦ ਰਚੋਂ ਕਹੁ ਕੈਸੇ । ੧੦ ।
ਮਤ ਅਨੁਸਾਰ ਕਛੂ ਗੁਨ ਗਾਂਉ । ਗੁਰਕੀਰਤ ਕਹਿ ਮਨੁ ਪਰਚਾਉ ।
ਜੋ ਗੁਰੁ ਸੁਣ ਕ੍ਰਿਪਾ ਦ੍ਰਿਗ ਧਰੇ । ਅਲਪ ਬੁੱਧ ਤੇ ਕੋਵਿਦੁ ਕਰੇ । ੧੧ ।
ਮੈਆ ਕਰੈਂ ਗੁਰ ਕ੍ਰਿਪਾ ਨਿਧਾਂਨ । ਮੂਕੁ ਪਢੇ ਦਸ ਆਠ ਪੁਰਾਂਨ ।
ਕ੍ਰਿਪਾ ਕਰੈ ਜੋ ਗੁਰ ਜਗਦੀਸ । ਪਿੰਗੁਲੁ ਚਢੈ ਮੇਰ ਕੇ ਸੀਸ । ੧੨ ।
ਗੁਰ ਪਰਮੇਸੁਰੁ ਹੋਇ ਦਿਆਲੁ । ਅੰਧੁ ਵਿਲੋਕੇ ਸੁਰਗ ਪੈਆਲੁ[1] ।
ਪੱਛ ਹੋਇ ਜਬ ਗੁਰੁ ਅਵਨੀਸ । ਸਮਝੈ ਬਧਰੁ ਰਾਗ ਖਟ ਤੀਸ । ੧੩ ।
ਗੁਰ ਕੀ ਮਹਿਮਾ ਅਪਰ ਅਪਾਰੇ । ਸਾਰਸੁਤੀ ਨਹਿ ਪਾਵਤ ਪਾਰੇ ।
ਸਾਤ ਦੀਪ ਸਮ ਕਾਗਤ[2] ਲੀਜੈ । ਸਿੰਧ ਸਾਤ ਮਸਵਾਣੀ ਕੀਜੈ । ੧੪ ।
ਲਿਖੈ ਲੰਬੋਦਰੁ ਲੈ ਨਿਜ ਹਾਥ । ਅਵਰੁ ਸੁਘਰ ਸੁਰ ਹੋਵਹਿੰ ਸਾਥ ।
ਸਿਵ ਬਿਰੰਚ ਜੋ ਲਿਖੈ ਉਚਾਰ । ਗੁਰਕੀਰਤ ਨਿਧ ਪਰੈ ਨਿ ਪਾਰ । ੧੫ ।

ਸਵੈਯਾ : ਕੀਰਤ ਸ੍ਰੀ ਗੁਰ ਨਾਨਕ ਕੀ ਸਿਤ ਸੰਤ ਮਹੰਤ ਹਮੇਸ[3] ਉਚਾਰੇ ।
ਸੇਸੁ ਸੁਰੇਸੁ ਜਲੇਸੁ ਜਪੈ ਗੁਨ ਵਾਰ ਪਰੈ ਨਹਿ ਪਾਵਤ ਪਾਰੇ ।
ਮਾਨਸ ਕੀ ਜਗ ਕੋ ਗਿਨਤੀ ਗਿਰ ਕਾਂਨਨ ਸਾਇਰ ਨੀਤ ਚਿਤਾਰੇ ।
ਭੂਤ ਭਵਿੱਖਿ ਭਵਾਂਨ ਬਿਖੈ ਗੁਰ ਪੂਰਨ ਕੀਰਤ ਪ੍ਰਾਂਨ ਅਧਾਰੇ । ੧੬ ।

ਸਵੈਯਾ : ਸੇਵਕ ਕੋ ਗੁਰੁ ਦੈ ਉਪਦੇਸ਼ ਸੁ ਲੋਕ ਪ੍ਰਲੋਕਹਿੰ ਕਾਜ ਸਵਾਰੈ ।
ਰੈਂਨ ਦਿਨੈ ਰਛਪਾਲ ਕਰੈ ਗੁਰੁ ਬਾਲਕ ਜਿਉ ਜਨਨੀ ਪ੍ਰਿਤਪਾਰੈ ।
ਦ੍ਰੋਪਤ ਬਾਰਨ ਧ੍ਰੂ ਪਹਿਲਾਦ ਜਿਤੁੰ ਸੇਵਕ ਕੇ ਗੁਰੁ ਨੈਨ ਅਗਾਰੈ ।
ਜੋ ਗੁਰ ਕੌਂ ਇਕ ਬਾਰ ਭਜੈ ਗੁਰੁ ਬਾਂਰੰਬਾਰ ਸੁ ਤਾਂਹਿ ਚਿਤਾਰੈ । ੧੭ ।

ਸਵੈਯਾ : ਲਾਜ ਹਿੰਦਾਂਨ ਕੀ ਰਾਖਨ ਕੌਂ ਜਿਹਿ ਆਇ ਧਰੇ ਯਗ ਮੈ ਅਵਤਾਰੇ ।
ਤੇਜ ਮਲੇਛਨ ਕੋ ਹਰ ਕੈ ਜਿਹ ਸਾਧ ਗਊ ਜਗ ਭੀਤਰ ਤਾਰੇ ।
ਨਾਮ ਨਿਰੰਦਨੁ ਸੇਤੁ ਬਤਾਇ[4] ਜਿਨੈਂ ਸਭ ਸੇਵਕ ਪਾਰ ਉਤਾਰੇ ।
ਸੋ ਗੁਰੁ ਨਾਨਕੁ ਦਾਸਨ ਕੇ ਸਭ ਕਾਜ ਕਰੈ ਬਿਘਨਾਂ ਕਟ ਡਾਰੇ । ੧੮ ।

ਸਵੈਯਾ : ਸੰਤ ਸਮੂਹਿ ਸੁਨੋਂ ਚਿਤੁ ਦੈ ਫਲ ਗ੍ਰਿੰਥ ਕੇ ਤੋਹਿ ਕਹੋਂ ਬਿਸਤਾਰੇ ।
ਜੋ ਨਰੁ ਪਾਠੁ ਕਰੈ ਜੁ ਸੁਨੈਂ ਨਿਤ ਸੋ ਭਵ ਫੰਧ ਨ ਮੂਲ ਉਪਾਰੇ ।
ਤੀਰਥ ਕੋਟ ਕਰੇ ਲਖ ਬਾਰ ਹਜਾਰ ਕਰੇ ਅਸਮੇਧ ਉਦਾਰੇ ।

---

[1]ਪਿਆਲੁ [2]ਕਾਗਦ [3]ਹਿਸੇਸ [4]ਬੰਧਾਇ

ਸੋ ਟਲੁ ਤਾਇ ਸਦਾ ਜਗ ਮੈਂ ਨਰੁ ਜੋ ਗੁਰਕੀਰਤ ਸੋ ਹਿਤ ਧਾਰੇ । ੧੯ ।

ਸੋਰਠਾ : ਗੁਰ ਕੀਰਤ ਪਰਕਾਸੁ ਲਿਖੋਂ ਗ੍ਰਿੰਥੁ ਬਿਸਤਾਰੁ ਕਰ ।
ਸੁਣੁ ਸ੍ਰੀ ਗੁਰ ਅਰਦਾਸ ਬਿਘਨ ਹਰੋ ਮੰਗਲ ਕਰੋ । ੨੦ ।

ਦੋਹਰਾ : ਅਬਹਿ ਕਥਾ ਬਿਸਤਾਰ ਕਰ ਭਾਖੋ ਮਤ ਅਨੁਸਾਰ ।
ਜਿਹ ਬਿਧ ਸ੍ਰੀ ਨਾਨਕ ਗੁਰੂ ਧਾਰਿਓ ਧਰ ਅਵਤਾਰ । ੨੧ ।

ਚੌਪਈ : ਸਾਧੂ ਸਤਜੁਗੁ ਬੀਤਿਓ ਜਬੈ । ਤ੍ਰੇਤਾ ਚੜਿ ਆਇਯੋ ਪੁਨ ਤਬੈ ।
ਦੁਵਾਪੁਰੁ ਚੜਿ ਬੀਤਿਯੋ ਜਬ ਸਾਰਾ । ਪ੍ਰਿਥਮ ਚਰਣੁ ਕਲਜੁਗ ਤਬ ਧਾਰਾ । ੨੨ ।
ਚਾਰ ਸਹੰਸ[1] ਬਰਖ ਜਬ ਗਇਯੋ । ਮਹਾਂਦੀਨੁ ਉਤਪਤ ਤਬ ਭਇਯੋ ।
ਅਰਬ ਦੇਸ ਕੋ ਭਇਯੋ ਸੁ ਰਾਜਾ। ਪੰਥੁ ਮਲੇਛੁ ਤਬੈ ਤਿਨ ਸਜਾ । ੨੩ ।
ਲਿੰਗੁ ਕਾਟ ਮੂਛਾਂ ਕਟ ਡਾਰੇ । ਕੇਸ ਬਿਹੀਨ ਨਰੇਸ ਸਵਾਰੇ ।
ਸਿੰਧੁ ਅਰਬ ਤਕ ਭੂਪਤ ਜੇਤੇ । ਪਰਜਾ ਸਹਿਤ ਤੁਰਕ ਭਏ ਤੇਤੇ । ੨੪ ।
ਧਰਮ ਕਰਮ ਉਨ ਤੇ ਛੁਟ ਗਏ । ਅਸੁਰ ਕਰਮ ਕਰਤ ਵਹੁ ਭਏ ।
ਜੀਵ ਜੰਤ ਭੱਛਨੁ ਸਭ ਕਰੈਂ । ਗਊ ਗਰੀਬ ਤੇ ਨੈਕੁ ਨਿ ਟਰੈਂ । ੨੫ ।
ਸਨੈ ਸਨੈ ਪ੍ਰਿਹਮੀ ਜਿਤ ਲਈ । ਭਰਥ ਖੰਡ ਬਦਸਾਹੀ ਕਈ ।
ਦਿੱਲੀ ਤਖਤ ਰਾਜੁ ਬਹ ਕੀਨੋ । ਕੀਓ ਹਿੰਦ ਤਿੰਨ ਧਰਮ ਬਿਹੀਨੋ । ੨੬ ।
ਤੀਰਥ ਢਾਹਿ ਸਿਵਾਲੇ ਗੇਰੇਂ । ਗੋ ਬ੍ਰਿਹਮਣ ਦੁਖ ਦੇਂਹਿਂ ਘਨੇਰੇ ।
ਜੰਨੂ ਟਿੱਕਾ ਸਭ ਪਰਹਰੇ । ਮੁਸਲਮਾਨੁ ਹਿੰਦੂ ਕੋ ਕਰੇਂ । ੨੭ ।
ਪੂਜਾ ਕਥਾ ਹੋਮੁ ਜਗੁ ਨਾਂਹੀ । ਦੇਵੀ ਦੇਵ ਬ੍ਰਿਥਾ ਸਭ ਜਾਂਹੀ ।
ਬਿਨੁ ਅਪਰਾਧ ਜੀਵ ਕਰ ਘਾਤਾ । ਸੰਤਨ ਤੇ ਮਾਗੈਂ ਕਰਾਮਾਤਾ । ੨੮ ।
ਕਿਰਸਾਨਨ ਕੋ ਨਿਆਂਉਨ ਦੇਂਵੇਂ । ਸੁੰਦਰ ਤੀਆ ਹੇਰ ਹਰ ਲੇਂਵੇਂ ।
ਨੈਕੁ ਨ ਕਰੈ ਕੋਊ ਪਰਮਾਰਥ । ਪ੍ਰਜਾ ਦੰਡ ਨਿਜ ਸਰੇਂ ਸੁਵਾਰਥ । ੨੯ ।
ਰੋਜੇ ਰਾਖ ਨਿਵਾਜ ਗੁਜਾਰੇਂ । ਸਾਝ ਪਰੇ ਤਬ ਮੁਰਗੀ ਮਾਰੇਂ ।
ਅੰਡੇ ਬਚੇ ਸਰਬ ਚਬ ਜਾਂਹੀ । ਦੈਆ ਧਰਮੁ ਵਾਂ ਕੈ ਮਨ ਨਾਂਹੀ । ੩੦ ।

ਦੋਹਰਾ : ਨਾਜੁ ਖਾਹਿ ਜਾਂ ਕਾ ਕੀਯਾ ਪੀਐ ਦੂਧੁ ਜਿਹੰ ਮਾਤ ।
ਤਿਸੈ ਗਊ ਸੋਂ ਬਾਦੁ ਕਰ ਮਰਹਿ ਤੁਰਕ ਕਮਜਾਤ । ੩੧ ।

ਚੌਪਈ : ਪਰਸਿਸ ਹਤ ਮਨ ਮੈ ਬਿਗਸਾਹੀ । ਪਰਮੇਸਰ ਭੈ ਡਰੇਂ ਸੁ ਨਾਹੀ ।
'ਜੇ ਜੇ'[2] ਨਰ ਪਰਮੇਸਰੁ ਧਿਯਾਵੈ । ਤਾਂ ਕੋ ਯਹ ਖਲ ਭੈ ਦਿਖਰਾਂਵੈ । ੩੨ ।
ਨਾਂਮਦੇਵ ਰਵਦਾਸ ਕਬੀਰਾ । ਇਨ ਕੋ ਤੁਰਕ ਦੇਤ ਭਏ ਪੀਰਾ ।
ਸੰਮਸਾਦ ਮਨਸੂਰ ਜੁ ਭਏ । ਬਿਨ ਅਪਰਾਧ ਦੋਊ ਹਤ ਦਏ । ੩੩ ।
ਜੁਵਾਲਾ ਮੁਖੀ ਜੋਰੁ ਇਨ ਕੀਨੋਂ । ਕਾਂਸੀ ਤੇ ਕਰਵਤੁ ਚੁਕ ਦੀਨੇ ।
ਗੰਗਾ ਤਟ ਲਾਈ ਕਰ ਭਾਰੀ । ਮੱਜਨ ਕਰੇਂ ਜਹਾਂ ਨਰ ਨਾਰੀ । ੩੪ ।

---

[1] ਸਹਿਸ [2] ਜੋ ਜੋ

ਸੁੰਦਰੁ ਲਖੈਂ ਨਾਰ ਨਜਰਾਂ ਕੋ । ਅਪਨੈਂ ਦੀਨ ਲਿਆਂਵਹਿ ਤਾ ਕੋ ।
ਜੋ ਨਰੁ ਭਗਤ ਪ੍ਰਭੂ ਕੀ ਕਰੈ । ਤਾਂ ਸੰਗ ਇਨ ਕਾ ਝਗਰਾ ਪਰੈ । ੩੫ ।
ਕਰੈਂ ਪਰਸਪਰ ਬਾਦੁ ਅਪਾਰਾ । ਗਊ ਗਰੀਬ ਕੋ ਦੇ ਦੁਖੁ ਭਾਰਾ ।
ਧਰਮ ਕਰਮ ਜਗ ਤੇ ਰਹਿ ਗਇਯੋ । ਧਰ ਕੋ ਭਾਰੁ ਧਵਲ ਪਰ ਭਇਯੋ । ੩੬ ।
ਕੰਪ ਧਵਲ ਤਰ ਕਰੀ ਪੁਕਾਰਾ । ਸੁਨੁ ਪ੍ਰਿਥਵੀ ਜੂ ਵਾਕੁ ਹਮਾਰਾ ।
ਹਮ ਤਵ ਭਾਰ ਅਧਕ ਦੂਖੁ ਪਾਇਯੋ । ਅਬ ਮੋ ਪੈ ਨਹਿ ਜਾਤ ਉਠਾਇਯੋ । ੩੭ ।
ਅਬੈਂ ਉਪਾਉ ਬੇਗ ਛਿਤ ਕੀਜੈ । ਜਿਉ ਮਮ ਸਿਰ ਤੇ ਭਾਰੁ ਹਰੀਜੈ ।
ਪ੍ਰਜਾਪਾਲ ਅਬ ਜਗ ਮੈਂ ਜੇਤੇ । ਉਨ ਤੇ ਦੁਖੇ ਸਾਧ ਦਿਜ ਕੇਤੇ । ੩੮ ।
ਤਾ ਤੇ ਪਰਿਯੋ ਭੂਮ ਪੈ ਭਾਰਾ । ਸੋ ਮੋ ਪੇ ਨਹੀ ਜਾਤ ਸੰਭਾਰਾ ।
ਅਵਨੀ ਬਿਧ ਪੈ ਬੇਗ ਸਿਧਾਰੋ । ਜੋਰ ਦੋਊ ਕਰ ਬਿਨੋ ਉਚਾਰੋ । ੩੯ ।
ਜਾਹੁ ਅਬੈ ਜਹਿ ਸ੍ਰੀ ਬਿਧਾਤਾ । ਬਿਲਮ ਨ ਕਰੋ ਪਿਰਥਵੀ ਮਾਤਾ ।

ਕਹਿਓ ਧਵਲ ਸੋਈ ਪ੍ਰਿਥਵੀ ਕੀਨੋ । ਬ੍ਰਿਹਮ ਓਰ ਸੀਘ੍ਰ ਮਗੁ ਲੀਨੋ । ੪੦ ।

ਸਵੈਯਾ : ਧੇਨ ਸਰੂਪੁ ਸੁ ਧਾਰ ਧਰਾ ਭਵ ਭਾਰ ਭਰੀ[1] ਬਿਧ ਲੋਕ ਸਿਧਾਈ ।
ਜੋਰ ਦਊ ਕਰ ਆਇ ਖਰੀ ਮੁਨ ਮਾਰਕੰਡੇ ਲੌ ਜਹਾਂ ਰਿਖਰਾਈ ।
ਮੂਰਤਵੰਤ ਸੁ ਬੇਦ ਜਹਾਂ ਚਤੁਰਾਨਨ ਜੂ ਜਿਨ ਮਾਰਿ ਸੁਹਾਈ ।
ਦੀਨ ਭਈ ਚਤੁਰਾਨਨ ਕੈ ਢਿਗ ਰੋਇ ਧਰਾ ਮੁਖ ਏਹੁ ਅਲਾਈ । ੪੧ ।

ਸਵੈਯਾ : ਅਰਬ ਧਰਾ ਮਹਾਂਦੀਨੁ ਭਇਯੋ ਤਿਨ ਲਿੰਗ ਕਟੇ ਕਰ ਪੰਥੁ ਚਲਾਇਯੋ ।
ਭਾਰਥ ਖੰਡ ਕੋ ਰਾਜੁ ਲਇਯੋ ਜਿਨ ਤੀਰਥ ਦੇਵਲ ਸਰਬ ਗਿਰਾਇਯੋ ।
ਧਰਮ ਸੁ ਕਰਮਬਿਦਾਰ ਸਭੈ ਜਗ ਸਾਧ ਗਊ ਦਿਜ ਜਾਂਹਿ ਦੁਖਾਇਯੋ ।
ਪਾਪ ਮਲੇਛ ਅਨੇਕ ਰੈ[2] ਜੇਈ ਸੋ ਹਮ ਪੈ ਨਹਿ ਜਾਤ ਗਿਨਾਇਯੋ । ੪੨ ।

ਸਵੈਯਾ : ਏ ਸੁਨ ਕੈ ਛਿਤ ਵਾਕ ਲੁਕ੍ਰੇਸਰ[3] ਸੰਗ ਲਇਯੋ ਤਬ ਹੀ ਤ੍ਰਿਪੁਰਾਰੀ ।
ਹੰਸ ਅਰੂਢ ਭਇਯੋ ਚਤੁਰਾਂਨਨੁ ਸੰਭ ਕਰੀ ਬ੍ਰਿਖ ਪੈ ਅਸਵਾਰੀ ।
ਦੇਵ ਦਿਵੇਸੁਰੁ ਸੰਗ ਚਲੇ ਸਭ ਭੂਮ ਤਬੈ ਬਿਧ ਸਾਥ ਸਿਧਾਰੀ ।
ਛੀਰਨਿਧੀ ਮਧ ਜਾਂ ਪਹੁਚੇ ਸੁਰ ਰਾਜਤ ਹੈਂ ਜਿਂਹ ਆਪ ਮੁਰਾਰੀ । ੪੩ ।

ਸਵੈਯਾ : ਕੰਚਨ ਮੰਦਰੁ ਸੋਭਤ ਹੈ ਮੁਕਤਾ ਨਗ ਹੀਰਣ ਚਿੱਤ੍ਰ ਸਵਾਰੀ ।
ਨਾਰ ਨਕੇਤ ਨਰ ਇਣ ਕੋ ਲਖ ਕੋਟ ਸਸੀ ਰਵ ਕੀ ਦੁਤ ਵਾਰੀ ।
ਸ੍ਰੀ ਗਰੜਾਸਨ ਧੰਨਗ ਪੈ ਇੰਦ੍ਰਾਸਨ ਕੇ ਸਮ ਸੇਜ ਸਵਾਰੀ ।
ਪੌਢ ਰਹਿਯੋ ਸਹਿਸਾਂਨਨ ਪੈ ਪਦ ਚਾਪਤ ਹੈ ਨਦ ਨਾਥ ਕੁਮਾਰੀ । ੪੪ ।

ਸਵੈਯਾ : ਬੇਦਨ ਕੀ ਧੁਨ ਕੇ ਚਤੁਰਾਨਨ ਸੰਖ ਬਜਾਇ ਸੁ ਆਰਤੀ ਧਾਰੀ ।
ਤਾਲ ਮ੍ਰਿਦੰਗ[4] ਬਜਾਂਹਿ ਸਭੈ ਸੁਰ ਨਾਰਦ ਜੂ ਧੁਨ ਬੀਨ ਉਚਾਰੀ ।
ਕਾਨ ਸੁਨੀ ਧੁਨ ਦੇਵਨ ਕੀ ਜਬ ਜਾਗ ਉਠੇ ਤਬ ਹੀ ਅਸੁਰਾਰੀ ।

---

[1]ਭਈ (ਪੰ. ਯੂ.) [2]ਅਨੇਕ ਕਰੇਂ (ਪੰ. ਯੂ.) [3]ਲੁਸੇਸਰ [4]ਮ੍ਰਿਦੰਗ

ਸੰਭ ਸੁਰੇਸ ਸਮੇਤ ਲੁਕੇਸ ਨਰਾਇਨ ਕੈ ਪਦ ਕੀਨ ਜੁਹਾਰੀ । ੪੫ ।
ਤਾਂਹਿ ਸਮੈ ਸੁਤ ਹੇਰ ਅਧੀਨ ਨਰਾਇਣ ਜੂ ਮੁਖ ਏਹੁ ਉਚਾਰੀ ।
ਸਵੈਯਾ : ਕੌਨੁ ਸੁ ਭੀਰ ਪਰੀ ਤੁਮ ਪੈ ਸਿਵ ਸਾਚੁ ਕਹੋ ਸੁਨੁ ਹੇ ਮੁਖਚਾਰੀ ।
ਕਹ[1] ਨਮਿੱਤ ਅਟੇ ਤੁਮ ਮੋ ਢਿਗ ਕਿਉ ਧਰਣੀ ਤਵ ਸੰਗ ਸਿਧਾਰਾਰੀ[2] ।
ਸਾਚੁ ਕਹੋ ਕਮਲਾਸਨ ਜੂ ਖਲ ਕੋ ਉਪਜਿਯੋ ਜਗ ਮੋਂ ਦੁਰਚਾਰੀ । ੪੬ ।
ਤਾਂਹਿ ਸਮੈ ਕਮਲਾਸਨ ਜੂ ਕਮਲਾਪਤ ਸੋਂ ਇਹ ਵਾਕ ਅਲਾਏ ।
ਸਵੈਯਾ : ਹੇ ਗਰੜਾਸਨ ਭੂਤਲ ਮੇ ਇਕੁ ਨਾਮੁ ਮਹਾਂਮਦੁ ਸੇਖੁ ਕਹਾਏ ।
ਪੰਥੁ ਸਜਿਯੋ ਅਪਨੇਂ ਮਤ ਕੋ ਮਤੁ ਬੇਦ ਛਡਾਇ ਕੁਮਾਰਗ ਲਾਏ ।
ਲਿੰਗ ਕਟੇ ਮੁਛ ਮੁੰਡਤ ਕੈ ਸਿਰ ਕੇਸ ਬਿਦਾਰ ਮਲੇਛ ਬਨਾਏ । ੪੭ ।
ਭੱਛਤ ਤੱਛੂ ਅਭੱਛੂ ਨਿਸਾਚਰ ਧ੍ਰਮ ਸੁਕ੍ਰਮੁ ਸਭੈ ਬਿਸਰਾਏ ।
ਸਵੈਯਾ : ਛਾਇ ਲਈ ਕਹ ਤੀਰਥ ਪੈ ਕੁਰਖੇਤ੍ਰ ਗੰਗ ਪਰਾਗ[3] ਜੁ ਨਾਏ ।
ਨੇਕੁ ਮਯਾ[4] ਨ ਕਰੈਂ ਮਨ ਭੀਤਰ ਸਾਧ ਗਊ ਦਿਜ ਤਾਂਹਿ ਦੁਖਾਏ ।
ਛੀਨ ਕਰੀ ਦੁਤ ਦੀਨ ਪ੍ਰਜਾ ਕਿਰਸਾਂਨ ਪੁਕਾਰਤ ਨਿਯਾਂਵੁ ਨ ਪਾਏ । ੪੮ ।
ਔਰ ਅਨੇਕ ਕਰੇ ਅਘ ਭੂ ਪਰ ਹੇਰ ਹਿੰਦਾਨ ਸੁ ਜਾਹਿ ਲਜਾਏ ।
ਸਵੈਯਾ : ਭੂ ਪਰ ਭੂਰ ਜੋ ਭਾਰੁ ਭਇਓ ਧਰ ਮੋ ਪ੍ਰਿਤ ਆ ਦੁਖ ਭਾਖ ਸੁਨਾਏ ।
ਲੈ ਸੁਰ ਸੰਗ ਸੁਰੇਸ ਸਮੇਤ ਪ੍ਰਭੂ ਹਮ ਤੌ ਤਵ ਤੀਰ ਸਿਧਾਏ ।
ਬੇਗ ਹਰੋ ਭੂਯ ਭਾਰੁ ਸ੍ਰੀਪਤ ਏ ਚਤੁਰਾਂਨਨ ਬੈਂਨ ਅਲਾਏ । ੪੯ ।
ਏ ਸੁਨ ਕੈ ਨਦ ਨਾਥ ਸੁਤਾਪਤੁ ਬੇਗ ਉਠਿਯੋ ਮਨ ਮਾਹਿ ਰਿਸਾਏ ।
ਸਵੈਯਾ :
ਸੰਗ ਲਇਯੋ ਬਿਧ ਸੰਭੁ ਸਚੀ ਪਤੁ ਓਅੰਕਾਰ ਕੀਓ ਰਸਿ ਧਾਏ ।
ਜਾਇ ਧਸੇ ਸਚਖੰਡ ਸਭੈ ਸਿਰੀ ਕ੍ਰਾਲ ਭਵਾਨੀ ਕੋ ਸੀਸ ਨਿਵਾਏ ।
ਕੋਟ ਸਸੀ ਰਵ ਕੋਟ ਲਜੈ ਦੁਤ ਧੀਰ ਜਪੈ ਨ੍ਰਿੰਕਾਰ ਸੁਹਾਏ । ੫੦ ।
ਚੌਪਈ : ਅਚਲ ਅਡੋਲ ਸਿੰਘਾਸਨੁ ਰਾਜੈ । ਧੀਰਜ ਪੈ ਨ੍ਰਿੰਕਾਰੁ ਬਿਰਾਜੈ ।
ਕੋਟ ਮਦਨ ਦੁਤ ਕੋਟ ਜਲਾਧਪ । ਕੋਟ ਸਜਲ ਘਨ ਕੋਟ ਸੁਰਾਧਪ । ੫੧ ।
ਕੋਟ ਗੰਗ ਗੌਰੀ ਗਣ ਦੇਵਾ । ਕੋਟ ਬਿਸਨ ਸਿਵ ਬ੍ਰਿਹਮ ਅਭੇਵਾ ।
ਕੋਟ ਸੇਸ ਨਵ ਨਾਂਮ ਧਿਆਵੈ । ਕੋਟ ਸਾਰਦਾ ਜਿਹ ਜਸੁ ਗਾਵੈ । ੫੨ ।
ਲਜੈ ਜੋਤ ਜੁਵਾਲਾ ਜਿਹ ਆਗੈ । ਦਾਮਨ ਦੁਤ ਅਤ ਸੂਛਮ ਲਾਗੈ ।
ਮਹਾਂ ਪ੍ਰਕਾਸੁ ਜਹਾਂ ਨ੍ਰਿੰਕਾਰਾ । ਬ੍ਰਿਹਮ ਬਿਸਨ ਸਿਵ ਤਹਾਂ ਪੁਕਾਰਾ । ੫੩ ।
ਪ੍ਰਿਥਮੈ ਤਿਹੂੰ ਦੰਡਵਤ ਠਾਨੀ । ਬਹੁਰ ਜੋਰ ਕਰ ਏਹੁ ਬਖਾਨੀ ।
ਹੇ ਨ੍ਰਿੰਕਾਰ ਬਿਨੋ ਸੁਨ ਲੀਜੈ । ਹਮ ਊਪਰ ਨਿਜ ਕਰੁਣਾ ਕੀਜੈ । ੫੪ ।
ਹਮ ਤਵ ਢਿਗ ਪ੍ਰਭ ਜੂ ਇਮ ਆਏ । ਸੁਨੋਂ ਕ੍ਰਿਪਾ ਕਰ ਨਿਜ ਚਿਤੁ ਲਾਏ ।

---
[1]ਕਾਰਨ [2]ਸਿਧਾਰੀ [3]ਪ੍ਰਾਗ [4]ਮਇਆ

ਭੂਅ ਮੰਡਲ ਇਕੁ ਅਰਬ ਵਿਲਾਇਤ । ਮਹਾਂਦੀਨੁ ਤਿਹ ਭਇਯੋ ਸਹਾਇਤ । ੫.
ਪ੍ਰਿਥਮ ਕਰੀ ਲੋਗਨ ਕੀ ਰੱਛਾ । ਬਹੁਰ ਦਈ ਤਾ ਕੌ ਇਹ ਸਿੱਛਾ ।
ਨਖ ਸਿਖ ਮੂਛ ਲਿੰਗ ਕਤਰਾਵੋ । ਤੁਮ ਸਬ ਦੀਨ ਹਮਾਰੇ ਆਵੋ । ੫੬ ।
ਨਾਂਤਰ ਪਾਹੁ[1] ਤੁਮੈਂ ਦੁਖ ਭਾਰੀ । ਕੁਛਕ ਤਾਂਹਿ ਕਰਾਮਾਤ ਦਿਖਾਰੀ ।
ਭੈ ਕਰ ਲੋਗ ਦੀਨ ਤਿਹ ਭਏ । ਨਿਜ ਕੁਲ ਧਰਮ ਕਰਮ ਤਜ ਦਏ । ੫੭ ।
ਸੀਸ ਮੂਛ ਮੁਡ[2] ਲਿੰਗ ਕਟਾਏ । ਨਿਜ ਕੁਲ ਧਰਮ ਸਭੈ ਬਿਸ ਰਾਏ ।
ਗਾਇਤ੍ਰੀ ਸੰਧਿਯਾ ਤਿਆਗੀ ਦੋਊ । ਜੱਗੁ ਹੋਂਮੁ ਜਪੁ ਕਰੇ ਨ ਕੋਊ । ੫੮ ।
ਦੇਂਹਿ ਬਾਂਗ ਚਢ[3] ਊਚ ਮੁਨਾਰੇ । ਪਸੁ ਪੰਖੀਹਨ ਕਰੇਂ ਅਹਾਰੇ ।
ਪੰਥੁ ਮਲੇਛੁ ਭਇਯੋ ਵਹੁ ਦੇਸਾ । ਤੁਰਕ ਭਏ ਨਰ ਨਾਰ ਨਰੇਸਾ । ੫੯ ।
ਅਟਕ ਪਾਰ ਕੇ ਭੂਪਤ ਜੇਤੇ । ਉਸੀ ਪੰਥ ਮਿਲ ਗਏ ਸੁ ਤੇਤੇ ।
ਬਹੁਰ ਹਿੰਦ ਪਰ ਕਰੀ ਚਢਾਈ । ਸੱਕ੍ਰ ਪ੍ਰੱਸਤ ਗਢੁ ਲਇਯੋ ਛਡਾਈ । ੬੦ ।

ਰਾਜ ਕੀਓ ਬਹਿ ਤਖਤ ਉਦਾਰੇ । ਜੀਤ ਲੀਏ ਸਭ ਹੀ ਰਜਵਾਰੇ ।
ਕੀਓ ਸਰਬ ਬਸ ਹਿੰਦਸਤਾਨਾਂ । ਲਗੇ ਕਰਨ ਖਲ ਜੋਰ ਧਿਗਾਂਨਾ । ੬੧ ।
ਜੱਨੂੰ ਤੋਰ ਤਿਲਕ ਚਟ ਜਾਂਹੀ । ਗਊ ਗ੍ਰੀਬ ਕੇ ਪ੍ਰਾਂਨ ਹਤਾਂਹੀ ।
ਕਈ ਕ੍ਰਿਸਾਂਨ ਪਵਰ ਕਰਲਾਂਵਹਿ ।
ਮਿਲੇ ਨਿ[4] ਨਿਯਾਂਵੂ ਨ੍ਰਿਾਸ ਉਠ ਜਾਂਵਹਿ । ੬੨ ।
ਕਾਰੂ ਆਦ ਛੌਣੀ ਪਤ ਜੇਤੇ । ਕੈਈ ਗੰਜ ਜੋਰਹਿੰ ਜਰ ਤੇਤੇ ।
ਏਕ ਕਬਰ ਤੇ ਦਮਰਾ ਪਾਇਯੋ । ਮਢੀ ਗੋਰ ਤਬ ਸਰਬ ਪਤਾਇਯੋ । ੬੩ ।
ਦੁਗਾ ਦੇਵ ਦੇਵਲ ਸਿਵ ਪੂਜਾ । ਸਭ ਗਿਰਾਇ ਡਾਰਿਯੋ ਡਰੁ ਦੂਜਾ ।
ਬਹੁ ਪ੍ਰਕਾਰ ਪ੍ਰਿਥਵੀ ਦੁਖ ਦੀਨੇ । ਇਹ ਨਮਿੱਤ ਹਮ ਆਏ ਤੀਨੇ । ੬੪ ।
ਹੇ ਪ੍ਰਭ ਹਮ ਸਭ ਕਹੀ ਪੁਕਾਰ । ਧਰ ਅਵਤਾਰੁ ਹਰੋ ਭੂਅ ਭਾਰ ।
ਬ੍ਰਹਮੁ ਬਿਸਨ ਸਿਵੂ ਦੀਨ ਨਿਹਾਲ । ਨ੍ਰਿੰਕਾਰੁ ਤਬ ਭਇਯੋ ਦਿਆਲ । ੬੫ ।
ਤਬ ਐਸੇ ਕਹਿਯੋ ਅਲਖ ਅਭੇਵ । ਨਿਜ ਨਿਜ ਪੁਰ ਜਾਵੋ ਸਭ ਦੇਵ ।
ਮੋਹਿਤ ਕੱਸਬ ਬਹੁ ਤਪੁ ਕਇਯੋ । ਸੋ ਕੱਸਬੁ[5] ਕਾਲੁ ਅਬ ਭਇਯੋ । ੬੬ ।
ਤਾਂ ਕਾਲੂ ਗ੍ਰਿਹ ਹੋਂ ਭਵੂ ਪਾਊ । ਸ੍ਰੀ ਨਾਨਕੁ ਨਿਜ ਨਾਮੁ ਕਹਾਊ ।
ਕਰ ਪ੍ਰਣਾਮ ਦੇਵ ਗ੍ਰਿਹ ਗਏ । ਨ੍ਰਿੰਕਾਰ ਛਿਤ ਆ ਭਵ ਲਏ । ੬੭ ।

ਸਵੈਯਾ : ਸੁੱਧ ਮਹੂਰਤ ਜਾਂਹਿ ਸਮੈ ਸੁਭ ਦਿਉਸ ਨਿਛੱਤ੍ਰ ਘਟੀ ਸੁਭ ਜੋਈ ।
ਊਚਸਿ ਥਾਂਨ ਭਲੇ ਗ੍ਰਿਹ ਰਾਜਤ ਮਾਸਜੁ ਪੱਖ ਭਲੀ ਤਿਥ ਹੋਈ ।
ਰਾਜੁ ਭਵੇ ਨਵਖੰਡ ਕੋ ਜਾਂ ਛਿਨ ਆਇ ਪਰਿਯੋ ਸੁਭ ਜੋਗੁ ਸੁ ਸੋਈ ।
ਤਾਂਹਿ ਸਮੈ ਜਨਮਿਯੋ ਸ੍ਰੀ ਨਾਨਕ ਖੰਡ ਬ੍ਰਿਹਮੰਡ ਸੁਣਿਯੋ ਤ੍ਰਿਹੁ ਲੋਈ । ੬੮ ।

ਸਵੈਯਾ : ਬੰਦਰਵਾਲ[6] ਸਜੀ ਸੁਭ[7] ਪੌਰਹ ਤੋਰਣ ਕੋਟਨ ਕੋਟ ਸੁਹਾਏ ।

---

[1]ਤਤਰ ਪਾਹੁ [2]ਮੁੰਡ [3]ਚੜ [4]ਨ [5]ਕਸਪੁ [6]ਬੰਦਰਵਾਰ [7]ਸਭ

ਕੋਟ ਦੁਗਾ ਤਿਹ[1] ਜੋਤ ਜਗਾਵਤ ਕੋਟ ਤੇਤੀ ਸੁਰ ਮੰਗਲ ਗਾਏ ।
ਕੋਟ ਦ੍ਰਗਾ ਤਿਹ ਜੋਤ ... ਕੇਸ਼ੀ ਤਿਲੋਤਮ ਲੋ ਨਭ ਨ੍ਰਿਤ ਕਰੇਮੁਖ ਰਾਗ ਅਲਾਏ ।
ਰੰਭ ਸੁ ਕੇਸ਼ੀ ਤਿਲੋਤਮ ... ਬ੍ਰਹਮ ਮਹੇਸ਼ ਖਗੇਸਪਤੀ ਨਭ ਦੇਵਨ ਲੈ ਸੰਗ ਫੂਲ ਬਸਾਏ । ੬੯ ।

ਬ੍ਰਹਮ ਮਹੇਸ਼ ... ਕੋਟ ਸਸੀ ਰਵ ਕੋਟ ਸਮਾਨ ਸਿਰੀ ਗੁਰ ਨਾਨਕ ਤੇਜੁ ਉਦਾਰੇ ।
ਕੋਟ ਸਸੀ ਰਵ ... ਹੋਤ ਪ੍ਰਤਾਪੁ ਸਿਰੀ ਗੁਰ ਕੋ ਧਰ ਧੌਲ ਕੇ ਭਾਰ ਭਏ ਸਭ ਨਿਯਾਰੇ ।
ਖੰਡ ਬ੍ਰਹਮੰਡ ਅਡੋਲ ਭਏ ਤਬ ਭੂੰਮ ਭਈ ਹਰਆਵਰ ਸਾਰੇ ।
ਦੇਨ ਲਗੀ ਗਊ ਛੀਰੁ ਘਨੋਂ ਨਭ ਨੀਰੁ ਬਸੇ ਧਰ ਨਾਜੁ ਅਪਾਰੇ । ੭੦ ।

ਕਾਲੂ ਹੁਤੇ ਤਬ ਕੱਸਬੁ[2] ਪੂਰਬ ਆਦਿ ਤਬੀ ਤ੍ਰਿਪਤਾ ਯਗ ਮਾਈ ।
ਤਾਹਿ ਸਮੇਂ ਨ੍ਰਿਪ ਕੱਸਬ[3] ਜੁ ਜੁਗ ਸੱਤ ਅਖੰਡ ਸਮਾਧ ਲਗਾਈ ।
ਸਾਲ ਅਨੇਕ ਕੀਓ ਤਪੁ ਜੋ ਨਭੁ ਆਇ ਨਿਰੰਵਨ[4] ਏਹੁ ਅਲਾਈ ।
ਮੈਂ ਪਰਸਿੰਨ ਭਇਯੋ ਤੁਮ ਪੈ ਬਰੁ ਮਾਗਹੁ ਜੋ ਤੁਮਰੇ[5] ਮਨ ਭਾਈ । ੭੧ ।

ਆਦਿਤ ਕੱਸਬ ਤਾਂਹਿ ਸਮੈ ਪਰਮੇਸਰ ਕੋ ਪਗ ਬੰਦਨਧਾਰੀ ।
ਤੋ ਦੁਤ ਪੂਤ ਭਵੈ ਹਮਰੇ ਗ੍ਰਿਹ ਜੋਰ ਦੋਊ ਕਰ ਏਹੁ ਉਚਾਰੀ ।
ਹੋਇ ਤਥਾ ਨ੍ਰਿੰਕਾਰ ਕਹਿਯੋ ਬਰੁ ਮੈ ਤੁਮ ਪੈ ਇਹੁ ਸਾਚੁ ਪੁਕਾਰੀ ।
ਆਦ ਧਰੇ ਪਗੁ ਜੋ ਜਗ ਮੈਂ ਕਲੂ ਤੋ ਤੁਮਰੇ ਹਮ ਲੇਂਉ ਔਤਾਰੀ । ੭੨ ।

ਬੇਦੀ ਕੇ ਬੰਸ ਭਵੈ ਤੁਮਰੋ ਭਵੂ ਕਾਲੂ ਕਹੇਂ ਤੁਮ ਕੋ ਛਿਤ ਸਾਰੀ ।
ਆਦਿ ਭਏ ਸਮੀਪ ਤੁਮੈ ਤ੍ਰਿਪਤਾ ਤਿਹ ਨਾਮ ਕਹੇਂ ਨਰ ਨਾਰੀ ।
ਬਾਬਰ ਕੇ ਜਗ ਜੋਰੁ ਕਰੇਂ ਜਬ ਹੋਇ ਪ੍ਰਜਾ ਅਤ ਸੈਂ ਦੁਖਆਰੀ ।
ਤੋ ਤੁਮਰੇ ਭਵ ਮੈਂ ਧਰਹੋਂ ਜਗ ਨਾਨਕੁ ਨਾਮੁ ਸੁ ਮੋਹਿ ਉਚਾਰੀ । ੭੩ ।

ਸੋ ਨ੍ਰਿੰਕਾਰੁ ਸਿਰੀ ਗੁਰੁ ਨਾਨਕੁ ਕੱਸਬੁ ਮਾਨਹੁ ਏ ਬਰ ਕਾਲੂ ।
ਤਾ ਗ੍ਰਿਹ ਨਾਨਕੁ ਪੂਤੁ ਭਇਯੋ ਜਿਹ ਨਾਮੁ ਭਜੇ ਤੁਟ ਜਾਂ ਜਮਜਾਲੂ ।
ਤੇਜੁ ਪ੍ਰਕਾਸ ਰਹਿਯੋ ਨਵਖੰਡ ਸੁ ਜਾਪੁ ਜਪੈ ਜਿਹਿ ਸੁਰਗ ਪਿਆਲੂ ।
ਨਾਨਕ ਨਾਮੁ ਜਪੈ ਜਗ ਜੋ ਨਰੁ ਤਾਂਹਿ ਗੁਰੂ ਸਦ ਹੀ ਪ੍ਰਿਤਪਾਲੂ । ੭੪ ।

ਪ੍ਰਗਟ ਭਇਜੋ ਅਬ ਸਿਰੀ ਗੁਰੁ ਸੁਨੋ ਸੰਤ ਚਿਤਧਾਰ ।
ਗੁਰ ਨਾਨਕ ਅਵਤਾਰ ਜਸੁ ਬਰਨੋਂ ਮਤ ਅਨੁਸਾਰ । ੭੫ ।

ਤਿਲਵੰਡੀ ਰਾਇ ਬੁਲਾਰ ਦੀ ਗੁਰ ਧਾਰਿਯੋ ਅਵਤਾਰ ।
ਸੁਨੋ ਸੰਤ ਮਨ ਦੇ ਸਭੈ ਕਥਾ ਕਹੋਂ ਬਿਸਤਾਰ । ੭੬ ।

ਸਾਲੁ ਦੁਸਾਲ ਤਿਸਾਲ ਭਏ ਗੁਰੁ ਦਾਵਨ[7] ਲੈ ਸੁਖ ਸੋਂ ਦੁਲਰਾਇਯੋ ।
ਚਾਰ ਕ ਪਾਂਚ ਛਿ ਸਾਤ ਸਮੇਂ ਭਏ ਬਾਲਕ ਲੈ ਸੰਗ ਖੇਲ ਸਿਧਾਇਯੋ ।
ਆਠ ਨੌ ਸਾਲ ਭਲੇ ਸੁਖ ਸੋਂ ਦਸ ਗਿਯਾਰਸ ਦ੍ਵਾਦਸ ਸਾਲ ਬਿਤਾਇਯੋ ।
ਤ੍ਰੋਦਸ ਚੋਦਸ ਸਾਲ ਚਢਿਯੋ[8] ਗੁਰ ਸਹਰ ਵਟਾਲੇ ਵਿਆਹ ਕਰਾਇਯੋ । ੭੭ ।

... ³ਕੱਸਪ [4] ਨਿਰੰਜਨ [5] ਤੁਮਰੋ [6] ਦੋਹਰਾ [7] ਦਾਯ [8] ਚੜ੍ਹਿਯੋ

ਸਵੈਯਾ : ਜੰਞ ਸਜੀ ਗੁਰ ਨਾਨਕ ਕੀ ਗਜ ਬਾਜ ਰਥਾਦ ਪਦਾਤ ਸੁਹਾਈ ।
ਮਾਨਸ ਕੀ ਤਿਹ ਕੋ ਗਿਨਤੀ ਗੁਰ ਸੰਗ ਚਲੇ ਸੁਰ ਲੈ ਸੁਰ ਰਾਈ ।
ਬਿਯਾਹੁ ਕਰਾਇ ਬਢਾਇ ਬਡੋ ਜਸੁ ਫੇਰ ਆਏ ਨਿਜ ਧਾਂਮ ਸਿਧਾਈ[1] ।
ਊਚ ਅਵਾਸ ਨਿਵਾਸ ਕੀਓ ਗੁਰ ਸੰਗ ਬਸੀ ਜਗਮਾਤ ਘੁਮਾਈ । ੭੮ ।

ਦੋਹਰਾ : ਬੈਠੇ ਆਇ ਅਵਾਸ ਨਿਜ ਸ੍ਰੀ ਗੁਰ ਪਲਘੁ ਬਿਛਾਇ ।
ਸੁਹਾਈ ਸਾਥ ਸੁਲੱਖਣੀ ਢਿਗ ਗੁਰ ਨਾਂਨਕ ਰਾਇ । ੭੯ ।

ਸਵੈਯਾ : ਕੇਤਕ ਸਾਲ ਬਤੀਤ ਭਏ ਗੁਰ ਰਾਜੁ ਕੀਓ ਅਪਨੇ ਘਰ ਮਾਂਹੀ ।
ਪੂਤ ਜਏ ਜੁਗ ਜਾਂਹਿ ਸਮੈਂ ਗੁਰ ਰੈਂਨ ਪਰੀ ਬਨ ਮੋਂ ਧਸ ਜਾਂਹੀ ।
ਬਾਸੁ ਕਰੇ ਨਿਸ ਕਾਂਮਨ ਮੋਂ ਤਪਸਾ ਕਰ ਭੋਰ ਸੁ ਧਾਮ ਸਿਧਾਂਹੀ ।
ਨੀਤ ਉਦਾਸ ਰਹੇ ਮਨ ਮੈ ਗੁਰੁ ਸਾਥ ਕੁਟੰਬ ਕਰੇ ਹਿਤੁ ਨਾਂਹੀ । ੭੯ ।

ਸਵੈਯਾ : ਕੇਤਕ ਕਾਲ ਉਦਾਸ ਫਿਰਿਯੋ ਸਿਕਤਾ ਅਰ ਕਾਦ ਅਹਾਰੁ ਬਨਾਇਯੋ ।
ਸਾਧ ਭਲੋ ਤਪੁਯਿਉ ਨਿਸ ਬਾਸਰ ਰੋਰ ਬਿਛਾਇ ਸਿੰਘਾਸਨੁ ਲਾਇਯੋ ।
ਪੌਨੁ ਅਹਾਰ ਲਗੋ ਕਰਨੇਂ ਖਟ ਸਾਦ ਰਸਾਦ ਤੇ ਚਿਤੁ ਹਟਾਇਯੋ ।
ਤੀਰਥ ਗੌਨ ਨਮਿੱਤ ਸਿਰੀ ਗੁਰ ਨੌ ਖੰਡ ਹੇਰ ਨ ਹਿੱਤੁ ਬਢਾਇਯੋ । ੮੦ ।

ਚੌਪਈ : ਕੀਨੋਂ ਪੂਰਬ ਓਰ ਪਯਾਨਾਂ । ਕੁਰਖੇਤ੍ਰ ਗੰਗਾ ਇਸਨਾਨਾ ।
ਬਹੁਰੋ ਪ੍ਰਾਗ ਤ੍ਰਿਬੇਣੀ ਨਾਏ । ਗੈਯਾ ਜਾਇ ਜਗ ਹੋਮ ਕਰਾਏ । ੮੧ ।
ਨਾਖ ਬੰਗਾਲਾ ਧਸੇ ਉੜੀਸੇ । ਸਿੰਧ ਤੀਰ ਪਰਸਿਯੋ ਜਗਦੀਸੇ ।
ਇੰਦ੍ਰ ਦੌਣ ਪੁਨ ਪ੍ਰਾਪਤ ਕਏ । ਗੰਗਾ ਸਾਗਰ ਮੱਜਨ ਕਏ । ੮੨ ।
ਸਿੰਧ ਪਾਰ ਕੀ ਕਰੀ ਤਿਆਰੀ । ਪੁਨ ਕੀਨੀ ਸੂਤ ਕੀ ਅਸਵਾਰੀ ।
ਸੁਧਰਸੈਂਨ ਕੇ ਸਹਿਰ ਸਿਧਾਏ । ਸਿਵਨਾਭੈ ਗੁਰ ਗਿਆਂਨ ਸੁਨਾਏ । ੮੩ ।
ਪਿਖੇ ਦੀਪ ਦੀਰਘ ਬਿੱਖਿਯਾਤਾ । ਸਾਤ ਸਿੰਧ ਪੇਖੇ[2] ਭਲੀ ਭਾਂਤਾਂ ।
ਸੂਤ ਕਰ ਫੇਰ ਊਹਾ ਤੇ ਧਾਇਯੋ । ਲੰਕਾ ਪੇਖ ਰਮੇਸਰ ਆਇਯੋ । ੮੪ ।
ਤਿਲਗੰਜੀ ਆਇਯੋ ਫਿਰ ਪਾਛੈ । ਦ੍ਵਾਰਾਵਤੀ ਨਿਹਾਰੀ ਆਛੈ ।
ਹਿੰਗੁਲਾਜੇ ਬਹੁਰੋ ਉਡ ਗਇਯੋ । ਇਲਾਬ੍ਰਿਤ ਖੰਡ ਪ੍ਰਾਪਤ ਭਇਯੋ । ੮੫ ।
ਉੱਤਰ ਖੰਡ ਨਿਹਾਰਿਯੋ ਸਾਰੇ । ਹੇਰੀ ਭੂਮ ਸੁਮੇਰ ਉਦਾਰੇ ।
ਭਰਕ ਖੰਡ ਤੀਰਥ ਸਭ ਕੀਨੇ । ਨਵੇ ਖੰਡ ਆਛੀ ਬਿਧ ਚੀਨੇ । ੮੬ ।
ਸੂਤ ਕਰ ਨਾਖ ਹਿੰਵਾਲਾ ਗਇਯੋ । ਸਿਖਰ ਸੁਮੇਰ ਪਰਾਪਤ ਭਇਯੋ ।
ਸਿੱਧ ਮੰਡਲੀ ਤਾਂਹਿ ਨਿਹਾਰੀ । ਗੋਰਖੁ ਹੇਰ ਅਦੇਸ ਉਚਾਰੀ । ੮੭ ।

ਦੋਹਰਾ : ਗੋਰਖ ਆਦ ਅਦੇਸ ਕਹਿ ਐਸੇ ਕਹਿਯੋ ਸੁਨਾਇ ।
ਮਹਾਂ ਪੁਰਖ ਨ੍ਰਿਬਾਨ ਜੂ ਬੈਠੁ ਅਗਾਰੇ ਆਇ । ੮੮ ।

ਦੋਹਰਾ : ਪ੍ਰਿਥਮ ਅਦੇਸ ਉਚਾਰ ਕੈ ਗੁਰ ਨਾਨਕ ਨਿਰਬਾਂਨ ।

---

[1] ਸਿਥਾਈ [2] ਹੇਰੇ

ਸਿੱਧ ਸਭਾ ਮਧ ਆਇ ਤਬ ਆਸੁਨੁ ਕੀਓ ਮਹਾਂਨ । ੮੯ ।

ਕਬਿਤ :
ਕੁਬੇਰ ਅਲਕਾਂਨ ਕੀ ਪੁਰੀਨ ਬਾਸਵਾਂਨ ਕੀਨ,
ਲੰਕ ਰਾਜਧਾਨ ਕੀਨ ਕਾਸੀ ਸੁਭਵਾਨ ਕੀ ।
ਪੁਰੀ ਨਾ ਬਿਧਾਨ ਕੀਨ ਧੀਰ ਧਅ ਧਿਆਨ ਕੀ,
ਸੁ ਜੈਸੀ ਛਬ ਛਾਜੈ ਗੁਰ ਆਸਨ ਮਹਾਂਨ ਕੀ ।
ਨ ਦੇਵੀ ਦੇਵ ਧਿਆਨ ਕੀਨ ਤਾਰੀ ਗੋਰਖਾਂਨ ਕੀ,
ਪ੍ਰਮਾਨ ਕੀ ਕਥਾ ਅਪਾਰ ਜੋਤ ਨਿੰਵਾਨ ਕੀ ।
ਨ ਅਸੰਖ ਸਸ ਭਾਂਨ ਕੀ ਅਨੰਗ ਅਰਬਾਂਨ ਕੀ,
ਨ ਜੈਸੀ ਪ੍ਰਭਾ ਰਾਜੈ ਸ੍ਰੀ ਨਾਨਕ ਨ੍ਰਿਬਾਨ ਕੀ । ੯੦ ।

ਭੁਜੰਗ ਪ੍ਰਯਾਤ ਛੰਦ :
ਰਹੇ ਧਾਰ ਐਸੇ ਸਿੰਘਾਸਨ ਉਦਾਰੰ । ਜਹਾ ਦੀਹ ਜੋਗੀ ਅਘੋਰੀ ਹਜਾਰੰ ।
ਜਰਾਹੀਨ ਜੋਗੀ ਜਹਾਂ ਜੋਗ ਸਾਧੇਂ । ਦਿਗੰਬ੍ਰ ਦੁਕਾਲੰ ਨਿਰੰਞਨ ਅਰਾਧੇਂ । ੯੧ ।
ਸਸੀ ਗੋਪਨਾਥੰ ਦੁਤੀਅ ਭਰਥਰਾਯ[1] । ਸੁ ਚਰਪਟ ਕਨੀਪਾਦ ਸਿਧੰ ਸੁਹਾਯੰ ।
ਜਿਲੰਧਰੁ ਜਰਾ ਰਾਰ ਜੋਗੀ ਬਿਸਾਲੰ । ਮਛੰਦ੍ਰ ਸਿਧਾਏ ਸ ਪਦਮੰ ਭੁਪਾਲੰ । ੯੨ ।
ਬਲੀ ਬਾਲ ਨਾਥੰ ਦੁਤੀਅ ਖਿੰਥੜਾਯੰ । ਅਜੈ ਪਾਲ ਜੋਗੀ ਤਹਾਂ ਹੀ ਸੁਹਾਯੰ ।
ਕਹਾ ਲੌ ਬਖਾਨੰ ਜੁਰੇ ਸ੍ਰਬ ਸਿੱਧੰ । ਪ੍ਰਿਥੀ ਰਾਖ ਨਾਥੰ ਸੁਭੈ ਸ੍ਰਬ ਮੱਧੰ । ੯੩ ।
ਕਿਤੇ ਮੁੰਡ ਮਾਥੇ ਕਿਤੇ ਬਾਬ ਰਾਰੇ । ਕਿਤੇ ਔ ਘੜਾਯੰ ਕਿਤੇ ਕਾਂਨ ਫਾਰੇ ।
ਕਿਤੇ ਮਸਤੁ ਜੋਗੀ ਪ੍ਰਸੰ ਸਾਸ ਮਾਨੰ । ਕਿਤੇ ਪਾਠ ਪੋਥੀ ਉਚਾਰੇ ਗਿਆਨੰ । ੯੪ ।
ਕਿਤੇ ਪੰਚ ਧੂੰਣੀ ਤਪੈਂ ਮੱਧਿਆਨੰ । ਕਿਤੇ ਨੈਨ ਮੂਦੇ ਧਰੇਂ ਯੋਗ ਧਿਯਾਂਨੰ ।
ਕਿਤੇ ਉਰਧ ਬਾਹੂ ਨਖੀ ਜੋਗ ਏਸੀ । ਕਿਤੇ ਡਾਰ ਝੂਲੇ ਸੁ ਝੂਲੇਂ ਖੜੇਸੀ । ੯੫ ।
ਨਏ ਨਾਥ ਕੇਤੇ ਅਬੈ ਕਾਂਨ ਫਾਰੇ । ਕਰੈ ਟਹਿਲ ਸ੍ਰਬੰਸੁ ਸਿੱਧੰ ਅਗਾਰੇ ।
ਕਿਤੇ ਬ੍ਰਿਧ ਜੋਗੀ ਜੁਗੰ ਜਾਸ ਬੀਤੇ । ਰਹੇ ਲਾਇ ਤਾਰੀ ਨ ਬੋਲੇ ਕਬੀਤੇ । ੯੬ ।
ਤਹਾਂ ਨਾਥ ਗੋਰਖ ਸਭਾ ਸਿੱਧ ਲਾਈ । ਲਗੇ ਕ੍ਰਨ ਚਰਚਾ ਸੁ ਸਿੰਙੀ ਬਜਾਈ ।
ਸਭੈ ਸਿੱਧ ਜਾਗੇ ਬਡੇ ਤੇਜ ਵਾਰੇ । ਜਹਾਂ ਸ੍ਰੀ ਨਾਨਕੁ ਆ ਬੈਠੇ ਉਦਾਰੇ । ੯੭ ।
ਤਬੈ ਨਾਥ ਗੋਰਖ ਇ ਵਾਕੰ ਅਲਾਏ । ਕਰੋ ਪ੍ਰਖ ਪੂਰੇ ਕ੍ਰਿਪਾ ਕੈ ਸਨਾਏ ।
ਤਜੇ ਕਿੰਨ ਕੇਤੰ ਭਏ ਹੋ ਉਦਾਸੰ ।
ਪ੍ਰਰੰ ਤਿਯਾਗ ਪੁਰਖਾ ਗਹਿਯੋ ਬੰਨ ਬਾਸੰ । ੯੮ ।
ਨਹੀਂ ਕਾਂਨ ਮੁੰਦ੍ਰਾਂ ਨ ਸਿੰਙੀ ਬਿਰਾਜੈ । ਨਹੀਂ ਕੰਠ ਕੰਠਾ ਬਿਭੂਤੰ ਨ ਛਾਜੈ ।
ਧਿਆਂਨੰ ਨ ਧਾਰੋ ਜਟਾ ਨ ਸੁਧਾਰੀ । ਕਹਾਵੋ ਉਦਾਸੀ ਰਹੋ ਧਾਮ ਧਾਰੀ । ੯੯ ।
ਤਬੈ ਸ੍ਰੀ ਨਾਨਕੰ ਗੁਰੂ ਇਉ ਉਚਾਰੇ । ਸੁਨੋ ਨਾਥ ਗੋਰਖ ਇ ਉਤ੍ਰੰ ਉਦਾਰੇ ।
ਧ੍ਰਮ ਧਿਯਾਂਨ ਜੋਗੀ ਬਿਭੂਤੰ ਬਿਰਾਜੈ ।
ਕਪਟ ਰਹਿਤ ਕੰਠਾ ਸਿੰਙੀ ਸਾਚ ਛਾਜੈ । ੧੦੦ ।

---

[1] ਭਰਥਰਧ

ਕਰੈ ਬੱਸ ਆਤਮ ਰਹੇ ਨ੍ਰਿਾਧਰੰ । ਛਕੇ ਭਿਖਯਾ ਏਹ ਨਾਂਮੰ ਅਧਾਰੰ ।
ਪ੍ਰਮੰ ਤੱਤੁ ਤਾਰੰ ਧੁਨੰ ਹਰ ਸੁਹਾਵੈ ।
ਛੁਟੈ ਤਾਨ ਤ੍ਰੰਗੰ ਸੁਧਾ ਜਿੰਉ ਹਿਤਾਵੈ । ੧੦੧ ।
ਜਗੈ ਗਿਯਾਨ ਗੀਤੰ ਅਨੰਤੰ ਅਪਾਰੰ । ਸੁਨੇਂ ਦੇਵ ਮੁਨੰ ਹੇਤੁ ਧਾਰੰ ।
ਸਜੈ ਭੇਸੁ ਸੰਜਮੁ ਸੁ ਆਤਮੁ ਉਪਦੇਸੈ ।
ਅਜਪਾ ਜਾਪੁ ਜਾਪੈ ਰਹੇ ਸੁੱਧ ਭੇਸੈ । ੧੦੨ ।
ਸਮੰ ਹੇਂਮ ਕਾਂਇਯਾਂ ਸਦਾ ਹੀ ਰਹੀਵੈ । ਨ ਕਾਲੰ ਬਿਆਪੈ ਚਿੰਰਜੀਵ ਥੀਵੈ ।
ਝਰੇ ਨਿੱਝਰੰ ਧਾਰ ਝਰਨਾ ਅਪਾਰੰ । ਪੀਏ ਅੰਮ੍ਰਿਤੰ ਬੈਠ ਸੋ ਦਸਮ ਦੁਾਰੰ । ੧੦੩
ਕਰੇ ਜੋਗੁ ਐਸੇ ਸੁਨੋਂ ਨਾਥ ਰਾਇਅੰ । ਘਰੰ ਕਾਨਨੰ ਜਾ ਸਕੈ ਏਕ ਭਾਇਅੰ ।
ਰਹੇ ਦਿਵਸ ਰੈਣੰ ਮਨੰ ਮੋਂ ਉਦਾਸੰ ।
ਸੁਨੋਂ ਜੋਗ ਜੁਗਤੰ ਜੁ ਨੀਕੈ ਪ੍ਰਕਾਸੰ । ੧੦੪ ।
ਜਤੰ ਰਾਖ ਜੋਗੀ ਜਟਾ ਸੀਸੁ ਧਾਰੇ । ਅਚਲ ਜੋਗ ਧਿਯਾਂਨੰ ਸੁ ਮੱਜਨੁ ਸੁਧਾਰੇ ।
ਬਢਾਏ ਨਖੰ ਨੇਮੁ ਰਾਖੈ ਅਡੋਲੰ ।
ਗੁਰੂ ਗਿਯਾਂਨ ਆਤਮ ਉਪਦੇਸੈ ਅਮੋਲੰ । ੧੦੫ ।
ਚਢਾਏ ਬਿਭੂਤੰ ਸੁਨਾਂਮੰ ਅਧਾਰੰ । ਰਹੇ ਸਲਪ ਨਿੰਦ੍ਰਾ ਸੁ ਅਲਪੰ ਅਹਾਰੰ ।
ਦਇਯਾ ਦੀਨ ਕੀਜੈ ਛਿਮਾਂ ਧਾਰ ਪ੍ਰੀਤੰ ।
ਸਜੈ ਸੀਲ ਸੰਞਮ[1] ਸੁ ਤ੍ਰਿਗੁਨ[2] ਅਤੀਤੰ । ੧੦੬ ।
ਤਜੈ ਕਾਂਮ ਕ੍ਰੋਧੰ ਹੰਕਾਰੰ ਨਿਵਾਰੈ । ਹਠੰ ਮੋਹੁ ਤਿਯਾਗੈ ਸੁ ਲੋਭੰ ਨਿਵਾਰੇ[3] ।
ਤਬੈ ਤੱਤੁ ਆਤਮ ਲਖੈ ਭਾਂਤ ਆਛੈ । ਮਿਲੈ ਪੁਰਖ ਪ੍ਰਮੰ ਸੁ ਲੇਵੈ ਜੁ ਬਾਛੈ ।੧੦
ਸ੍ਰਿੀ ਗੁਰੂ ਨਾਨਕ ਜੌ ਐਸੇ ਸੁਨਾਇਯੋ ।
ਤਬੈ ਨਾਥ ਗੋਰਖ ਨਿਜੰ ਸੀਸੁ ਨਾਇਯੋ ।
ਕਹੇ ਵਾਕ ਐਸੇ ਸੁਨੇ ਸ੍ਰਬ ਸ੍ਰਿੱਧੰ । ਸ੍ਰੀ ਗੁਰੂ ਨਾਨਕੁ ਨਵੰ ਨਿੱਧ ਨਿੱਧੰ । ੧੦੮

ਚੌਪਈ : ਤਬ ਗੋਰਖ ਇਮ ਕੀਨ ਉਚਾਰ । ਸੁਨੋਂ ਸਰਬ ਸਿਧ ਪਰਮ ਉਦਾਰ ।
ਮੈਂ ਹੇਰਿਯੋ ਤ੍ਰਿਈ ਲੋਕਨ ਮਾਂਹੀ । ਸ੍ਰੀ ਨਾਨਕ ਸਮ ਦੂਜੋ ਨਾਂਹੀ । ੧੦੯ ।
ਹਮਰੇ ਪੰਥ ਜਿਵੈਂ ਇਹੁ ਆਵੈ । ਸੋ ਸਿਧ ਰਚੋ ਜਿਉ ਚਿੱਤੁ ਲੁਭਾਵੈ ।
ਕਹਿਯੋ ਮਛੰਦ੍ਰ ਐਸੇ ਕੀਜੈ । ਨੀਰੁ ਲੈਣ ਨਾਨਕੁ ਪਠ ਦੀਜੈ । ੧੧੦ ।
ਤਹਾਂ ਰਚੋ ਮਾਇਆ ਇਹ ਭਾਂਤਾ । ਹੇਰ ਜਾਸ ਭੂਲੇ ਸੁਧ ਸਾਤਾ ।
ਹੇਰ ਪਦਾਰਥ ਮੋ ਢਿਗ ਆਵੈ । ਮਿਲੇ ਪੰਥ ਮਮ ਦਾਸੁ ਕਹਾਵੈ । ੧੧੨ ।
ਤਬ ਸਿੱਧਾਂ ਮਿਲ ਏਹੁ ਉਚਾਰੀ । ਸੁਨੋ ਸਿਰੀ ਨਾਨਕ ਨ੍ਰਿੰਕਾਰੀ ।
ਅਮਕੀ ਠੌਰ ਨੀਰ ਕੋ ਜਾਵੋ । ਬਿਲੰਬਨ ਕਰੋ ਬੇਗ ਲੈ ਆਵੋ । ੧੧੩ ।
ਸ੍ਰੀ ਗੁਰੁ ਨਾਨਕੁ ਤਹਾਂ ਸਿਧਾਇਆ । ਜਹਾਂ ਸਲਲ ਸਿੱਧਾਂ ਬਤਲਾਇਆ ।
ਲਖੀ ਲੱਛ ਤਿਹ ਮਹਾਂ ਬਿਸਾਲਾ । ਹੀਰੇ ਮੁਕਤਾ ਹੇਮ ਪ੍ਰਵਾਲਾ । ੧੧੪ ।

---
[1]ਸੰਜਮ [2]ਤ੍ਰੈਗੁਨੰ [3]ਬਿਦਾਰੈ

ਨਗ ਪੰਨੇ ਮਾਣਕ ਉਜੀਯਾਰੇ । ਰਚੀ ਸਿੱਧ ਸਿੱਧਾਂ ਬਿਸਥਾਰੇ[1] ।
ਸ੍ਰੀ ਗੁਰ ਨਾਨਕ ਨੀਰੁ ਨ ਲਇਯੋ । ਛਲੁ ਨਿਹਾਰ ਪਾਛੈ ਫਿਰ ਗਇਯੋ ।੧੧੫ ।
ਸਿੱਧ ਸਭਾ ਮਧ ਫਿਰ ਚਲ ਆਇਆ । ਮ੍ਰਿਤਕਾ ਸਮ ਮਾਨਲੀ ਵਹੁ ਮਾਇਆ ।
ਸਿੱਧ ਮੰਡਲੀ ਅਤ ਬਿਸਮਈ । ਗੁਰ ਨਾਨਕ ਗਤ ਲਖੀ ਨ ਗਈ । ੧੧੬ ।
ਤਬ ਸਿੱਧਾਂ ਮਨ ਮੈ ਇਹ ਜਾਨੀ । ਪੰਚ ਬਾਂਨ ਨਾਨਕੁ ਨਿਰਬਾਨੀ ।
ਇਸ ਕੋ ਨਹੀਂ ਕਾਂਮਨਾਂ ਕਾਈ । ਹਮ ਹਾਰੇ ਸਭ ਸਿੱਧ ਲਗਾਈ । ੧੧੭ ।
ਏਕ ਬਾਤ ਇਸ ਔਰੁ ਕਹੀਜੈ । ਜੋ ਸੁਨ ਕੈ ਹਮਰੇ ਮਤ ਭੀਜੈ ।
ਔਧ[2] ਅਧਕ ਭਾਖਹਿ ਇਸ ਆਗੈ । ਜੋ ਸੁਨ ਪੰਥ ਹਮਾਰੇ ਲਾਗੈ । ੧੧੮ ।
ਸਿੱਧ ਸਭਾ ਕਹਿਯੋ ਗੋਰਖ ਆਗੇ । ਕਹੁ ਨਾਨਕ ਕੌਂ ਕਹੇ ਜੋ ਲਾਗੇ ।
ਤਬ ਗੋਰਖ ਇਹ ਵਾਕ ਉਚਾਰੇ । ਸ੍ਰੀ ਨਾਨਕ ਲਗੁ ਕਹੇ ਹਮਾਰੇ । ੧੧੯ ।
ਹਮ ਕੋ ਮਿਲ ਤੁਮ ਕਿਆ ਫਲੁ ਪਾਇਯੋ । ਬਰੁ ਨ ਮਾਗਿਯੋ ਜੋ ਮਨ ਭਇਯੋ ।
ਅਬ ਇਹ ਕਹਿਆ ਹਮਾਰਾ ਕੀਜੈ । ਅਧਕ ਆਉ ਹਮ ਪੈ ਮੰਗ ਲੀਜੈ । ੧੨੦ ।
ਤਬ ਗੁਰੂ ਨਾਨਕ ਏਹੁ ਉਚਾਰਿਯੋ । ਸੁਨੁ ਗੋਰਖ ਤੁਮ ਕਛੁ ਨ ਬਿਚਾਰਿਯੋ ।
ਜੇ ਜੁਗ ਚਾਰ ਆਰਜਾ ਪਾਵੈ । ਹੋਰੁ ਦਸੂਣੀ ਔਧ ਬਢਾਵੈ । ੧੨੧ ।
ਨਵਖੰਡ ਮੈਂ ਜਾਣੇ ਸਭੁ ਕੋਈ । ਸਾਤ ਦੀਪ ਕੀਰਤ ਜਿਹ ਹੋਈ ।
ਜਸੁ ਗਾਵੈ ਜਾ ਕੋ ਜਗ ਸਾਰਾ । ਸਾਥ ਚਲੈਂ ਜਿਹ ਲੋਗ ਅਪਾਰਾ । ੧੨੨ ।
ਜੇ ਪ੍ਰਭੁ ਕੀ ਵਹੁ ਨਦਰ ਪਰੇ । ਤਾਂ ਸੋਂ ਕੋਊ ਬਾਤ ਨ ਕਰੇ ।
ਅਧਕ ਆਉ ਕੀ ਕਰੈ ਸਹਾਇ । ਅੰਤ ਮਰੇਂ ਨਰ ਫਿਰ ਪਛਤਾਇ । ੧੨੩ ।
ਜਬ ਗੁਰ ਨਾਨਕ ਐਸੇ ਕਹੀ । ਤਬ ਗੋਰਖ ਮੁਖ ਮੌਨ ਸੁ ਗਹੀ ।
ਸਭ ਸਿੱਧਾਂ ਤਬ ਏਹੁ ਉਚਾਰੀ । ਧੰਨ ਸ੍ਰੀ ਨਾਨਕ ਨ੍ਰਿੰਕਾਰੀ । ੧੨੪ ।
ਉੱਤਰ ਪ੍ਰਸਨ[3] ਭਲੀ ਬਿਧ ਕੀਨੇ । ਸਿੱਧ ਸਭੇ ਸਾਦਕ ਕਰ ਲੀਨੇ ।
ਫਿਰ ਸੁਮੇਰ ਤੇ ਲਈ ਉਡਾਰੀ । ਗੁਰ ਕੀਨੀ ਸੁਤ ਕੀ ਅਸਵਾਰੀ । ੧੨੫ ।
ਮਨ ਤੇ ਬੇਗ ਸ੍ਰੀ ਗੁਰ ਧਾਇਯੋ । ਕਈ ਲਾਖ ਯੋਜਨ[4] ਉਡ ਆਇਯੋ ।
ਭੂਅ ਮੰਡਲ ਪਹੁਚੇ ਤਤਕਾਲਾ । ਸਿਖ ਸੇਵਕ ਸਭ ਕੀਯੇ ਨਿਹਾਲਾ । ੧੨੬ ।
ਦਰਸੁ ਪਰਸ ਹੋਏ ਪਰਸਿੰਨ । ਸਿਖ ਸੇਵਕ ਭਾਖੇਂ ਗੁਰੁ ਧੰਨ ।
ਮੱਦ੍ਰ ਦੇਸ ਦਿਨ ਕਛੁਕ ਬਿਤਾਏ । ਫਿਰ ਸ੍ਰੀ ਗੁਰ ਮੱਕੇ ਦਿਸ ਧਾਏ । ੧੨੭ ।

ਸਵੈਯਾ : ਤੀਰਥ ਮੱਜਨ ਕੈ ਸਗਰੇ ਦਧ ਦੀਪ **ਸਤੇ** ਨਵਖੰਡ[5] ਫਿਰਾਇਯੋ ।
ਹੇਰ ਪਹਾਰ ਸੁਮੇਰ ਚਢਿਯੋ ਸਿੱਧ ਮੰਡਲੁ ਜੀਤ ਬਡੋ ਜਸੁ ਪਾਇਯੋ ।
ਸਾਦਕ ਸਿੱਧ ਕਰੇ ਸਗਰੇ ਜਿਹ ਗਿਯਾਨੁ ਸਿਰੀ ਮੁਖ ਵਾਕ ਅਲਾਇਯੋ ।
ਸੋ ਗੁਰ ਨਾਨਕੁ ਊਡ ਸੁਮਰੇ ਹੁਏ ਕਛਿਨੰ ਛਿਤ ਮੰਡਲ ਆਇਯੋ । ੧੨੮ ।

ਸਵੈਯਾ : ਮੱਦ੍ਰ ਦੇਸ ਬਿਰਾਜ ਸਿਰੀ ਗੁਰ ਸੇਵਕ ਸਿੱਖ ਨਿਜੰ ਪਗ ਲਾਏ ।
ਹੇਰ ਕ੍ਰਿਪਾ ਦ੍ਰਿਗ ਮੇਰ ਸਮੰ ਕਰ ਫੇਰ ਚੁਰਾਸੀ ਕੇ ਫੇਰ ਨ ਪਾਏ ।

---

[1] ਬਿਸਧਾਰੇ [2] ਆਉ [3] ਪ੍ਰਸਨ [4] ਜੋਜਨ [5] ਨਵਖੰਡ

ਕਾਲ ਕਛੂਕ ਬਿਤਾਇ ਸਿਰੀ ਗੁਰ ਪੱਛਮ ਓਰ ਨਿਸਾਨ ਬਜਾਏ ।
ਵੀਰ ਮ੍ਰਿਗੇਸ ਸਿਰੀ ਗੁਰੁ ਨਾਨਕੁ ਚਾਹਤ ਅਬ ਮਕੇ ਸੁ ਨਿਵਾਏ । ੧੨੯ ।

ਸਵੈਯਾ : ਗੌਨੁ ਕਰਿਯੋ ਗੁਰ ਪੌਨ ਅਰੂਢ ਹੁਵੈ ਸੌਨ ਭਲੇ ਚਢ ਕੈ ਅਸਮਾਨੀ ।
ਗੰਧ੍ਰਬ ਕਿੰਨਰ ਜੱਛ ਸੁਰਾਸੁਰ ਪਾਂਇ ਪਰੇ ਚਢ ਬਿਯੋਮ ਬਿਬਾਨੀ ।
ਕਾਬੁਲ ਨਾਖ ਘੰਧਾਰ ਈਰਾਂਨ ਜੁਨਾਨ ਗਇਯੋ ਲਖ ਦੇਜ ਦੁਰਾਂਨੀ ।
ਆ ਉਤਿਰਿਯੋ[1] ਮਕਰਾਂਨ ਸਿਰੀ ਗੁਰੂ ਜਾਂਹਿ ਰਰੈ ਨਰ ਆਰਬੀ ਬਾਂਨੀ । ੧੩੦

ਸਵੈਯਾ : ਸਾਜ ਸਿੰਘਾਸਨੁ ਪੌਢ ਰਹਿਯੋ ਗੁਰੂ ਪੈਰ ਕਰੇ ਤਬ ਓਰ ਸੁ ਮੱਕੇ ।
ਜੀਵਣ ਆ ਬਕਬਾਦੁ ਕੀਓ ਨਿਜ ਪੈਰ ਲਗਾਇ ਸਿਰੀ ਪਦ ਧੱਕੇ ।
ਕੌਨੁ ਅਜਾਂਨ ਬਰਿਯੋ ਅਰਬਾਂਨ ਏ ਐਸੀ ਕਰੀ ਕਰ ਕੋਇ ਨ ਸੱਕੇ ।
ਪੈਰ ਖੁਦਾਇ ਕੀ ਓਰ ਕੀਏ ਨਹਿੰ ਨੈਕੁ ਹਟਾਏ ਪੁਕਾਰਤ ਥੱਕੇ । ੧੩੧ ।

ਸੰਕਰ ਛੰਦ : ਜਬ ਕਹਿਯੋ ਜੀਵਣ ਤਾਂ ਸਮੈਂ ਤੁਨ ਕੌਨੁ ਹੋ ਦਰਵੇਸ ।
ਨਹਿ ਕਰੋ ਅਦਬੁ ਖੁਦਾਇ ਤੇ ਤੁਮ ਵਸੋ ਕਵਿਨੇਂ ਦੇਸ ।
ਦਿਸ਼ ਪੈਰ ਮੱਕੇ ਕਿਉਂ ਕੀਏ ਹਮ ਥਕੇ ਤੋਹਿ ਪੁਕਾਰ ।
ਨਹਿ ਨੈਕੁ ਉੱਤ੍ਰ ਦੇਂਹਿ ਤੂੰ ਮੁਖ ਮੌਨ ਪੌਢੇ ਧਾਰ । ੧੩੨ ।
ਸੁਣ ਵਾਕ ਜੀਵਣ ਕੇ ਤਬੇ ਗੁਰ ਕਹਿਯੋ ਆਪ ਸੁਣਾਇ ।
ਕਰੁ ਪੈਰ ਮੇਰੇ ਤਾਂ ਦਿਸਾ ਜਿਹਿ ਓਰ ਹੈਨ ਖੁਦਾਇ ।
ਕਰ ਕੋਪੁ ਹਾਜੀ ਜੀਵਣੈ ਪਦ ਧਰੇ ਦੂਜੀ ਓਰ ।
ਤਬ ਤ੍ਰਤ ਮੱਕਾ ਫਿਰ[2] ਗਇਯੋ ਪਦ ਸਾਂਮੁਹੇ ਤਜ[3] ਫੌਰ । ੧੩੩ ।
ਵਹੁ ਫੇਰ ਹਾਜੀ ਰੋਜੁ ਕੈ ਪਦ ਓਰ ਦੂਜੀ ਕੀਨ ।
ਫਿਰ ਗਇਯੋ ਕਾਬਾ ਚਰਨ ਦਿਸ ਲਖ ਤ੍ਰਕ ਭਏ ਮਲੀਨ ।
ਤਬ ਰੁਕਨਦੀਨ ਸਮੇਤ ਜੀਵਣੁ ਰਹਿਯੋ ਅਚਰਜੁ ਮਾਂਨ ।
ਖੁਦ ਏਹੁ ਆਪ ਖੁਦਾਇ ਹੈ ਮੁਖ ਕਹਿਯੋ ਸਭਨ ਬਖਾਂਨ । ੧੩੪ ।
ਤਬ ਪਰੇ ਚਰਨੀ ਆਇ ਹਾਜੀ ਮਿਲੇ ਮੁੱਲਾਂ ਗੌਸ ।
ਗੁਰ ਚਰਨ ਝਾਰ ਰੂਮਾਲ ਸਿਉ ਫਿਰ ਲਗੇ ਪੋਚਨ ਕੌਸ ।
ਕਰ ਜੋਰ ਸਿਜਦਾ ਦੈ ਸਭੈ ਗੁਰ ਤੀਰ ਬੈਠੇ ਆਇ ।
ਕਰ ਕਰਮ ਬਖਸੀ ਬਖੁਸੁ ਗੁਨਹਾਂ ਕਹਿਯੋ ਸਭਨ ਸੁਨਾਇ । ੧੩੫ ।
ਹਮ ਦੀਨ ਬੰਦੇ ਮੰਦ ਮਤ ਕਰ ਵਖਤ ਭੂਲਨਹਾਰ ।
ਤੁਮ ਹੋ ਬਲੀ ਬਖਸਿੰਦ ਬਾਲਾ ਬਿਐਬ ਪ੍ਰਵਦਗਾਰ ।
ਸਭ ਮਾਫ ਕਰੁ ਤੁਕਸੀਰ ਹਮਰੀ ਨਾ ਚਿਤਾਰੋ ਐਬ ।
ਕਰ ਫਦਲੁ ਅਦੂਲੁ ਨ ਕੀਜੀਏ ਨਿਜ ਨਾਂਮ ਦੀਜੈ ਜੈਬ । ੧੩੬ ।
ਹਰ ਵਖਤ ਬੰਦਾ ਭੂਲ ਹੈ ਲਖ ਤਾਂਮੁ ਦੇਤ ਖੁਦਾਇ ।

---

[1] ਉਤਰਿਯੋ [2] ਫਿ [3] ਤਜੋ

ਸੁਤੁ ਕਰੇ ਸਹਸ ਬਿਦਾਂਈਆਂ ਜਿਮ ਨਾਂਮ ਚਿਤਾਰੇ ਮਾਂਇ ।
ਇਮ ਭਾਖ ਜੀਵਣ ਰੁਕਨਦੀਨ ਸਭ ਲਏ ਹਾਜੀ ਸਾਥ ।
ਕਰ ਜੋਰ ਸ੍ਰੀ ਗੁਰ ਚਰਨ ਪਰ ਨਿਜ ਆ ਨਿਵਾਏ ਮਾਥ । ੧੩੭ ।
ਫਿਰ ਕਹਿਯੋ ਮੁੰਲਾਂ ਰੁਕਨਦੀ ਪ੍ਰਭੂ ਕੀਆ ਤੁਮਾਰੋ ਨਾਂਮ ।
ਤੁਮ ਕਵਨ ਦੇਸ ਬਿਰਾਜ ਹੋਇਹਾਂ ਆਇਹੋ ਕਿਹੰ ਕਾਂਮ ।
ਕਰ ਕਰਮ ਬਖਸੀ ਭਾਖੀਯੈ ਮਮ ਕਰੇਂਹ ਕਿਆ ਤਵ ਸੇਵ ।
ਹਮ ਭਏ ਸ੍ਰਬ ਮੁਰੀਦ ਤੇਰੇ ਤੂੰ ਹਮੈਂ ਗੁਰਦੇਵ । ੧੩੮ ।
ਤਬ ਰਹਿਯੋ ਸ੍ਰੀ ਮੁਖਵਾਕ ਗੁਰ ਸਭ ਹਾਜੀਯਾਂ ਸਮਝਾਇ ।
ਮਨ ਨਾਂਮੁ ਨਾਨਕ ਨ੍ਰਿੰਕਾਰੀ ਸੁਣੋਂ ਹਾਜੀ ਰਾਇ ।
ਕਰ ਹੁਕਮੁ ਆਪ ਹਜੂਰ ਤੇ ਮੁਹਿ ਭੇਜਿਯਾ ਨ੍ਰਿੰਕਾਰ ।
ਕਹਿ ਧਰਮ ਕਰਮ ਚਲਾਇ ਜਗ ਮੈਂ ਹਰੋ ਭੂਅ ਕੇ ਭਾਰ । ੧੩੯ ।
ਜਗ ਰਾਜੁ ਤੇਜੁ ਸੁਧਾਰ ਅਪਨੋਂ ਦੀਜੀਯੈ ਸੁਖਦੇਸ ।
ਦਿਜ ਸਾਧ ਗਊ ਗਰੀਬ ਕੀ ਰਛਪਾਲ ਕਰੋ ਹਮੇਸ ।
ਇਮ ਭਾਖ ਆਪ ਨ੍ਰਿੰਦਨੰ ਮਮ ਭੇਜਿਯੋ ਸੰਸਾਰ ।
ਨਵਖੰਡ ਸਾਤੋ ਦੀਪ ਮੈਂ ਕਰੁ ਰਾਜੁ ਭੁਜ ਬਲੁ ਧਾਰ । ੧੪੦ ।
ਇਹ ਵਾਕ ਸੁਣ ਸ੍ਰੀ ਗੁਰੂ ਕੇ ਹੋ ਖੜੇ ਹਾਜੀ ਪਾਸ ।
ਕਰ ਜੋੜ ਜੀਵਣ ਰੁਕਨਦੀ ਮੁਖ ਏ ਕਹੀ ਅਰਦਾਸ ।
ਕਹੁ ਸਮਾ ਸ੍ਰਬ ਉਚਾਰ ਮੋ ਪੈ ਸ੍ਰਿੀ ਮੁਖ ਸਮਝਾਇ ।
ਕਬ ਰਾਜੁ ਤੇਰਾ ਹੋਇਗਾ ਗੁਰ ਸਿਰੀ ਨਾਨਕ ਰਾਇ । ੧੪੧ ।
ਕਹੇ ਕਵਿੰਦ੍ਰ ਵੀਰ ਸਿੰਘੁ ਸੁਨੋਂ ਸੁ ਸੰਤ ਕਾਂਨ ਜੂ ।
ਰਟੇ ਜੁ ਸਾਗੁ ਸਾਚ ਵਾਕ ਨਾਨਕੰ ਨ੍ਰਿਬਾਂਨ ਜੂ ।
ਪਢੰ ਸੁਨੈ ਤੀਯਾ ਨਰੰ ਸੁ ਭਾਂਵ ਚਿੰਤ ਧਾਰ ਕੈ ।
ਭਵੰ ਨਿਧੰ ਤਰੇ ਤਬੈ ਸਮੱਸਤ ਪਾਪ ਟਾਰ ਕੈ । ੧੪੨ ।
ਸੁ ਜੀਵਣੰ ਹਜੇਤੁ ਤੀਰ ਰੁਕਦੀਨ ਬੁਲਾਇਯੋ ।
ਸਮੱਸਤ ਸੇਖ ਮੌਲਵੀ ਸੁ ਸਨਮੁਖੰ ਬੈਠਾਇਯੋ ।
ਸਮੱਸਤ ਅ੍ਰਬ ਸੇਖ ਗੌਸ ਪੀਰ ਆ ਜੁਰੇ ਜਬੈ ।
ਨਿਜੰ ਉਤਾਰ ਗੋਪ ਗਾਥ ਭਾਖਨੇਂ ਲਗੋ ਤਬੈ । ੧੪੩ ।
ਸ੍ਰੀ ਮੁਖੰ ਕਹਿਯੋ ਜਬੈ ਦਸੰ ਸਰੂਪੁ ਪਾਇ ਹੌ ।
ਸੁਰੇਸ ਬਾਹਨੀ ਤਟੰ ਪੁਰੇ ਕ੍ਰਤਾਰ ਆਇ ਹੌ ।
ਉਪਾਇ ਬੀਰ ਖਾਲਸਾ ਨ ਆਂਨ ਕਾਂਨ ਹੌਂ ਧਰੋਂ ।
ਉਰੰਗਜੇਬ ਸਾਥ ਜੰਗ ਕਈ ਬਾਰ ਮੈਂ ਕਰੋਂ । ੧੪੪ ।
ਸੁਧਾਰ ਤੇਜੁ ਆਪਨੋਂ ਪਚਾਂਨਨੰ ਜਬੈ ਪਠੋਂ ।
ਦ੍ਰਸਾਇ ਰੂਪਬੁ ਖਾਲਸਾ ਕਲਾਮ ਮਲੇਛ ਕੀ ਕਟੋਂ ।
ਕਰੀਂ ਸਤਾਬ ਆਂਵਨੀ ਸੁਲਤਾਂਨੁ ਭਾਖ ਹੈ ਜਬੈ ।

ਸੁ ਥਾਪ ਰਾਜੁ ਖਾਲਸੇ ਅਲੋਪੁ ਹੋ ਵਹੈਂ ਤਬੈ । ੧੪੫ ।
ਸਕੈਂ ਨ ਵਾਕ ਨਾਲ ਜੋ ਵਿਖਾਉ ਤ੍ਰਾਸੁ ਤਾਸ ਕੋ ।
ਦਿਵਾ ਨਿਸੰ ਭਟੰ ਰਮੈਂ ਹਮੇਸ[1] ਜੰਗ ਵਾਸ ਕੋ ।
ਬਲੀ ਬਿਲੰਦ ਖਾਲਸਾ ਪੰਜਾਬ ਮੈਂ ਉਦੇ ਕਰੋਂ ।
ਸੁ ਏਕ ਰੂਪ ਵਰਨ ਚਾਰ ਧਾਰ[2] ਸ੍ਰਿਸਟ ਮੈਂ ਧਰੋ । ੧੪੬ ।
ਸੁ ਹੇਤ ਖਾਨ ਖਾਲਸਾ ਸੁਬੱਤ੍ਰ ਪਾਲਨਾ ਕਰੇ ।
ਸੁ ਚਾਰ ਬਰਨ ਏਕ ਰੂਪ ਸਾਨਜੰ ਸਮੰ ਸਰੇ ।
ਪ੍ਰਕਾਸ ਮੱਦ੍ਰ ਦੇਸ ਤੇ ਸੰਮੂਹ ਖਾਲਸਾ ਬਲੀ ।
ਪ੍ਰਿਥਮ ਲਹੌਰ ਲੂਟ ਹੈ ਸੁਧਾਰ ਭਾਂਤ ਹੂੰ ਭਲੀ । ੧੪੭ ।
ਸੂ ਰਾਮਚੰਦ[3] ਪੂਤ ਪਿੰਡ ਆਪਨੋਂ ਬਨਾਇ ਕੈ ।
ਸੁਵਾਰ ਪੋਠਵੰ ਧਸੈਂ ਸਮਸਤ ਬੀਰ ਧਾਇ ਕੈ ।
ਸੁਧਾਰ ਵਾਰ ਪੋਠਵੰ ਪਿਸੌਰ ਜੀਤ ਲੇਹਿਗੇਂ ।
ਨਦੀ ਸੁ ਸਿੰਧ ਕੂਲ ਕੋਟ ਅਟੱਕ ਜੋਰ ਦੇਹਿੰਗੇ । ੧੪੮ ।
ਅਟਕ ਛਟਕ ਕੈ ਤਬੈ ਸੁ ਚੋਂਕੀਆ ਬਠੈਇਕੈ[4] ।
ਜਿਤੈਂ ਸੁ ਖੈਹਿਬ੍ਰ ਤੰਗ ਕੋ ਸਮਸਤ ਸੂਰ ਧਾਇ ਕੈ ।
ਜਲਾਲਾ ਵਾਦ ਹੇਰ ਰੀਤ ਰਾਜਨੀਤ ਪੈ ਧਰੈਂ ।
ਸਮਸਤ ਸੈਨ ਜੋਰ ਕੈ ਸੁ ਜੰਗ ਕਾਬਲੰ ਕਰੈਂ । ੧੪੯ ।
ਸਭਾਰ ਰਾਜੁ ਕਾਬਲੰ ਸਜੀਤਹੋ ਪਚਾਨਨੰ ।
ਧਸੈਂ ਸੁਬੀਰ ਬਾਰਨੀ ਕੁਰੰਗ ਰਾਜ ਕਾਨਨੰ ।
ਸਹੰਸ੍ਰ ਦੇਸੁ ਆਪ ਕੈ ਘੱਧਾਰਹੇ ਰਹੈਂ ਤਬੈ ।
ਘੱਧਾਰ ਆਪਨੀ ਕਰੇਂ ਬੁਖਾਰ ਬਲਕ ਲੈ ਜਬੈ । ੧੫੦ ।
ਸੁ ਬਾਗਦਾਦ ਜੀਤ ਕੈ ਬਲੋਚ ਮੱਸਦ ਸਾਧ ਹੈਂ ।
ਇਨੰ ਸੁ ਮੁਲਕ ਸਾਧ ਕੈ ਅਬੱਧ ਦੇਸ ਬਾਧ ਹੈ ।
ਮਕਾ ਮਦੀਨ ਰੂੰਮ ਕੌ ਫਿਰੰਗ ਰਾਜ ਮਾਰ ਕੈ ।
ਸੁ ਮ੍ਰਹਿਟ ਭੀਲ ਦੱਖੰਣ ਸੁ ਪੂਰਬੰ ਲਿਤਾਰ ਕੈ । ੧੫੧ ।
ਸੁਬੱਤ੍ਰ ਹਿੰਦ ਰਾਜ ਜੀਤ ਉੱਤ੍ਰੰ ਬਸੰ ਕਰੈਂ ।
ਸਮੱਸਤ ਦੇਸ ਜੀਤ ਕੈ ਸੁਰੇਜ ਪ੍ਰੱਸਤ ਆਬਰੈਂ ।
ਚਮੂੰ ਸਮਹੂੰ ਗੁਰੂ ਕੀ ਦਿਲੀਸ ਰਾਜੁ ਪਾਇ ਕੈ ।
ਬਿਰਾਜ ਤਖਤ ਪੈ ਭਲੇ ਮੁ ਦੁੰਧਭੀ[5] ਬਜਾਇਕੈ । ੧੫੨ ।
ਫਿਰਾਇ ਛੱਤ੍ਰ ਸੀਸ ਪੈ ਸੁਪੌਰ ਨੌਬਤੰ ਘੁਰੇ ।
ਬਸਾਂਹਿ ਫੂਲ ਦੇਵਤੇ ਸਮੱਸਤ ਗੈਨ ਮੌਂ ਜੁਰੇ ।
ਰੜੈ ਅਪਾਰ ਮੰਗਲੰ ਅਪੱਛਰਾ ਅਕਾਸ ਮੈਂ ।

---

[1]ਹਸੇਸ [2]ਬਾਪ [3]ਸੁਰਾਂਮ ਦੰਰ [4]ਬਿਠਾਇ [5]ਦੂੰਦ

ਕਰੇ ਸੁ ਮੌਜ ਖਾਲਸਾ ਨਿਜੰ ਨਿਜੰ ਅਵਾਸ ਮੈਂ । ੧੫੩ ।
ਉਦੇਸੁ ਅੱਸਤ ਲੌ ਭਲੇ ਸੁ ਰਾਜੁ ਖਾਲਸਾ ਕਰੈ ।
ਬਸੇਂ ਜਿਮੀਨ ਜੇ ਨਰਾ ਟਕੇ ਹਜੂਰ ਆ ਭਰੈਂ ।
ਸੁ ਰਯਤੰ ਭਵੈਂ ਸਭੈ ਨਰਾਂਨ ਜੋ ਜਹਾਂਨ ਮੈਂ ।
ਦਿਜੰ ਗਊ ਗਰੀਬ ਲੌਂ ਬਸੈਂ ਸੁਖੀ ਮਕਾਂਨ ਮੈ । ੧੫੪ ।
ਭਵੈ ਸੁ ਸਤਿਜੁਗੰ ਤਬੈ ਸੁ ਰਾਜ ਹੋ ਗੁਰੂ ਸਚੇ ।
ਪਰੇ ਜੁ ਸਾਂਮ ਖਾਲਸੇ ਜਮੰ ਜੰਦਾਰ ਤੇ ਬਚੇ ।
ਫਿਰੇ ਦਮੂੰ ਅਕਾਲ ਕੀ ਅਸੰਖ ਹੋ ਨਿਰਾਲ ਸਾ ।
ਰਹੇ ਨ ਪੰਥੁ ਅਵਰੁ ਕੋ ਹੁਵੈ ਸਮੂੰਹ ਖਾਲਸਾ । ੧੫੫ ।
ਨੀਲੰਬਰੰ ਸੁਧਾਰ ਹੈਂ ਕ੍ਰਿਪਾਣ ਕੱਛ ਭੂਖਣੰ ।
ਅਵਿੱਧ ਖਾਲਸਾ ਭਵੈ ਸਕੇਸ ਦੇ ਅਦੂਖਣੰ ।
ਸ੍ਰੀ ਗੁਰੂ ਜੁ ਨਾਨਕੰ ਸ੍ਰੀ ਮੁਖੋਂ ਉਚਾਰਿਯੋ ।
ਸੁ ਰੁਕਨਦੀ ਸਮਸਤ ਵਾਕ ਸਾਚ ਹੈਂ ਹਮਾਰਿਯੋਂ । ੧੫੬ ।
ਕਰੇ ਸੁ ਰਾਜੁ ਖਾਲਸਾ ਮਲੇਛ ਬੰਸੁ ਹਾਰ ਹੈਂ ।
ਸਹਾਬ ਸੇਖ ਸਯੰਦ ਸੁ ਪੀਰ ਆਜ ਹਾਰ ਹੈਂ ।
ਜਪੈ ਅਕਾਲ ਕੋ ਜਬੈ ਸਮਸਤ ਪੰਥ ਕੈ ਹਾਰ ਕੈ ।
ਸੁ ਆਪ ਆਵਿਲੋਕ ਹੈ ਸੁਦਿਸਟ ਦ੍ਰਿਸਟ ਧਾਰ ਕੈ । ੧੫੭ ।
ਗੁਰੂ ਕ੍ਰਿਪਾ ਨਿਧਾਨ ਕੋ ਪ੍ਰਤਾਪੁ ਹੇਰ ਹੈਂ ਜਬੈ ।
ਇਮਾਂਨਹੀਂਨ ਸੂੰਮ ਕੂਰ[1] ਝੂਰ ਕੈ ਮਰੇ ਤਬੈ ।
ਕਸਮੀਰ ਦੇਸੁ ਤਿੱਬਤੰ ਸੁ ਬੰਦਰੰ ਸਰੰ ਕਰੈ ।
ਈਰਾਨ ਜੰਗ ਗਿਲਜਏ ਸਤ੍ਰੁ ਜਬ ਕੰਦਲੰ ਦਰੈ । ੧੫੮ ।
ਸੁ ਕਤਲ ਥਾਸ ਕੁਫਰ ਤੰਈਦਾਨ ਕੌ ਨਿਵਾਇ ਕੈ ।
ਪ੍ਰਗੱਟ ਹੋ ਹ੍ਰਮੰਦ੍ਰ ਗੁਬਿੰਦੁ ਆਪ ਆਇ ਕੈ ।
ਸੁ ਨਾਂਮੁ ਵਾਹਗੁਰੂ ਕਹੇਂ ਮਿਲੇ ਸੁ ਧਾਇ ਖਾਲਸਾ ।
ਝੂਝਾਇ[2] ਖਲਕ ਤੇਗ ਸੌਂ ਸਦਾ ਰਹੇ ਨਿਰਾਲਸਾ । ੧੫੯ ।
ਕਹਾਇ ਪ੍ਰਖਾ ਅਲਿਪਤੰ[3] ਬਹੇ ਸੁ ਤਖਤ ਆਇ ਕੈ ।
ਮਹਿੰਦ੍ਰ ਇੰਦ੍ਰ[4] ਭਵੈ ਦਿਲੀਸ ਰਾਜੁ ਪਾਇ ਕੈ ।
ਸੁਫੇਰ ਗ੍ਰਿਵ ਖਾਲਸਾ ਸਕੋਪ ਹੋ ਲਖੈ ਜਬੈ ।
ਕੰਪੈ ਸੁ ਭੌਂਨ ਚੌਦੀਸੰ ਅਰੀ ਰਸੇ ਸਦਾ ਦਬੈ । ੧੬੦ ।
ਅਪਾਰ ਤੇਜ ਤੀਖਣੰ ਸਦਾ ਰਹੇ ਨਿਰਾਲਸਾ ।
ਹਜਾਰ ਚਾਰ ਸੈ ਵਰਾ ਕਰੇ ਸੁ ਰਾਜ ਖਾਲਸਾ ।

---

[1]ਕ੍ਰੂਰ [2]ਝੁਕਾਇ [3]ਅਲੇਪਤੰ [4]ਇੰਦ੍ਰੰ

ਹਮੈਂ ਸੁ ਫੇਰ ਆਇ ਹੈਂ ਉਤਾਰ ਔਰ ਧਾਹ ਕੇ ।
ਕਰੋ ਸੁਖੀ ਸਮਸਤ ਲੋਕ ਪਾਪ ਪੁੰਨ ਟਾਰ ਕੈ ।੧੬੧।
ਧਨੰ ਅਪਾਰ ਏਕਠਾ ਸੁ ਏਕ ਠੌਰ ਮੈਂ ਕਰੈ ।
ਸਜਾਇ ਲੰਗ੍ਰ ਅੰਮ੍ਰਿਤੰ ਗਰੀਬ ਪੇਟ ਹੈਂ ਭਰੈ ।
ਨਿਰਾਸ ਕੋ ਨ ਜਾਇਗੋ ਸਮਸਤ ਆਸ ਪੂਰ ਹੈਂ ।
ਜਪੈ ਜੁ ਹੇਤੁ ਧਾਰ ਮੋਹ ਹਾਜਰਾ ਹਜੂਰ ਹੈਂ ।੧੬੨।
ਸ੍ਰੀ ਗੁਰੂ ਸੁ ਨਾਨਕੰ ਸ੍ਰਿ ਮੁਖੋ ਉਚਾਰਿਆ ।
ਸੁਨੋਂ ਸੁ ਰੁਕਨਦੀਨ ਵਾਕ ਸਾਚੁ ਹੈਂ ਹਮਾਰਿਆ ।
ਹਮੈਂ ਤੁਮੈਂ ਸੰਬਾਦ ਏ ਪੜੇ ਸੁਨੇਂ ਹਿਤੰ ਧਰੈ ।
ਸੁ ਪ੍ਰੇਮ ਭਗਤ ਪਾਇਣੀ ਸਬਾਸੁ ਸੰਗਤੰ ਕਰੈ ।੧੬੩।

ਤੋਮਰ ਛੰਦ : ਪ੍ਰਭ ਗੁਰੂ ਨਾਨਕ ਰਾਇ । ਜਬ ਕਹੀ ਏਹੁ ਸੁਣਾਇ ।
ਸੁਣੁ ਰੁਕਨਦੀਨ ਕਾਜੇਸ । ਕਰ ਬੰਦਗੀ ਹਾਮੇਸ ।੧੬੪।
ਸਭ ਤਜੋ ਖੁਦੀ ਗੁਮਾਨ । ਮਨ ਰਾਖ ਅਚਲ ਈਮਾਨ ।
ਤੁਮ ਕਰੋ ਸਾਹਿਬੁ ਯਾਦ । ਹਮ ਜਾਂਹਿ ਅਬ ਬਗਦਾਦ ।੧੬੫।
ਢਿਗ ਕਹਿਯੋ ਜੀਵਣ ਆਇ । ਕਹੁ ਰੁਕਨਦੀ ਸਮਝਾਇ ।
ਕਛੁ ਦੇ ਨਿਸਾਨੀ ਮੋਹਿ । ਪਿਖ ਯਾਦ ਰਾਖੈਂ ਤੋਹਿ ।੧੬੫।
ਤਬ ਕਹਿਯੋ ਗੁਰ ਸਮਝਾਇ । ਦਇਯੋ ਭਰਥ ਜੋਰ ਘੁਰਾਇ ।
ਸੋ ਲੇਹੁ ਤੁਮ ਕਰ ਪ੍ਰੀਤ । ਪਿਖ ਯਾਦ ਕਰੁ ਮਮ ਨੀਤ ।੧੬੬।
ਜੁਰ ਆਸੇ ਹਾਜੀ ਗੋਸ । ਗੁਰ ਦਈ ਨਿਜ ਪਗ ਕੌਸ ।
ਪੁਨ ਕਹੀਏ ਸਮਝਾਇ । ਦੇ ਧੂਪ ਦੀਪੁ ਜਗਾਇ ।੧੬੭।
ਮਮ ਕੌਸ ਪੂਜੈ ਜੋਇ । ਨਰੁ ਨਾਰਿ ਨਰਪਤੁ ਹੋਇ ।
ਗਲ ਪਰੈ ਨਾ ਜਮ ਫਾਸ । ਅੰਤ ਜਾ ਸੁਖਾਲੇ ਸਾਸ ।੧੬੮।
ਮਿਲ ਸੇਖ ਹਾਜੀ ਗੋਸ । ਸਭ ਲਗੇ ਪੂਜਣ ਕੌਸ ।
ਗੁਰ ਜੀਤ ਅਰਬ ਮਕਾਨ । ਬਗਦਾਦ ਦਿਸ ਧਰ ਧਿਆਨ ।੧੬੯।
ਗੁਰੁ ਉਡਿਯੋ ਧਾਰ ਉਮੰਗ । ਤਬ ਲੈ ਤੁਰਾਨਾ ਸੰਗ ।
ਆਕਾਸ ਮਾਰਗ ਧਾਇ । ਬਗਦਾਦ ਉਤਰੇ ਆਇ ।੧੭੦।

ਗੀਯਾ ਮਾਲਤੀ ਛੰਦ : ਗੁਰ ਉਚ ਠੌਰ ਨਿਵਾਸ ਕਰ ਤਬ ਬਾਂਗ ਸਬਦੁ ਉਚਾਰਿਆ ।
ਵਹੁ ਸੁਨਿਯੋ ਚੌਦਹ ਭੌਨ ਮੈਂ ਗੰਭੀਰ ਸਬਦੁ ਉਦਾਰਿਆ ।
ਸਭ ਪਰਿਯੋ ਹੁਜਰੀ ਹਲਹਲਾ ਜਹੁ ਕਲਕਲਾਟੁ ਉਚਾਰ ਹੈ ।
ਯਹਿ ਕਉਨੁ ਮਤੁ ਫਕੀਰ ਆਇਓ ਬੋਲੁਹਿ ਸਤੈ ਕਾਰ ਹੈ ।੧੭੧।
ਇਹ ਭਈ ਸੁਹਰਤ ਸਹਿਰ ਮੈਂ ਉਤ ਗੁਰੂ ਜੀ ਇਮ ਬੋਲਿਓ ।
ਮਰਦਾਨਿਆਂ ਰਾਬਾਬੁ ਲੈ ਕਰ ਗਾਉ ਸਬਦ ਅਮੋਲਿਓ ।

ਸੁਰ ਸਾਜ ਤਰਤਨਾਇ ਤਬ ਰਾਬਾਬੁ ਅੰਨਹਦ ਵਾਇਆ[1] ।
ਪਾਤਾਲ ਲਖ ਅਕਾਸ ਸੁਰ ਭਰ ਸਬਦੁ ਏਹੁ ਸੁਣਾਇਆ । ੧੭੨ ।
ਇਕੁ ਦਸਤਗੀਰ ਮੁਰੀਦੁ ਅਪਨਾ ਭੇਜਿਆ ਕਹੂੰ ਕਾਜ ਕੋ ।
ਵਹੁ ਰਾਗੁ ਸੁਣ ਢਿਗ ਆਖਰੋ[2] ਸਿਰੁ ਨਿਯਾਇ ਗੁਰੂ ਮਹਾਂਰਾਜ ਕੋ ।
ਸੁਣ ਬਾਤ ਭੈ ਉਰ ਮਾਂਨਿਯੋ ਪਾਤਾਲ ਲਾਖ ਅਕਾਸ ਕੀ ।
ਫਿਰ ਦਸਤਗੀਰਹਿੰ ਜਾ ਕਹੀ ਧੁਨ ਸਰਬ ਸਬਦ ਬਿਲਾਸ[3] ਕੀ । ੧੭੩ ।

ਚੌਪਈ : ਸੁਣ ਸ੍ਰੀ ਗੁਰ ਕੇ ਸਬਦੁ ਗੰਭੀਰ । ਕਹੇ ਮੁਰੀਦੁ ਪੀਰ ਤੇ ਧੀਰ ।
ਚੌਦਾਂ ਤਬਕ ਸਰਬ ਤੁਮ ਕਹੇ । ਸਗਰੀ ਸ੍ਰਸਟ ਤਿਸੀ ਮੈਂ ਰਹੇ । ੧੭੪ ।
ਏਕੁ ਮਸਤੁ ਦਰਵੇਸ ਉਦਾਰੇ । ਮਮ ਪੁਰ ਢਿਗ ਬੈਠੇ ਬਲੁ ਧਾਰੇ ।
ਤਿੰਹਿ ਢਿਗ ਇਕੁ ਨਰੁ ਰਾਗੁ ਅਲਾਵੈ ।
ਪਤਾਲ ਅਕਾਸ ਲਾਖ ਕਹਿ ਗਾਵੈ । ੧੭੫ ।
ਸ੍ਰਸਟਾਂ ਅਨਕ ਬਸਹਿ ਤਿਸ ਮਾਂਹੀ । ਬੇਸੁਮਾਰ ਗਣਤੀ ਕਛੁ ਨਾਂਹੀ ।
ਤਾ ਤੇ ਸੁਣ ਅਚਰਜੁ ਹਮ ਮਾਨਿਯੋ । ਦਸਤਗੀਰ ਤਟੁ[4] ਤੀਰ ਬਖਾਂਨਿਯੋ ।੧੭੬।
ਯਾਂ ਕਾ ਉਤ੍ਰ ਦੀਜੈ ਪੀਰ । ਕੈ ਬੂਝੋ ਉਸ ਮਸਤ ਫਕੀਰੁ ।
ਦਸਤਗੀਰ ਸੁਨ ਪਹੁਚਿਯੋ ਤਹਾਂ । ਸ੍ਰੀ ਨਾਨਕੁ ਮਰਦਾਨਾ ਜਹਾਂ । ੧੭੭ ।
ਸਲਾਂਮ ਅਲੇਖਮ ਭਾਖੀ ਪੀਰ । ਪੁਨ ਬੋਲਿਯੋ ਗੁਰੁ ਨਾਨਕ ਧੀਰ ।
ਆਉ ਪੀਰ ਬਰਿ ਕਰੋ ਅਰਾਂਮੁ । ਅਲਖ ਪੁਰਖ ਕੋ ਸਦਾ ਸਲਾਂਮੁ । ੧੭੮ ।
ਬੈਠ ਪੀਰ ਬਹੁ ਚਰਚਾ ਕੀਨੀ । ਉੱਤ੍ਰ ਪ੍ਰਸਨ ਸਹਿਤ ਰਸ ਭੀਨੀ ।
ਦਸਤਗੀਰ ਫਿਰ ਐਸੇ ਕਹਿਯੋ । ਸ੍ਰੀ ਨਾਨਕ ਇਕੁ ਸੰਸਾ ਰਹਿਯੋ । ੧੭੯ ।
ਤੁਮ ਪਤਾਲ ਲਖ ਗੈਂਨ ਜੁ ਕਹੇ । ਮੇਰੇ ਮਨ ਏਹੁ ਸੰਸਾ ਰਹੇ ।
ਕਰ ਕ੍ਰਿਪਾ ਮਮ ਭ੍ਰਮ ਮਿਟਾਵਹੁ । ਅਨਗਨ ਗੈਂਨ ਪਤਾਲ ਦਿਖਾਵਹੁ । ੧੮੦ ।
ਤਬ ਗੁਰ ਨਾਨਕ ਵਾਕ ਉਚਾਰੇ । ਚਲੋ ਪੀਰ ਤੁਮ ਸਾਥ ਹਮਾਰੇ ।
ਦਸਤਗੀਰ 'ਨਿਜ ਨੰਦੁ'[5] ਬੁਲਾਇਯੋ ।
ਸ੍ਰੀ ਗੁਰ ਨਾਨਕ ਸੰਗ ਪਠਾਇਯੋ । ੧੮੧ ।
ਸੁਤ ਕਰ ਲੈ ਉਡਿਯੋ ਤਤਕਾਲਾ । ਦਿਖਰਾਏ ਲਖ ਗੈਂਨ[6] ਪਤਾਲਾ ।
ਠੌਰ ਠੌਰ ਜਗੁ ਪੂਜਾ ਕਰੇ । ਨਾਨਕ ਨਾਂਮੁ ਸ੍ਰਿਸਟ ਸਭ ਰਰੇ । ੧੮੨ ।

ਦੋਹਰਾ : ਜਿਹਿ ਜਿਹਿ ਦੇਖਿਯੋ ਪੀਰ ਸੁਤ ਗਗਨ ਪਤਾਲ ਮਝਾਰ ।
ਸਭੁ ਜਗੁ ਪੂਜੇ ਚਰਨ ਗੁਰ ਨਾਨਕ ਨਾਮੁ ਉਚਾਰ । ੧੮੩ ।

ਚੌਪਈ : ਗਇਯੋ ਪਤਾਲ ਸ੍ਰੀ ਗੁਰੁ ਜਬ ਹੀ । ਕੀਯੋ ਕੜਾਹੁ ਸੇਵਕਾਂ ਤਬ ਹੀ ।
ਪੰਜਾ ਆਪ ਸ੍ਰੀ ਗੁਰ ਲਇਯੋ । ਸਭੁ ਕੜਾਹੁ ਤਬ ਹੀ ਵਰਤਾਇਯੋ । ੧੮੪ ।
ਦਸਤਗੀਰ ਸੁਤ ਕ੍ਰਣਕਾ ਲੀਨੋਂ । ਗਹਿ ਰਾਖਿਯੋ ਨਿਜ ਹਾਥ ਪ੍ਰਬੀਨੋਂ ।

---
[1]ਇਆ [2]ਆਪਹੋ [3]ਬਿਲਾ [4]ਤਵ [5]ਨਿਤ [6]ਗਗਨ

ਤਾਂ ਤੇ ਸ੍ਰੀ ਗੁਰ ਲਈ ਉਡਾਰੀ। ਚੜਿ ਆਏ ਨ੍ਰਿਤ ਕੀ ਅਸਵਾਰੀ। ੧੮੫।
ਨਿਮਖ[1] ਮਾਂਹਿ ਸਾਰੇ ਫਿਰ ਆਇਯੋ । ਪਤਾਲ ਅਕਾਸ ਲਈ ਦਿਖ਼ਰਾਇਯੋ।
ਆ ਪਹੁਚੇ ਬਗਦਾਦ ਸੁ ਜਬ ਹੀ।
ਨਿਜ ਆਸਨ ਗੁਰ ਬੈਠ ਸੁਤ ਬਹੀ । ੧੮੬ ।
ਦਸਤਗੀਰ ਪ੍ਰਿਤ ਏਹੁ ਉਚਾਰੀ। ਨਿਜ ਸੁਤ ਸੋ ਬੁਝੇ ਸੁਨ ਸਾਰੀ।
ਕੇਤੇ ਲਖੇ ਪਤਾਲ ਅਕਾਸਾ। ਤਾਂ ਮਹਿ ਕੇਤਕ ਸ੍ਰਿਸਟ ਨਿਵਾਸਾ। ੧੮੭।

ਦੋਹਰਾ : ਜਬ ਗੁਰ ਨਾਨਕ ਯਿਉ ਕਹਿਯੋ ਦਸਤਗੀਰ ਕੈ ਤੀਰ ।
ਤਬ ਸੁਤੁ ਬੋਲਿਯੋਂ ਪੀਰ ਕੋ ਸੁਣੋ ਪੀਰ ਧਰ ਧੀਰ । ੧੮੮ ।

ਦੋਹਰਾ : ਦਸਤਗੀਰ ਸੁਤ ਤਾਂ ਸਮੈਂ ਐਸੇ ਕਹਿਯੋ ਸੁਣਾਇ ।
ਜਾਂ ਕੋ ਕਹੇਂ ਖੁਦਾਇ ਜਗ ਸੋ ਖੁਦ ਨਾਨਕ ਰਾਇ । ੧੮੯ ।

ਸਵੈਯਾ : ਸਾਤੋ ਈ ਦੀਪ ਸਮੁੰਦ੍ਰ ਸਭੈ ਹਮ ਹੇਰ ਭਲੇ ਧਰ ਮੇਰ ਚੁਫੇਰੇ ।
ਖੰਡ ਬ੍ਰਿਹਮੰਡ ਅਕਾਸੁ ਪਤਾਲ ਰਸਾਤਲ ਲੌ ਸਭ ਹੀ ਹਮ ਹੇਰੇ ।
ਨਾਨਕ ਨਾਨਕ ਨਾਂਮੁ ਜਪੈਂ ਸਭ ਸ੍ਰਿਸਟ ਅਪਾਰ ਹੀ ਸਾਝ ਸਵੇਰੇ।
ਸੇ ਸੁਨ ਵਾਕ ਫ੍ਰਜ਼ੰਦ ਕੇ ਤਾਂ ਛਿਨ ਪੀਰ ਭਏ ਗੁਰ ਕੇ ਸਭ ਚੇਰੇ। ੧੯੦[2]।

ਸਵੈਯਾ : ਤਾਂਹਿ ਸਮੈਂ ਬਗਦਾਦ ਕੇ ਪੀਰ ਮਿਲੇ ਦਸਤਗੀਰਹਿ ਏਹੁ ਅਲਾਈ।
ਆਜੁ ਸਭੈ ਮਸਲੇ ਸੁਭ ਆਸੁਭ ਬੂਝਤੁ ਮੈਂ ਸ੍ਰੀ ਨਾਨਕ ਰਾਈ।
ਕੌਨੁ ਹੈ ਪਾਕ ਪਲੀਤ ਸੁ ਕੌਨੁ ਹੈ ਦੀਨ ਇਮਾਂਨ ਕੀ ਕੋ ਵਡਆਈ।
ਗਾਫ਼ਲ ਕੌਨ ਗੁਮਾਂਨ ਕੋ ਕੋ ਫਲੁ ਦੋਜਕੋ ਭਿਸਤ ਜਾ ਕੌਨ ਕਮਾਈ। ੧੯੧।

ਦੋਹਰਾ : ਏ ਸਭ ਮਸਲੇ ਜਾਂ ਸਮੈਂ ਬੂਝੈ ਪੀਰਾਂ ਆਇ।
ਤਬ ਗੁਲੁ ਨਾਨਕੁ ਸ੍ਰੀ ਮੁਖ ਲਾਗੋ ਕਹਿਨ ਸੁਨਾਇ। ੧੯੨।

ਨਰਾਜ ਛੰਦ : ਮਿਹਿਰ ਹਾਜਰੰ ਕਰੇ ਬਿਮਿਹਿਰ ਹੈ ਬਿਹਾਜਰੰ ।
ਇਮਾਂਨੁ ਦਸਤੰ ਭਵੈ ਸੁ ਬੇਈਮਾਂਨ ਕਾਫਰੰ ।
ਕਹਿਰੁ ਹੈ ਤਿਕੱਬਰੰ ਗੁੱਸਾ ਹਰਾਂਮੁ ਹੁਵੈ ਗਵੈਂ ।
ਨਫਸ ਤੋ ਸਿਤਾਂਨੁ ਹੈ ਗੁਮਾਂਨੁ ਲਾਨਤੀ ਭਵੈਂ । ੧੯੩ ।
ਪੱਸਗੈਬਤ ਸੁਤੰ ਡਸਿਆ ਮਸਕਤ ਦਿਲ ਨਿਪਾਕ ਹੈ।
ਸੁ ਬੇਈਰੂਨ ਹਿਰਸ ਹੈ ਬਿਹਿਰਸ ਔਲੀਯਾ ਕਹੈ।
ਦ੍ਰਵੇਜੁ ਦ੍ਰਦਵੰਦ ਹੈਂ ਬਿਦ੍ਰਦ ਹੈਂ ਕਸਾਬ ਸੇ ।
ਬਹਿੱਸਤੁ ਸੱਚ ਹੈ ਸਦਾ ਦ੍ਰੋਗ ਦੋਜੰਕ ਧਸੇ । ੧੯੪ ।
ਹਲੇਮੁ ਇਲਮੁ ਭਾਖ ਹੈਂ ਸੁ ਜੋਰੁ ਜੁਲਮ ਜਾਂਨੀਏ ।
ਇਨਸਾਫੁ ਸਾਫ਼ ਹੈ ਸਦਾ ਸੁ ਸਿਫਤ ਉਜੂ ਮਾਂਨੀਏ ।
ਬਾਂਗ ਤੋਂ ਬਲੇਲ ਹੈ ਸੁ ਚੋਰੀ ਲਾਲਚੰ ਕਹੇ ।

---

[1]ਖਿਨਕ [2]181

ਪਲੀਤ ਜਾਰੀ ਹੈ ਸਦਾ ਸਬੂਰੀ ਫਕਰੁ ਕੇ ਗਹੇ ।੧੯੫।
ਬਿਨਾਂ ਸਬੂਰੀ ਮਕਰੁ ਹੈ ਸੁ ਰਾਹ ਪੀਰੁ ਮਾਂਨੀਐ ।
ਬਿਰਾਹੁ ਤੇਂ ਬਿਪੀਰੁ ਹੈ ਸੁ ਦੈਆ ਦੌਲਤ ਜਾਂਨੀਐ ।
ਬਿਦਇਆ ਕਹਿਰ ਕਾਫਰੂ ਨ ਤੇਗ ਹੈ ਮ੍ਰਦਾਂਨਗੀ ।
ਸੁ ਅਦਲੁ ਪਾਤਿਸਾਹੁ ਹੈ ਹਰੇ ਖਲੰ ਮਦਾਂਨਗੀ ।੧੯੬।

ਦੋਹਰਾ: ਦਸਤਗੀਰ ਕੋ ਸ੍ਰੀ ਗੁਰ ਨਾਨਕ ਕਹਿਯੋ ਸੁਣਾਇ ।
ਛੇਤੇ ਟੋਲ ਜੁ ਜਾਣ ਹੈ ਸੋ ਲਾਨਸਵੰਦੁ[1] ਕਹਾਇ ।੧੯੭।

ਚੌਪਈ: ਐਸੇ ਸੁਣ ਸ੍ਰੀ ਗੁਰ ਕੇ ਬੈਂਨਾ । ਦਸਤਗੀਰ ਮਨ ਭਈ ਸੁ ਚੈਨਾ ।
ਆਪੁਨਿਵਾਰ ਉਠ ਚਰਨੀ ਲਾਗਾ । ਦਿਲ ਤੇ ਸ੍ਰਬ ਕੁਫਰੁ ਤਬ ਭਾਗਾ ।੧੯੮।
ਗਢ ਬਗਦਾਦ ਪੀਰ ਥੇ ਜੇਤੇ । ਗੁਰਚਰਣੀ ਲਾਗੇ ਤਬ ਤੇਤੇ ।
ਹਾਥ ਜੋਰ ਸਭ ਖਰੇ ਅਗਾਰੇ । ਸੋਂਮ ਈਦ ਜਿਉਂ ਦ੍ਰਸ ਨਿਹਾਰੇ ।੧੯੯।
ਦਸਤਗੀਰ ਕਰ ਕਹਿਯੋ ਤਗੀਦ। ਹਮ ਤੇਰੇ ਸਭ ਭਏ ਮੁਰੀਦ ।
ਗੁਰ ਮੰਤ੍ਰ ਪ੍ਰਭੁ ਹਮੈਂ ਬਤਾਵੇ । ਰਾਹੁ ਰਹਿਤ ਸਭੁ ਕਹਿ ਸਮਝਾਵੋ ।੨੦੦।
ਕਹੇ ਪੀਰ ਜਬ ਵਾਕ ਅਧੀਨੇਂ । ਤਬ ਗੁਰ ਕਹੇ ਬਚਨ ਰਸ ਭੀਨੇਂ ।
ਪ੍ਰਾਤ ਕਰੋ[2] ਸਤਸੰਗੁ ਹਮੇਸਾ । ਸੋਦਰ ਸੰਧਿਯਾ ਜਪੁ ਦਰਵੇਸਾ ।੨੦੧।
ਜੋੜੁ ਮੇਲ ਦਿਨ ਪੰਦ੍ਰਸ ਕੀਜੈ । ਤ੍ਰਿਹਾਵਲ ਕਾ ਕੜਾਹੁ ਕਰੀਜੈ ।
ਕਰ ਕੀਰਤਨੁ ਜੋੜੋ ਹਥ ਭਾਈ । ਪੰਜੇ ਕੀ ਪਰਤੀਤ ਬਤਾਈ ।੨੦੨।
ਮੁਨਾਂਜਾਦ[3] ਬਾਬੇ ਤਬ ਕੀਨੀ । ਬਹਿਰ ਤਵੀਲ ਆਪ ਲਿਖ ਦੀਨੀ ।
ਦਸਤਗੀਰੁ ਨੀਕੈ ਸਮਝਾਇਆ । ਆਪ ਮਦੀਨੇਂ ਓਰ ਸਿਧਾਇਆ ।੨੦੩।
ਆ ਪਹੁਚ੍ਯੋ ਗੁਰੁ ਨਾਨਕੁ ਤਹਾਂ । ਕਾਰੂ ਜੋਰੇ ਗੰਜ ਸੁ ਜਹਾਂ ।
ਪਵਰ ਕਚਿਹਰੀ ਪ੍ਰਹੁਚਿਯੋ ਜਬੈ । ਅਟਕ ਪਵਰੀਯੇ ਕਰੀ ਸੁ ਤਬੈ ।੨੦੪।
ਬਹੁਰ ਪਵਰੀਯੇ ਐਸੇ ਭਾਖਿਯੋ । ਬਾਦਸਾਹਿ ਮਮ ਇੰਉ ਕਹਿ ਰਾਖਿਯੋ ।
ਜੋ ਨਰੁ ਆਵੈ ਤੁਮਰੇ ਤੀਰ । ਅਰਜੁ ਪੁਚਾਵੋ ਮੋ ਢਿਗ ਬੀਰ ।੨੦੫।
ਤਬ ਗੁਰ ਕਹਿਯੋ ਜਾਹੁ ਦਰਵਾਂਨ । ਬਾਦਸਾਹ ਪ੍ਰਿਤ ਕਹੋ ਬਖਾਂਨ ।
ਇਹ ਸੂਈ 'ਮੋ ਪ੍ਰਿਤ'[4] ਅਬ ਲੀਜੈ । ਜਾਹੁ ਜਬੈ ਦਰਗਹਿ ਮੁਹਿ ਦੀਜੈ ।੨੦੬।
ਦੁਵਾਰਪਾਲੁ ਸੂਚੀ ਲੈ ਗਇਯੋ । ਬਾਦਸਾਹਿ ਢਿਗ ਪ੍ਰਾਪਤ ਭਇਯੋ ।
ਹਾਥ ਜੋਰ ਭ੍ਰਿਤ ਕੀਨ ਬਖਾਂਨਾ । ਤੇਕ ਫਕਰ[5] ਏਹੁ ਦਈ ਅਮਾਂਨਾ ।੨੦੭।
ਕਹਿਯੋ ਸਾਹੁ ਜਬ ਦਰਗਹਿ ਜਾਇ । ਇਹ ਸੂਚੀ ਨਿਜਿ ਸੰਗ ਲਿਜਾਇ ।
ਤਹਾਂ ਲੇਂਉ ਮੈ ਤੋ ਤੇ ਮੀਰ । ਇਮ ਭਾਖਤ ਇਕੁ ਮਸਤੁ ਫਕੀਰ ।੨੦੮।
ਕਾਰੂ ਕਹਿਯੋ ਕਹਾਂ ਲੈ ਧਰੋਂ । ਉਹਾਂ ਪਹੁਚਤੀ ਕੈਸੇ ਕਰੋਂ ।

---

[1] ਦਾਸਵੰਦ [2] ਕਰੇ [3] ਮੁਨਾਂਜਾਤ [4] ਮੋਤੇ [5] ਫਕੀਰ

ਆਗੈ ਤ੍ਰਿਣ ਸਮ ਸੰਗ ਨ ਜਾਵੈ । ਤਵ ਸੂਚੀ ਕਹੁ ਕਵਨੁ ਪੁਚਾਵੈ ।੨੦੯ ।
ਫੇਰ ਦਈ ਸੂਚੀ ਸਾਹ ਜਬ ਹੀ । ਗੁਰ ਢਿਗ ਗਇਯੋ ਪਵਰੀਯਾ ਤਬ ਹੀ ।
ਕਹਿਯੋ ਮੀਰ ਮੋ ਪ੍ਰਿਤ ਅਬ ਐਸੇ । ਦਰਗਹਿ ਸੂਈ ਪਹੁਚੇ ਕੈਸੇ । ੨੧੦ ।
ਸ੍ਰੀ ਗੁਰ ਫੇਰ ਕਹਿਯੋ ਦਰਵਾਂਨ । ਐਸੇ ਕਹੋ ਜਾਇ ਸੁਲਤਾਂਨ ।
ਚਿਹਿਲ ਗੰਜ ਧਨੁ ਸਬੈ ਲਿਜਾਵੋ । ਇਹ ਸੂਚੀ ਤਿਹਿ ਸੰਗ ਪੁਚਾਵੋ । ੨੧੧
ਦੁਵਾਰਪਾਲੁ ਫਿਰ ਗਇਯੋ ਸਿਧਾਇ । ਬਿਬ ਕਰ ਜੋਰ ਸੀਸ ਨਿਜ ਨਾਇ ।
ਜੋ ਭਾਖਿਯੋ ਗੁਰ ਨਾਨਕ ਰਾਇ[1] । ਸੋ ਸਭ ਕਹੀ ਸਾਹਿ 'ਪ੍ਰਿਤ ਜਾਇ'[2] । ੨੧੨
ਤਬ ਕਾਰੂ ਸੋਚਿਯੋ ਮਨ ਮਾਂਹੀ । ਏ ਤੋ ਪ੍ਰਸਨੁ ਫਕਰ ਕੋ ਨਾਂਹੀ ।
ਕੈ ਆਇਯੋ ਖੁਦ ਆਪ ਖੁਦਾਇ । ਜੁਗ ਪਦ ਆਗੇ ਮਿਲ ਹੋਂ ਜਾਇ । ੨੧੩ ।
ਭਲੇ ਭਾਗ ਕਾਰੂ ਕੇ ਜਾਗੇ । ਗੁਰ ਨਾਨਕ ਢਿਗ ਆਇਯੋ ਆਗੇ ।
ਚਰਨ ਜੁਹਾਰ ਧਾਮ ਲੈ ਗਇਯਾ । ਊਚ ਸਿੰਘਾਸਨ ਆਸਨੁ ਦਇਯੋ । ੨੧੪ ।
ਤਬ ਕਾਰੂ ਇਮ ਕੀਨੁ ਉਚਾਰੁ । ਹੇ ਪ੍ਰਭ ਮੇਰਾ ਕਰੋ ਉਧਾਰੁ ।
ਸੁਣ ਗੁਰੁ ਨਾਨਕੁ ਭਇਯੋ ਕ੍ਰਿਪਾਲ । ਲਾਗੇ ਕਰਨ ਉਪਦੇਸੁ ਬਿਸਾਲ । ੨੧੫

ਸਕਰ ਛੰਦ :
ਤਬ ਕਹਿਯੋ ਸ੍ਰੀ ਮੁਖ ਵਾਕ ਗੁਰ ਸੁਣੋ ਕਾਰੂ ਸਾਹਿ ।
ਹੁਵੈ ਗਏ ਏਸ ਜਿਮੀਨ ਪੈ ਕਈ ਕੋਟ ਹੀ ਬਦਸਾਹਿ ।
ਜਗ ਕੋਨ ਜਾਂਨੈ ਨਾਂਮੁ ਤਾਂ ਕੋ ਗੋਤ੍ਰ ਕੋਂਨੁ ਕਹਾਇ ।
ਪੁੰਨ ਭੋਗ ਭੋਗ ਜਮੀਨ ਤੇ ਗਏਂ ਜਿਮੀਂ ਮਾਂਹਿ ਸਮਾਇ । ੨੧੬ ।

ਕਛੁ ਨੇਕਨਾਮਂ ਕੀਜੀਏ ਜੋ ਦੇ ਆਪ ਖੁਦਾਇ ।
ਜੋ ਨਦਰ ਆਵੈ ਜਿਮੀ ਪੈ ਹੋ ਸੂਬ ਫਨਹਾਂ ਜਾਇਂ ।
ਨਾ ਰਹੇਂ ਦਾਇਮੁ ਦੌਲਤਾਂ ਜਗ ਕੱਸਹਿ ਬੇਸੁਮਾਰ ।
ਨਾ ਰਹੇਂ ਲਾਖ ਕਰੋੜੀਯਾ ਨਾ ਰਹੇਂ ਪਦਮ ਅਪਾਰ । ੨੧੭ ।

ਜਗ ਜਾਂਨੁ ਦਮੜਾ ਤਿਸੀ ਕਾ ਜੋ ਖ੍ਰਚ ਖਾਵੈ ਮੀਤ ।
ਨਿਜ ਦੇ ਔਰਨ ਤੇ ਦਿਵਾ ਹਰਿ ਹਰੇ ਖੁਧਿਆ ਨੀਤ ।
ਨਹਿ ਪਾਸ ਹੋਤਾ ਰਾਖੀਐਂ ਦੂਰ ਏਕਲਾ ਨਾ ਖਾਇ ।
ਤਹਿਤੀਕ ਸੋ ਦਿਲ ਦਾਂਨੀਯਾਂ ਨਰੁ ਭਿਸਤ ਅੰਦਰ ਜਾਇ । ੨੧੮ ।

ਕਰੁ ਤੁਵੱਜਾਹ ਹਰਿ ਵਖਤ[3] ਪ੍ਰਹਰੋ ਮਨੋ ਗੁਮਾਂਨੁ ।
ਨਾ ਰਹੇ ਦੁਨੀਯਾਂ ਅਸਥਿਰੋ ਨਿਤ ਰਹੇਂ ਨਾਂਹਿ ਦਿਵਾਨੁ ।
ਗਜ ਬਾਜ ਸਿਯੰਦ ਨ ਪੈਦਲਾਂ ਚਤੁਰੰਗ ਚਮੂੰ ਅਪਾਰ ।
ਸਭ ਗਰਦ ਹੋਂਹਿ ਖਿਨੇਕ ਮੈਂ ਕਛੁ ਲਗੇ ਨਾ ਤਿਸੁ ਬਾਰ । ੨੧੯ ।

ਨਿਤ ਕਹੇ ਮੁਖ ਤੇ ਬਾਵਲਾ ਸਭੁ ਮੁਲਖੁ ਮੇਰਾ ਆਹਿ ।
ਸਿਰ ਕਾਲੁ ਆਵੈ ਜਾਂ ਸਮੇ ਜਦ ਤਿਯਾਗ[4] ਸਗਰੋ ਜਾਂਹਿ ।

---
[1] ਨਿਰਬਾਨ [2] ਢਿਗ ਆਨ [3] ਖਤ [4] ਛੋੜ

ਜਾ[1] ਵਾਜੇ ਕੇਤਿਆ ਲਖ ਗਏ ਅੰਤ ਸਿਧਾਰ ।
ਰਹੇ ਏਕੁ ਖੁਦਾਇ ਸਾਚਾ ਅੰਤ[2] ਪਰਵਦਗਾਰ । ੨੨੦ ।
ਏਕਲੋ ਜਗ ਆਇ ਬੰਦਾ ਏਕਲੋ ਲੈ ਜਾਂਹਿ ।
ਵਖਤ ਚਲਨੇ ਕੇ ਹਿਤੂ ਕੋ ਹੋਇ ਸਾਥੀ ਨਾਹਿ ।
ਦਰ ਜਹਾਂ ਲੇਖਾ ਮੰਗੀਐ ਕਿਆ ਛੁਟੇਂ ਦੇ ਜਬਾਬੁ ।
ਮੁਖ ਕਹੇ ਤੋਬਾ ਤਾਂ ਸਮੈ ਜਬ ਪਾਇ ਸਖਤ ਅਜਾਬੁ । ੨੨੧ ।
ਕਰ ਜੋਰੁ ਦੁਨੀਆ ਤ੍ਰਾਸ ਦੇ ਕਈ ਕੋਟ ਜੋਰੇ ਦਾਂਮ ।
ਖਾਇ ਖ੍ਰਚ ਹੰਢਾਇਆ ਕਛੁ ਗਇਯਾ ਹੇਤ ਹਰਾਂਮ ।
ਆਖਰੰ ਪਛੁਤਾਇ ਬੰਦਾ ਹੋਇ ਦੁਵੈ ਹਥ ਝਾਰ ।
ਨਹਿ ਸਕੈ ਕੋਇ ਛਡਾਇ ਤਬ ਜਬ ਪਵੈ ਦਰਗਹਿ ਮਾਰ । ੨੨੨ ।
ਤਵ ਕਹੇਂ ਲਾਂਨਤ ਤਾਂ ਸਮੈਂ ਨਭ ਕਿਆ ਕਮਾਈ ਕੀਨ ।
ਕਰ ਦਗਾਬਾਜੀ ਲੂਟ ਦੁਨੀਯਾ ਖਾਂਹਿ ਕਿੰਉ ਮਤ ਹੀਨ ।
ਨਿਤ ਪੀ ਪਿਯਾਲੇ ਮਸਤ ਰਾਵਕ ਖਾਂਹਿ ਤੜਕ ਕਬਾਬ ।
ਸੇ ਦੇਂਹਿ ਲੇਖਾ ਖਾਇ ਚੋਟਾਂ ਅੰਤ ਹੋਇ ਖਰਾਬ । ੨੨੩ ।
ਖੁਦ ਹੈ ਜੁ ਮਾਲਕੁ ਤੇਹੜਾ ਤੂੰ ਤਿਸਹਿ ਧਰਿਯਾ ਸਵਾਰ ।
ਤੁਮੁ ਲਾਗ ਦੁਨੀਆਂ ਲਾਲਚੈ ਤਿਸ ਦੀਆ ਨਾਮੁ ਵਿਸਾਰ ।
ਨਾ ਕਰੀ ਹਿਤੁ ਕਰ ਬੰਦਗੀ ਨਾ ਰਾਖਿਯੋ ਈਮਾਂਨੁ ।
ਨਾਂ ਕੀਓ ਹੁਕਮ ਨਿਆਂਵ ਦੈ ਪੂਰਾ ਕਾਹੇ ਜਾਹਾਂਨੁ । ੨੨੪ ।
ਤਜ ਚਿੰਤਾ ਮਹਿਲਾਂ ਅੰਦਰ[3] ਤੂੰ ਬਹੇਂ ਨਿਤ ਪ੍ਰਿਤ ਜਾਇ ।
ਕਰ ਕੇਲ ਖੇਲੇ[4] ਸਾਥ ਹਰਮਾਂ ਅਰਗਜਾ ਹਾਵਾਇ ।
ਨਾ ਖਬਰ ਲੇਵੈਂ ਰਾਜ ਕੀ ਕਿਆ ਹੋਇ ਬਾਹਰਵਾਰ ।
ਕਰ ਜੋਰੁ ਜੁਲਮੁ ਹਰਾਮੀਆਂ ਦੁਖ ਦੇਂਹਿ ਕਿੰਉ ਸੰਸਾਰ । ੨੨੫ ।
ਵਸਦੀ ਉਜਾੜੈ ਰੱਯਤਾਂ ਨਹਿ ਫਿਰ ਵਾਸਵੈ ਤਾਂਹਿ ।
ਦਰ ਕਰੇ ਕੂਕ ਪੁਕਾਰ ਦੁਨੀਆਂ ਦਾਦ ਪਾਵੈ ਨਾਂਹਿ ।
ਕਰ ਸਹਸ ਲਾਖ ਕਰੋੜ ਇਕਠੇ ਅਰਬ ਖਰਬ ਅਪਾਰ ।
ਕ੍ਰਿਸਾਂਣ ਬਪੁੜੇ ਮਰਹਿ ਕੇਤੇ ਸਹਸ ਵਿਚ ਸੰਸਾਰ । ੨੨੬ ।
ਕਹਾਇ ਹਾਕਮੁ ਹੁਕਮੁ ਕਰ ਨਰੁ ਰਹਿਮ ਦਿਲ ਨਹਿ ਹੋਇ ।
ਹੁਵੈ ਦਿਵਾਨਾਂ ਦੁਨੀ ਅੰਦਰ ਫਿਰੈ ਮਸਤੀ ਲੋਇ ।
ਕਰ ਜੁਲਮੁ ਲੂਟਹਿ ਮੁਲਖ ਕੋ ਨਿਤ ਆਪ ਪਹਿਰੈਂ ਖਾਂਹਿ ।
ਜਬ ਪਰੈਂ ਆਤਸ ਦੋਜਕੈ ਜਰ ਮਰਤ ਫਿਰ ਪਛੁਤਾਹਿ । ੨੨੭ ।
ਕਰ ਗਰਬ ਦੇਖੁਨ ਦ੍ਰਿਸਟ ਮੰਦੀ ਰੇ ਦਿਵਾਨੇ ਲੋਗ ।

---

[1]...ਜਾਇ [2]ਬਿਅੰਤ [3]ਅੰਦਰੇ [4]ਬਿਗਸਹਿ

ਜਢ ਜਾਂਨੁ ਅਪਨੇਂ ਜੀ ਸਚੁ ਨਿਤ ਰਹੇ ਨਾਂ ਸੁਖ ਭੋਗ ।
ਕਰ ਦੂਰ ਡਾਰੇ ਸਫਾ ਸਭ ਤਿਸਨਾਂ ਲਗੈ ਕਛੂ ਬਾਰ ।
ਕਹੁ ਕਹਾਂ ਦੁਨੀਆਂ ਦੌਲਤਾਂ ਜਢ ਕਹਾਤਵ ਘਰ ਬਾਰ । ੨੨੮ ।

ਸਸ ਰੋਜ ਚਲਣਾ ਜਾਂਣੁ ਬੰਦੇ ਪਕੁੜੁ ਏਹੁ ਕਰਾਰ ।
ਨਹਿ ਹਿਰਸ ਕੀਚੈ ਦੁਨੀ ਕੀ ਨਹਿ ਸੰਗ ਚਾਲੈ ਯਾਰ ।
ਸਰਮਿੰਦਗੀ ਅਬ ਤਿਆਗੁ ਬੰਦੇ ਕਛੁਤ ਨੇਕ ਕਮਾਂਉ ।
ਨਾ ਪਹਿਰੁ ਬੁਰਕਾ ਲਾਨਤੀ ਤਜੁ ਕਦੇ ਤਾਂ ਪਛੁਤਾ ੲੇ । ੨੨੯ ।

ਜਢ ਕਰਹਿੰ ਗਫਲਤ ਜਗਤ ਮੌਂ ਤਬ ਖਾਂਹਿੰ ਦਰਗਹਿ ਮਾਰ ।
ਰਹੇਂ ਦੂਰ ਬੇਟੇ ਬੇਟੀਆਂ ਤਵ ਨਾ ਲੈਏ ਕੋਊ ਸਾਰ ।
ਕਰੁ ਤਰਕ ਤੋਬਾ ਭਾਖੁ ਬੰਦੇ ਨਾ ਕਰੋ ਫਿਰ ਜੋਰ ।
ਮਤੁ ਪਵੈ ਆਤਸ ਦੋਜਖ਼ੀ ਤਵਜਾ ਰਹੈ ਵਿਚ ਗੋਰ । ੨੩੦ ।

ਕਈ ਭਏ ਸਾਹਿ ਮਸਾਇਕਾ ਪੈਕੰਬਰਾ ਲਖ ਖਾਂਨ ।
ਨਾ ਕਹੂੰ ਦੀਸੈ ਜਿਮੀ ਪਰ ਉਨ ਸਾਥ ਕੇ ਨੀਸਾਨ ।
ਜਿਮ ਚਲਹਿ[1] ਪੰਖ ਕਬੂਤ੍ਰਾ ਦਕਨਾ[2] ਨਿਹਿਚਲ ਛਾਉ ।
ਤਿਮ ਕਈ ਕੋਟ ਸੁ ਖਾਕ ਹੂਏ ਕੋਨ ਪੂਛੇ ਨਾਂਉ । ੨੩੧ ।

ਧਨੁ ਜੋੜ ਗੰਜ ਚਲੀਸ਼ ਗੀਦੀ ਨਾ ਕੀਓ ਈਮਾਂਨ ।
ਤਵ ਦੇਖ ਆਲਮੁ ਹਸੋ ਕਾਰੂ ਹੋਹਿੰ ਤੂੰ ਪ੍ਰੇਸਾਂਨੁ ।
ਨਹਿ ਨੰਿਵਦਾਨੀ ਦੂਨੀ ਕੀ ਨਹਿ ਅਵਚਲੇ ਮਾਕਾਨ ।
ਖੁਦ ਚਸਮ ਬੀਨੀ ਖਲਕ ਇਹ ਤਜ ਜਾਏ ਸਗਲ ਜਹਾਂਨ । ੨੩੨ ।

ਹਰ ਵਖਤ ਬੰਦੇ ਯਾਰ ਕਰੁਹ ਹਰਿ ਬੰਦਗੀ ਨ ਵਿਸਾਰੁ ।
ਮਨ ਮਸਤ ਗਾਫਲ ਹੋਇ ਤੂੰ ਨਾ ਜੀਤ ਬਾਜੀ ਹਾਰੁ ।
ਨਾ ਕੀਓ ਤੋਬਾ ਕੌਫ ਕਰ ਕਾਰੰਦਿਆਂ ਗੋਨਾਂਹਿ ।
ਸ੍ਰੀ ਕਹੇ ਨਾਨਕ ਆਲਮੈ ਸਿਯੋਂ ਤੇਰੀਯਾ ਪਾਨਾਹਿ । ੨੩੩ ।

ਜਿਹਿ ਬਖਸ ਹੈ ਬੇਲੰਦ ਬਾਲਾ ਸੋ ਗਰੀਬ ਨਵਾਜੁ ।
ਜੋ ਸਾਹਿ ਸਾਹਾਂ ਪਾਤਸਾ ਜੋ ਰਾਜਿਆਂ ਸਿਰ ਰਾਜੁ ।
ਚਤੁਰਾਨਨੰ ਚਤੁਰਾਂਨੈ ਜਿੰਹਿ ਜਪੈ ਬੇਦ ਬੀਚਾਰ ।
ਸਹਸਾਂਨਨੰ ਸਹਸਾਨਨੈਂ ਜਿਹਿ ਨਾਹਿ ਪਾਵੈ ਪਾਰ । ੨੩੪ ।

ਕਰੁ ਜਾਪੂ ਕਾਰੂ ਤਾਂ ਸਕੋ ਸ੍ਰੀ ਕਹਿਯੋ ਨਾਨਕ ਰਾਇ ।
ਨਾ ਪਵੈ ਗਲ ਜਮ ਜੇਵਰੀ ਪ੍ਰਭੁ ਲੈਏ ਬੇਗ ਛਡਾਇ ।
ਉਪਦੇਸ ਕਰ ਸੁਲਤਾਨਿ ਕੋ ਗੁਰ ਫੇਰ ਭਾਖੀ ਏਹੁ ।
ਅਬ ਜਾਂਹਿ ਮੱਦ੍ਰ ਦੇਸ ਕੋ ਹਸ ਹਮੈਂ ਆਇ ਸਦੇਹੁ । ੨੩੫ ।

---

[1] ਉਡਹਿ [2] ਦਕਨਾਹਿ

ਕਰ ਜੋਰ ਕਾਰੂ ਤਾਂ ਸਮੈਂ ਫਿਰ ਲਗੋ ਚਰਨੀ ਧਾਇ।
ਅਬ ਰਮੈਂ ਪਾਛੇ ਕੋ ਤੁਮੈਂ ਮੁਖ ਕਹੀ ਏਹੁ ਸੁਨਾਇ।
ਹਮ ਸਰਨ ਤੇਰੀ ਆ ਗਹੀ ਗੁਰ ਬਿਐਬ ਪ੍ਰਵਦਗਾਰ।
ਫਿਰ ਕਦੌਂ ਦੀਦਾਰੁ ਮੋ ਕੋ ਕਰੋ ਸਾਚੁ ਬਿਚਾਰ। ੨੩੬।
ਤਬ ਕਹਿਯੋ ਸ੍ਰੀ ਮੁਖ ਵਾਕ ਗੁਰ ਦੈ ਸੁਨੋਂ ਕਾਰੂ ਕਾਂਨ।
ਜਬ ਧਰੋ ਦਸਵਾਂ ਤੇਜ ਜਾਮਾ ਬੀਚ ਏਸ ਜਹਾਂਨ।
ਮਮ ਨਾਂਮੁ ਸ੍ਰਿ ਗੋਬਿੰਦ ਸਿੰਘੁ ਸਭ ਭਾਖ ਹੈ ਸੰਸਾਰ।
ਤਬ ਰਚੋਂਗਾ ਮੈਂ ਖਾਲਸਾ ਔਰੰਗਰਾਜ ਮਝਾਰ। ੨੩੭।

ਤਬ ਗਜੇ ਸਿੰਘ ਮਹਾਂਬਲੀ ਗਹਿ ਸਸਤ੍ਰ ਅਸਤ੍ਰ ਮਹਾਂਨ।
ਚਢ ਲੂਟ ਕੂਟ ਮਵਾਸ ਗਢ ਨਹਿ ਧਰੈਂ ਕਾਹੂੰ ਕਾਂਨ।
ਸਭ ਡਰੈਂ ਸਾਹਿ ਅੰਬੀਰੜੇ ਜਬ ਸਿੰਘ ਸਨਮੁਖ ਆਂਹਿ।
ਰਜਪੂਤ ਮੁਗਲ ਪਠਾਂਨ ਸਈਯਦ ਹੋਰ ਸਭ ਦੂਰ ਜਾਹਿ। ੨੩੮।

ਕਰ ਜੰਗ ਔਰੰਗ ਸੋਂ ਘਨੇ ਚਮਕੌਰ ਕਰ ਪ੍ਰਵੇਸ।
ਦੈ ਰਾਜ ਤਿਲਕ ਸੁ ਖਾਲਸੇ ਮੇਂ ਜਾਂਉ ਜੰਗਲ ਦੇਸ।
ਔਰੰਗ ਕੇ ਬਧ ਕਾਜ ਤਬ ਜੁਗ ਸਿੰਘ ਦੇਊ ਪਠਾਇ।
ਸਾਹ ਹੇਰ ਕੈ ਵਹੁ ਜਫ਼ਨਾਵਾਂ ਬੇਗ ਮਰ ਜਾਇ। ੨੩੯।

ਸੁਤ ਸੁਤਾ ਘਰ ਔਰੰਗ ਕੇ ਦੁਵੈ ਤੀਨ ਹੋਹਿ ਅਨੂਪ।
ਤਿਨ ਮਾਹਿ ਤੂੰ ਇਕੁ ਹੋਂਹਿਗਾ ਬਲ ਬੁੱਧ ਸਹਿਤ ਸਰੂਪ।
ਤਵ ਨਾਂਮੁ ਸਾਹਿਬ ਹਾਦਰਾ ਜਗੁ ਕਹੇ ਸਰਬ ਉਚਾਰ।
ਜਬ ਜਾਹਿ ਦੱਛਣ ਦੇਸ ਕੋ ਹਮ ਦੇਹਿ ਤੋਹਿ ਦੀਦਾਰ। ੨੪੦।

ਇਮ ਭਾਖ ਕਾਰੂ ਕੋ ਤਬੈ ਗੁਰ ਉਡਿਯੋ ਸੁਰਤ ਸੁਧਾਰ।
ਸੁਖ ਸਹਿਤ ਮੱਦਰ ਦੇਸ ਆਇਓ ਨਾਂ ਲਗੀ ਕਛੁ ਬਾਰ।
ਸਭ ਸਿੱਖ ਸੇਵਕ ਆ ਮਿਲੇ ਗੁਰ ਪਾਦ ਕੰਜ ਜੁਹਾਰਿ।
ਗੁਰ ਸ੍ਰੀ ਨਾਨਕ ਚਰਨ ਪੈ ਕਵ ਵੀਰ ਸਿੰਘੁ ਬਲਹਰਿ। ੨੪੧।

ਸਵੈਯਾ : ਜੀਤ ਮਕੇਸਰ[1] ਕੌਸ ਪੁਜਾਇ ਜਿਨੈ ਬਗਦਾਦ ਕੇ ਪੀਰ ਨਿਵਾਏ।
ਜਾਇ ਮਦੀਨੇ ਮਿਲਾਇਸੁ ਕਾਰੂਏ ਦੈ ਉਪਦੇਸੁ ਵੇ ਸਿੱਖ ਬਨਾਂਏ।
ਦੈ ਪਰਤੀਤ ਨਿਜੰ ਕਰ ਕੀ ਕੁਨਕਾ ਕਰਨੇਂ ਵਹੁ ਲੋਕ ਸਿਖਾਏ।
ਸੋ ਗੁਰੂ ਨਾਨਕ ਐਰਾਵਤੀ ਤਟ ਆਪ ਪੁਰੇ ਕਰਤਾਰ ਜੂ ਆਏ। ੨੪੨।

ਸਵੈਯਾ : ਸੇਵਕ ਦੇਸਨ ਦੇਸਨ ਕੇ ਸੁਨ ਤਾਂਹਿ ਸਮੈਂ ਸਗਰੇ ਚਲ ਆਏ।
ਹੇਮ ਪਟੰਬਰ ਅੰਬਰ ਮਾਣਕ ਮੋਤਨ ਕੈ ਸਿਤ ਹਾਰ ਲਿਆਏ।
ਚੌਰ ਮੁਨੇ ਪਲਘਾਦਕ ਬਿੱਦ੍ਰਮ ਗਾਗਰ ਲੋਹ ਕਟਾਸ ਸੁਹਾਏ।

---
[1] ਮਕੇਸੁਰ

ਨੌਬਤ ਬਾਜ ਨਿਸਾਨ ਕਰੀਅਸ ਸਿਯੰਦਨ ਔ ਸਿਵਕਾ ਸੁਖਦਾਏ ।੨੪੩।

ਦੋਹਰਾ : ਵੈਜੁ ਪੁਸਾਕ ਬਦੇਸ ਕੀ ਸੋ ਤਬ ਧਰੀ ਉਤਾਰ ।
ਪਹਿਰ ਪੁਸਾਕ ਅਨੂਪ ਗੁਰੂ ਬੈਠਾ ਪੁਰ ਕਰਤਾਰ ।੨੪੪।

ਸੋਰਠਾ : ਸ੍ਰੀ ਗੁਰੂ ਨਾਨਕ ਰਾਇ ਬੈਠਾ ਮੰਜੀ ਲਾਇ ਕੈ ।
ਮਿਲੇ ਜਿਂਉ ਅੰਗਦੁ ਆਇ ਸੋ ਅਬ ਕਥਾ ਸੁਣਾਇ ਹੌ ।੨੪੫।

ਭੁਜੰਗ ਪ੍ਰਆਤ ਛੰਦ : ਚਲੈ ਚੰਦੂ ਭਾਗਾ ਜਹਾਂ ਦੀਹ ਨੀਰੰ । ਬਸੈ ਪਾਰ ਪਿਡੰਤਿਸੈ ਨੀਰ ਤੀਰੰ ।
ਕਹੈਂ ਵਾਲੁਮੋਘੋ ਤਿਸੈ ਗ੍ਰਾਮ ਨਾਮੰ ।
ਬਸੈਂ ਤਾਂਹਿ ਤੇਹਣ ਸੁ ਖੱਤ੍ਰੀ ਬਿਰਾਮੰ ।੨੪੬।

ਤਹਾਂ ਚੰਦ ਫੇਰੂ ਬਡੋ ਮੱਤ ਧੀਰੰ । ਲਖੈਂ ਰੂਪੁ ਜਾ ਕੋ ਸੁ ਲਾਜੈਂ ਅਮੀਰੰ ।
ਕਹੂੰ ਕਾਜ ਆਇਯੋ ਪੁਰੀ ਨੰਦ ਰਾਮੰ ।
ਭਲੀ ਭਾਤ ਦੇਖੇ ਕਿਲੇ ਸਾਹਿਧਾਮੰ ।੨੪੭।

ਗਇਯੋ ਫੇਰ ਆਗੈ ਕਈ ਕੋਸ ਔਰੰ । ਲਖੀ ਜਾਇ ਸੂਤਾ ਜੁਗੰ ਏਕ ਠੌਰੰ ।
ਸਤੁੱਦ੍ਰ ਵਿਆਸਾ ਇਕੰ ਠੌਰ ਹੇਰੀ ।
ਹਿਤੰ ਪਾਰ ਜਾਨੇਂ ਚਢਿਯੋ ਜਾਇ ਬੇਰੀ ।੨੪੮।
ਪ੍ਰਓਪਾਰ[1] ਸੁਤ੍ਰਾ ਸੁ ਨੌਕਾ ਤਿਆਗੀ । ਸੁਨਿਯੋ ਨਾਂਮੁ ਭਾਟਾ ਤਹਾਂ ਸੁਤ ਲਾਗੀ
ਪੁਰੰ ਤੀਰ ਆਇਯੋ ਭਲੇ ਸੌਣ ਪਾਏ ।

ਭਇਯੋ ਸੌਣੁ ਜੇਠਾ ਪੁਰੀ ਮੱਧ ਆਇ ।੨੪੯।
ਪੁਰੀ ਨਾਥ ਨਾਮੰ ਕਹੇਂ ਤਖਤ ਮੱਲੰ । ਦਿਲੰ ਤੋਲ ਪੂਰਾ ਸੁ ਬੋਲੰ ਅਟੱਲੰ ।
ਬਲੀ ਬੀਰੁ ਬਾਂਕਾ ਗੁਨੰਵਾਂਨ ਚਾਹੇ ।
ਗਹੇ ਬਾਂਹਿ ਜਾਂ ਕੀ ਸੁ ਓੜੰ ਨਿਬਾਹੇ ।੨੫੦।
ਦਿਲੀ ਸੰਦਇਯੋ ਤਾਂਹਿ ਦੇਸੰ ਅਜਾਰੇ । ਨਦੀ ਰਾਜ ਘਾਟੰ ਜਗਾਤੰ ਅਪਾਰੇ।
ਤਬੈ ਕਾਰਬਾਰੰ ਪਰੀ[2] ਤਾਸ ਲੋਰੰ । ਕਰੈ ਚਿੱਤ ਮੈ ਨਿੱਤ ਹੀ ਏਹੁ ਟੋਰੰ ।੨੫੧
ਤਬੈ ਚੰਦ ਫੇਰੂ ਮਿਲਿਯੋ ਜਾਇ ਤਾਸੰ । ਦੀਨਾਰੰ ਦਈ ਨਦ੍ਰ ਨੇਕੰ ਨਿਵਾਸੰ ।
ਤਬੈ ਤਖਤ ਮੱਲੰਗਹੀ ਬਾਂਹਿ ਤਾਂਕੀ ।
ਦੀਏ[3] ਸੂਬ ਦਫਤ੍ਰ ਆਮਦ ਸਹਿਤ ਬਾਕੀ ।੨੫੨।
ਸਿਰੇਪਾਉ ਦੀਨਾ ਦੁਸਾਲਾ ਉਦਾਰੰ । ਨਿਜੰ ਮੁਹਿਰ ਛਾਪੰ ਸੁ ਦੀਨੀ ਉਤਾਰੰ ।
ਨਿਜੰ ਭ੍ਰਿਤ ਭੇਜੇ ਸੁ ਸੂਬੰ ਮਕਾਂਨੀ । ਜਬੈ[4] ਚੰਦ ਫੇਰੂ ਸੁ ਪਾਈ ਦੀਵਾਨੀ ।੨੫੩
ਭਏ ਰਾਸ ਬਾਸੰ ਬਢਿਯੋ ਰਾਜ ਤੌਰੰ । ਸਰੈ ਸੂਬ ਕਾ ਮੰਡਲੀ ਭਾਂਤ ਔਰੰ ।
ਤਬੈ ਚੰਦ ਫੇਰੂ ਭਈ ਧਾਮ ਸਾਦੀ । ਜਇਯੋ ਪੂਤੁ ਲਹਿਣਾ ਬਡੋ ਸੱਤਵਾਦੀ ।੨੫੪
ਘਰੰ ਤਖਤ ਮਲੰ ਸੁ ਕੰਨਿਆਂ ਉਪਾਈ । ਧਰਿਯੋ ਤਾਤ ਮਾਤੰ ਸੁਨਾਮੰ ਬਿਰਾਈ।
ਭਏ ਪਾਂਚ ਸਾਤੰ ਜਬੈ ਸਾਲ ਸੁੱਧੰ । ਪਠੇ ਮੱਦ੍ਰ ਦੇਸੰ ਸੁ ਲਾਗੀ ਸੁਬੁੱਧੰ ।੨੫੫।

[1]ਪਰਿਯੋ [2]ਤਾਂਹਿ [3]ਦਏ [4]ਤਬੈ

ਬ੍ਰਜੈਂ ਜਾਹਿ ਖਹਿਰੇ ਖਡੂਰੰ ਮਝਾਰੰ । ਤਹਾਂ ਆਇ ਪਹੁਚੇ ਵੈ ਨੇਗੀ ਉਦਾਰੰ ।
ਤਹਾਂ ਰਾਵੂ ਅਰੜਕੁ ਹੁਤੋ ਬੈਸ ਬਾਲੀ ।
ਧਰਿਯੋ ਸਗਨੁ ਤਾਂ ਕਰ ਬਡੀ ਪ੍ਰੀਤ ਪਾਲੀ । ੨੫੬ ।
ਗਏ ਫੇਰ ਭਾਟੋ[1] ਵੈ ਲਾਗੀ ਉਮਾਹੰ । ਬਰਾਤੰ ਮੰਗਾਈ ਸੁ ਕੀਨੋਂ ਬਿਆਹੰ ।
ਜਬੈ ਜਾ ਖਡੂਰੰ ਬਸੀ ਸੋ ਬੀਰਾਈ । ਕਰੇ ਸੰਤ ਸੇਵਾ ਹਿਤੰ ਚਿੱਤੁ ਲਾਈ । ੨੫੭ ।
ਤਹਾਂ ਦੀਨ ਬੰਧੰ ਮਹਾਂਰਾਜ ਰਾਜੰ । ਸ੍ਰੀ ਸਾਹ ਸਾਰੰ ਗਰੀਬ ਨਿਵਾਜੰ ।
ਕ੍ਰਿਪਾ ਧਾਰ ਨਾਨਕ ਗੁਰੂ ਆਪ ਆਏ ।
ਸੁ ਮਾਈ ਬਿਰਾਂਈ ਮਿਲੀ ਤਾਂਹਿ ਜਾਏ । ੨੫੮ ।
ਪਰੀ ਆਇ ਪੈਰੀਂ ਮਨੰ ਦੀਨ ਹੁਵੈ ਕੈ । ਸ੍ਰੀ ਸਾਹ ਸਾਹੰ ਦਲੀ ਸਾਥ ਲੈ ਕੈ ।
ਨਿਜੰ ਧਾਮ ਆਈ ਸਿੰਘਾਸੁਨੁ ਬਨਾਂਇਯੋ ।
ਸ੍ਰੀ ਗੁਰੂ ਨਾਨਕੁ ਜੀ[2] ਤਾਂ ਪੈ ਬੈਠਾਇਯੋ । ੨੫੯ ।
ਜਲੰ ਪੌਨੁ ਭੋਜਨੁ ਕਰੀ ਸੇਵ ਨੀਕੇ । ਭਲੇ ਚਰਨ ਚਾਪੈ ਮਹਾਂਰਾਜ ਜੀ ਕੇ ।
ਕਛੂ ਦਿਵਸ ਸਤਿਗੁਰ ਤਹਾਂ ਹੀ ਬਿਰਾਜੇ ।
ਸ੍ਰੀ ਪੁਰ ਕ੍ਰਤਾਰੰ ਸਦਾ ਫੇਰ ਰਾਜੇ । ੨੬੦ ।
ਉਤੰ ਚੰਦ ਫੇਰੂ ਸੁਤੰ ਨਾਮ ਲਹਿਣਾਂ । ਬਿਆਹਿਆ ਖਡੂਰੰ ਦੁਨੀ ਦੀਨ ਗਹਿਣਾ ।
ਜਿਨੈਂ ਗੋਤੁ ਸੇਠੀ ਖਡੂਰੰ ਸੁ ਖੱਤ੍ਰੀ ।
ਤਿਨੋ ਕੇ ਬਿਆਹਿਆ ਸੁ ਲੈਹਿਣਾ ਜੁ ਛੱਤ੍ਰੀ । ੨੬੧ ।
ਪਿਤਾ ਚੰਦਿ ਫੇਰੂ ਮਾਤਾ ਦਇਆ ਕੌਰੰ ।
ਮਹਿਲੁ ਮਾਤ ਖੀਵੀ[3] ਜਿਸੈ ਰਾਜ ਤੌਰੰ ।
ਜੁਵਾਲਾ ਮੁਖੀ ਦ੍ਰਸ ਲਹਿਣਾ ਸਿਧਾਇਯੋ[4] ।
ਬੇੜੋ ਸੰਗੁ ਸੰਗ ਖਡੂਰੰ ਸੁ ਆਇਯੋ[5] । ੨੬੨ ।
ਮਿਲੀ ਆਇ ਤੌ ਲੌ ਤਹਾਂ ਹੀ ਬੀਰਾਈ ।
ਭਲੇ ਕੰਠ ਲਾਇਯੋ ਨਿਜੰ ਜਾਨ ਭਾਈ ।
ਸੁਨੋ ਬੀਰ ਲਹਿਣਾ ਕਹੇ ਵਾਕ ਐਸੇ ।
ਮਿਲਯੋ ਮੋਹਿ[6] ਸਤਗੁਰੁ ਕਹੋ ਓਪ ਕੈਸੇ । ੨੬੩ ।
ਨਹੀਂ ਤਾਂ ਸਸਾਨੂੰ ਜੁਆਨੰ ਦਿਖਾਊ । ਤਿਸੇ ਰੂਪ ਜੈਸਾ ਤਿਸੈ ਰੂਪੁ ਪਾਂਊ ।
ਨਿਜਾ ਨੰਦ ਰੂਪੰ ਅਨੂਪੰ ਬਿਰਾਜੈ । ਨਿਰੰਕਾਰ ਰੂਪੰ ਨਰੰਕਾਰ ਛਾਜੈ । ੨੬੪ ।
ਬ੍ਰੰ ਮੋਹਿ ਦੀਨੋਂ ਜਬੈ ਯਾਦ ਕੈਹੋਂ । ਤਬੈ ਆਇ ਤੋ ਕੋਂ ਹਮੈ ਦ੍ਰਸੁ ਦੈਹੋਂ ।
ਜਬੈ ਨੰਦ ਫੇਰੂ ਸੁਣੇ ਵਾਕੁ ਐਸੇ ।
ਸਵਾਧਾਨ ਹੁਵੈ ਕੈ ਲਗੋ ਕਹਿਣ ਕੈਸੇ । ੨੬੫ ।
ਸੁਨੋ ਭੈਣ ਮੇਰੀ ਕਰੋ ਯਾਦ ਆਜੰ । ਕ੍ਰਿਪਾ ਧਾਰ ਅਵੈ[7] ਗੁਰੂ ਮਹਾਂਰਾਜੰ ।

---

[1]ਭਾਟਟੀ [2]ਸੁ [3]ਬੀਵੀ [4]ਧਿਧਾਇਯੋ [5]ਸੁਹਾਇਯੋ [6]ਮੋਹਾ [7]ਆਵੈ

ਹਮੈਂ ਦਰਸੁ ਪਾਵੈ ਜਗੈ ਭਾਗੁ ਭਾਲੰ ।
ਪ੍ਰਸੈਂ ਜਾਹਿ ਪਾਛੈ ਸੁ ਮਾਤਾ ਜੁਵਾਲੰ । ੨੬੬ ।

ਤਬੈ ਧਾਰ ਮੱਜਨੁ ਸੁ ਮਾਈ ਬਿਰਾਈ ।
ਧਰਿਯੋ ਧਿਯਾਨੁ ਗੁਰ ਕੋ ਮਿਲੇ ਬੇਗ ਆਈ ।
ਕਹਿਯੋ ਸਬਦੁ ਸੂਛਮ ਬਿਰਾਈ ਬਿਚਾਰਿਯੋ ।
ਦ੍ਰਿਗੰ ਖੋਲ[1] ਹੇਰੇ[2] ਤਤੀਰੰ ਨਿਹਾਰਿਯੋ । ੨੬੭ ।
ਪਰੀ ਬੇਗ ਚਰਣੀ ਪ੍ਰਯੰਕੰ ਡਸਾਇਯੋ । ਕਸੈ ਤੋਸਕੰ ਤਾਸ ਊਪ੍ਰ ਬੈਠਾਇਯੋ ।
ਤਤੰ ਕਾਲ ਲਹਿਣੇ ਗਹੇ ਧਾਇ ਚਰਣੰ ।
ਐਸੇ ਪ੍ਰੀਤ ਲਾਗੀ ਸਕੈ ਕੌਣ ਵਰਣੰ । ੨੬੮ ।
ਤਬੈ ਗੁਰੂ ਨਾਨਕ ਇ ਵਾਕੰ ਉਚਾਰੇ[3] । ਕਹਾਂ ਧਾਮੁ ਤੇਰੋ ਕੀ ਨਾਮੰ ਤੁਮਾਰੇ[4] ।
ਕਹਿਯੋ ਨੰਦ ਫੇਰੂ ਮਮੰ ਨਾਮੁ ਲਹਿਣਾ ।
ਬਸੋ ਤੋਹਿ ਚਰਣੀ ਤਤੰ ਸਰਣ ਰਹਿਣਾ । ੨੬੯ ।

ਦੋਹਰਾ : ਲਹਿਣੇ ਕੇ ਇਹਿ ਵਾਕ ਸੁਣ ਸ੍ਰੀ ਗੁਰ ਨਾਨਕ ਰਾਇ ।
ਤੈਂ ਲਹਿਣਾ ਦੇਣਾ ਅਸਾਂ ਐਸੇ ਕਹਿਯੋ ਸੁਣਾਇ। ੨੭੦ ।

ਚੌਪਈ : ਤਨਕ ਦਰਸ ਲਹਿਣੇ ਕੋ ਦਇਯੋ । ਅੰਤਰ ਧਿਆਨ ਗੁਰੂ ਜੂ ਭਇਯੋ ।
ਲਹਣੇ ਦਰਸੁ ਸੁਵਪਨ[5] ਸਮ ਪਾਇਯੋ ।
ਪੁਰ ਕਰਤਾਰ ਗੁਰੂ ਤਬ ਆਇਯੋ । ੨੭੧ ।
ਲਗੀ ਨ ਬਾਰ ਕਛੂ ਮਗ ਮਾਂਹੀ । ਨਿਮਖ ਮਾਂਹਿ ਉਡ ਗਇਯੋ ਤਹਾਂ ਹੀ ।
ਇੰਦ੍ਰ ਬਾਹਿਨੀ ਤਟ ਜਬ ਗਇਯੋ । ਅਪੁਨੇ ਤਖਤ ਪਰਾਪਤ ਭਇਯੋ। ੨੭੨
ਖਡੂਰ ਰਹਿਯੋ ਲਹਿਣਾ ਇਕ ਰਾਤੈ । ਪੁਰ ਕਰਤਾਰ ਗਇਯੋ ਪਰਭਾਤੈ ।
ਦਰਸੁ ਗੁਰੂ ਨਾਨਕ ਕੋ ਪਾਇਯੋ । ਸ੍ਰੀ ਗੁਰ ਚਰਨ ਕਮਲ ਸਿਰੁ ਨਾਇਯੋ। ੨੭੩
ਤਿੰਹਿ ਸਿਰ ਸ੍ਰੀ ਗੁਰਨਿਜ ਕਰੁ ਧਾਰਿਯੋ ।
ਬਹੁਰ ਸ੍ਰਿੀ ਮੁਖ ਏਹੁ ਉਚਾਰਿਯੋ ।
ਕੋ ਤਵ ਨਾਂਮੁ ਗੋਤ੍ਰ ਸੰਖਿਯਾਤਾ । ਕਵਨ ਠੋਰ ਤੁਮਰੇ[6] ਪਿਤ ਮਾਤਾ । ੨੭੪।
ਲਗੋ ਚਰਨ ਬਹੁਰੋ ਸੁਤੁ ਫੇਰੂ । ਨਿਹਿਚਲ ਮਤੁ ਮਾਨੋ ਗਿਰੁ ਮੇਰੂ ।
ਭਾਟੇ ਹੈ ਪਿਤ ਮਾਤ ਹਮਰੇ । ਲਹਿਣਾ ਨਾਂਮੁ ਸੁ ਸੇਵਕ ਥਾਰੇ । ੨੭੫ ।
ਜਬ ਸ੍ਰੀ ਗੁਰ ਏ ਸੁਣੇ ਸੁ ਬੈਠਾ । ਤੁਮ ਲਹਿਣਾ ਹਮ ਤੁਮ ਕੋ ਦੇਣਾ ।
ਐਸੇ ਕਹਿ ਗੁਰ ਨਾਨਕ ਰਾਇ । ਲਹਿਣਾ ਲਇਯੋ ਬੇਗ ਗਲ ਲਾਇ । ੨੭੬
ਅੰਗਦੁ ਧਰਿਯੋ ਨਾਂਮੁ ਤਿਹਿੰ ਕਾਲਾ । ਬੁਧ ਬਾਰਧੁ ਤਨ ਤੇਜੁ ਬਿਸਾਲਾ ।
ਅੰਗ ਲਾਇ ਅੰਗਦੁ ਠਹਿਰਾਇਯੋ। ਜਨੁ ਦੂਜਾ ਨਾਨਕੁ ਗੁਰੁ ਆਇਯੋ । ੨੭੭
ਬਾਸਰੁ ਬੀਤ ਨਿਸਾ ਜਬ ਆਈ । ਸੋਇ ਰਹਿਯੋ ਨਰੁ ਨਾਰ ਸਬਾਈ ।

---

[1]ਚਲਉ [2]ਘਾਰ [3]ਉਚਾਰੋ [4]ਤੁਮਾਰੋ [5]ਸੁਵਨ [6]ਤੁਮੇਰੇ

ਅੰਗਦੁ ਕਰੈ ਗੁਰੂ ਢਿਗ ਸੇਵਾ। ਤਬ ਆਈ ਕੇਹਰ ਚੜ ਦੇਵਾ। ੨੭੮।
ਉਤਰ ਸਿੰਘ ਤੇ ਗਹੀ ਬੁਹਾਰੀ। ਧਰਮਸਾਲ ਗੁਰ ਕੀ ਸਭ ਸੁਵਾਰੀ।
ਤਿਸੀ ਠੌਰ ਸੂੰਹਣ ਵਹੁ ਧਰੀ। ਸ੍ਰੀ ਗੁਰ ਕੋ ਪਰਕਰਮਾਂ ਕਰੀ। ੨੭੯।
ਚੜ੍ਹੀ ਸਿੰਘ ਨਿਜ ਭੌਂਨ ਸਿਧਾਂਨੀ। ਅੰਗਦ ਨਿਜ ਮਨ ਅਚਰਜ ਮਾਨੀ।
ਭਇਯੋ ਭੋਰ ਸ੍ਰੀ ਗੁਰ ਜਬ ਜਾਗੇ। ਅੰਗਦੁ ਖਰੋ ਜੋਰ ਕਰ ਆਗੇ। ੨੮੦।
ਨਿਸ ਬ੍ਰਿਤਾਂਤ ਸਭ ਕਹੇ ਸੁਨਾਇ। ਹਸ ਬੋਲੇ ਗੁਰੂ ਨਾਨਕ ਰਾਇ।
ਅੰਗਦ ਕੋ ਇਮ ਭਾਖ ਸੁਣਾਇਯੋ। ਤੁਮ ਦਰਸਨੁ ਦੇਵੀ ਕਾ ਪਾਇਯੋ। ੨੮੧।
ਜਿਹ ਪਰਸਨ[1] ਜਗੁ ਜਾਇ ਪਹਾਰ। ਸੋ ਸੇਵੈ ਗੁਰ ਕੈ ਦਰਬਾਰ।
ਇਹੁ ਸੁਨ ਅੰਗਦੁ ਗਦ ਗਦ ਭਇਯੋ। ਪ੍ਰੇਮ ਮਗਨ ਗੁਰ ਚਰਨੀ ਪਇਯੋ। ੨੮੨।
ਹਾਥ ਜੋਰ ਇਮ ਕਹਿਯੋ ਉਚਾਰ। ਜਾਇ ਆਂਉ ਭਾਟੇ ਇਕ ਬਾਰ।
ਫੇਰ ਆਇ ਪ੍ਰਭ ਸੇਵਾ ਕਰੋ। ਨਿਮਖ ਏਕ ਢਿਗ ਤੇ ਨਹਿ ਟਰੋਂ। ੨੮੩।
ਸ੍ਰੀ ਗੁਰ ਨਾਨਕ ਆਇਸ ਦੀਨੀ। ਬਹੁਰ ਤਗੀਦ ਭਈ ਬਿਧ ਕੀਨੀ।
ਤਹਾਂ ਨ ਰੰਚਕ ਬਾਰ ਲਗਾਵੇ। ਜਾ ਭਾਟੇ ਫਿਰ ਸੀਘਰ ਆਵੇ। ੨੮੪।
ਆਇਸੁ ਲੈ ਅੰਗਦ ਜੂ ਧਾਇਯੋ। ਨਿਜੂ ਸਾਸੁਰ ਖਡੂਰ ਸੁ ਆਇਯੋ।
ਬੀਤੀ ਨਿਸ ਬਾਸਰੁ ਜਬ ਭਇਯੋ।
ਛਕ ਪ੍ਰਸਾਦੁ ਤਬ ਹੀ ਚਢ ਗਇਯੋ। ੨੮੫।
ਉਮਡਿਯੋ ਮੇਘੁ ਜਬੈ ਮਗ ਮਾਂਹੀ। ਨਿਕਟ ਗ੍ਰਿਾਂਮੁ ਦੀਸੈ ਕੋ ਨਾਹੀ।
ਛਪਰੀ ਏਕ ਦ੍ਰਿਸਟ ਤਬ ਆਈ। ਅੰਗਦ ਜੁ ਪਹੁਚਿਯੋ ਤਿਹਿ ਜਾਈ। ੨੮੬।

ਦੋਹਰਾ : ਬਰਸਿਯੋਂ ਮੇਂਹੁ ਘਨੋਂ ਤਹਾਂ ਕ੍ਰਿਪਾ ਕਰੀ ਸ੍ਰੀ ਰਾਂਮ।
ਭਲੀ ਸੁਹਾਵੀ ਛਾਪਰੀ ਕੀਨੋਂ ਜਿਹਿੰ ਬਿਸਰਾਂਮ। ੨੮੭।

ਅੜਲ : ਬਰਸਿਯੋ ਨੀਰ ਅਪਾਰ ਘਟਾ ਛਬ ਛਾਇ ਕੈ।
ਰਹੇ ਸਰੋਵਰ ਪੂਰ ਅਧਕ ਜਲ[2] ਪਾਇਕੈ।
ਬਾਸਵ ਆਇ ਸੁ ਪਾਸਿ ਭਏ ਘਨ ਊਚਿਆ।
ਹੋ ਅੰਗਦ ਜੂ ਨਿਜ ਧਾਂਮ ਸੁ ਬੇਗ ਪਹੂਚਿਆ। ੨੮੮।
ਕਛੁਕ ਦਿਵਸ ਸੁਖ ਸਹਿਤ ਬਸਿਯੋ ਘਰ ਬਾਰ ਜੂ।
ਸ੍ਰੀ ਗੁਰ ਚਰਨ ਸਰੋਜ ਸੀਸੁ ਨਿਜ ਨਾਇਆ।
ਹੋ ਗਹਿ ਗੁਰ ਨਾਨਕ ਅੰਗਦੁ ਅੰਗ ਲਗਾਇਆ। ੨੮੯।
ਕਛੁਕ ਕਾਲ ਗੁਰ ਤਾਂਹਿ ਸੁ ਭਲੈ ਬੀਤਾਇਯੋ।
ਰਾਵੀ ਤਟ ਕਰਤਾਰਿਪੁਰੇ ਸੁਖੁ ਪਾਇਯੋ।
ਕਾਹੂੰ ਕੀਓ ਹਜੂਰ ਜਿਕਰੁ ਇਸ ਭਾਂਤ ਕਾ।
ਜੁ ਮੇਲਾ ਆਇਆ ਨਿਕਟ ਅਚਲ ਸਿਵਰਾਤ ਕਾ। ੨੯੦।

---
[1]ਦਰਸਨ [2]ਜਸ

ਸੁਣ ਗੁਰ ਨਾਨਕ ਰਾਜ ਸਮਾਜੁ ਸਵਾਰਿਆ ।
ਨਿਜ ਸਾਸੁਰ ਵਾਟਾਲੇ ਸ੍ਰੀ ਪਗੁ ਧਾਰਿਆ ।
ਜਬ ਗੁਰੁ ਨਾਨਕ ਅੱਚਲ ਆਇ ਬਿਰਾਜਿਆ ।
ਹੋ ਜਬੇ ਨਿਸਾਂਨ ਅਨੇਕ ਮਨੋਂ ਘਨ ਗਾਜਿਆ ।੨੯੧।
ਪ੍ਰਿਥਵੀ ਜੁਰੀ ਬਿਸਾਲ ਸਹੰਸਰ ਸੰਗਤਾਂ ।
ਕੇਤਕ ਸਾਹੂਕਾਰ ਕੇਤੜੇ ਮੰਗਤਾ ।
ਕੇਤਕ ਪਹਿਰ ਪਟੰਬਰ ਅੰਬਰ ਕੰਬਰਾ ।
ਹੋ ਕੇਤਕ ਆਏ ਚਾੜ ਬਿਭੂਤ ਦਿਗੰਬਰਾ ।੨੯੨।
ਪੱਛਮਿ ਦਿਸ ਤਟ ਤਾਲ ਸੁ ਕੁੰਣ ਨਿਹਾਰ ਕੈ ।
ਬੈਠੇ ਸ੍ਰੀ ਗੁਰੁ ਨਾਨਕੁ ਆਸਣੁ ਧਾਰ ਕੈ ।
ਲਛਮੀ ਚੜੀ ਅਪਾਰ ਖਜਾਂਨਾ ਪੂਰਿਆ ।
ਹੋ ਜੋਗੀ ਜੰਗਮ ਹੇਰ ਸੁ ਮਰੇਂ ਬਿਸੂਰਿਆ ।੨੯੩।
ਤਾਂਹੀ ਛਿਨ ਸਜੇ ਸੁਵਾਂਗ ਲਿਆਏ ਭਗਤੀਏ[1] ।
ਨੇਦੀਸੁਰੁ ਆਹ ਗੰਗ ਸੁਦਾ ਸਿਵ ਸਕਤੀਏ ।
ਭੰਗਰ ਨਾਥੁ ਨਿਹਾਰ ਤਬੈ ਖੁਣਸਾਇ ਕੈ ।
ਹੋ ਲੋਟਾ ਲਇਆ ਛਪਾਇ ਸੁ ਨਦਰ ਬਚਾਇ ਕੈ ।੨੯੪ ।
ਭਗਤੀਯਾਂ ਭੂਲੀ ਭਗਤ ਚਿੰਤਾਤਰ ਹੋਇਆ ।
ਸਭ ਸੁਵਾਂਗੀ ਤਬ ਆਇ ਹਜੂਰ ਖਲੋਇਆ ।
ਐਸੇ ਕਰੀ ਪੁਕਾਰ ਗੁਰੂ ਢਿਗ ਆਂਇ ਕੈ ।
ਜੀ ਲੋਟਾ ਲੈ ਗਏ ਜੋਗੀ ਰਿਸਟੁ ਬਨਾਇ ਕੈ ।੨੯੫।
ਸ੍ਰਿ ਗੁਰ ਤਬ ਨਿਜ ਤੀਰ ਸੁ ਸਿੱਖੁ 'ਬੁਲਾਇ ਕੇ'[2] ।
ਸੂਛਮ ਬਾਤ ਉਚਾਰ ਭਲੇ ਸਮਝਾਇ ਕੈ ।
ਸੁਵਾਂਗੀ ਭਏ ਅਧੀਨ ਬਿਲੰਬ[3] ਨ ਕੀਜੀਏ ।
ਹੋ ਭੰਗ੍ਰ ਨਾਥ ਕੋ ਆਖੋ ਲੋਟਾ ਦੀਜੀਏ ।੨੯੬।
ਭੰਗ੍ਰ ਨਾਥ ਕੇ ਤੀਰ ਸੁ ਸਿੱਖ ਸਧਾਰਿਆ ।
ਦੇਹੁ ਨਾਥ ਜੀ ਲੋਟਾ ਏਂਵ ਉਚਾਰਿਆ ।
ਜੋਗੀ ਤਾਂਮਸਧਾਰ ਸੁ ਲਗਾ ਅਲਾਂਵਣੇ ।
ਹੋ ਹਮ ਤੁਮਰਾ[4] ਕਦ ਲੋਟਾ ਗਏ ਚੁਰਾਵਣੇ ।੨੯੭।
ਸਿੱਖ ਸ੍ਰੀ ਗੁਰ ਤੀਰ ਕਹਿਆ ਤਬ ਆਇ ਕੈ ।
ਜੀ ਜੋਗੀ ਦੀਆ ਜਬਾਬੁ ਹਮੇਂ ਖੁਣਸਾਇ ਕੈ ।
ਸ੍ਰੀ ਗੁਰ ਨਾਨਕ ਬਹੁਰ ਸਿੱਖ ਸਮਝਾਇਆ ।

[1]ਭਗੀਤੀਏ [2]ਬੁਲਾਇਆ [3]ਬਿਲੰਮੁ [4]ਤੁਰਾ

ਹੋ ਅਮਕੀ ਜਾਗਾ ਲੋਟਾ ਉਨਾ ਛਪਾਇਆ । ੨੯੮ ।
ਸ਼ਨੇ ਸ਼ਨੇ ਮੁਖ ਮੋਨ ਤਹਾਂ ਤੁਮ ਜਾਂਵਣਾ ।
ਲੈ ਲੋਟਾ ਫ੍ਰਿ ਸੀਘ੍ਰ ਉਥੋਂ ਆਂਵਣਾ ।
'ਗੁਰ ਤੇ ਲੈ'[1] ਸਿੱਖੁ ਸਿੱਖਿ ਤਬੈ ਫਿਰ ਧਾਇਆ ।
ਹੋ 'ਸ਼ਨੇ ਸ਼ਨੇ ਲੈ'[2] ਲੋਟਾ ਸੀਘ੍ਰ ਆਇਆ[3] । ੨੯੯ ।
ਜੋਗੀ ਹੁਵੈ ਤਬ ਝੂਠੇ ਲਗੇ ਡਰਾਵਣੇ ।
ਜੰਤ੍ਰ ਮੰਤ੍ਰ ਆਰਿਸਟ ਲਗੇ ਦਿਖਰਾਂਵਣੇ ।
ਗਿੱਦੜ ਕੁੱਤੇ ਸੇਰਿ ਬਘੇਰੇ ਭੇਡਿਆ ।
ਹੋ ਸੂਕਰ ਅਜਗਰ ਰੀਛ ਖਿੜਾਲ ਛਲੇਡਿਆ । ੩੦੦ ।
ਕੇਤਕ ਚੜੇ ਅਕਾਸ ਮ੍ਰਿਗਾਂਨ ਉਡਾਇਆ ।
ਕੇਤੇ ਬਣੇ ਬਘੂਲੇ ਦੁਰਮ ਹਲਾਇਆ ।
ਆਰਿਸਟ ਜੋਗੀਆਂ ਧਾਰੇ ਤਬ ਮਨਿ ਭਾਂਵਣੇ ।
ਹੋ ਮੇਲਾ ਹੁਵੈ ਭੈ ਭੀਤ ਲਗੋ ਡਰੁ ਪਾਵਣੇ । ੩੦੧ ।
ਡੰਡਾ ਪੌਊਆ ਸ੍ਰੀ ਗੁਰ ਤਬੈ ਪਰੇਰਿਆ ।
ਗਿੱਦੜ ਕੁੱਤੇ ਸੇਰ ਬਘੇਰੇ ਘੇਰਿਆ ।
ਸੂਕਰ ਅਜਗਰ ਰੀਛ ਬਿੜਾਲ ਹਕਾਰ ਕੈ ।
ਹੋ ਭੇਡੇ ਅਵਰ ਛਲੇਡੇ ਹਣੇ ਸਵਾਰ ਕੈ । ੩੦੨ ।
ਸੋਟਾ ਪੌਊਆ ਬਹੁਰ ਅਕਾਸ ਸਿਧਾਇਆ ।
ਸਣੇ ਮ੍ਰਿਗਾਂਨਾਂ ਜੋਗੀ ਭੂੰਮ ਗਿਰਾਇਆ ।
ਮਿਟ ਗਏ ਤਬੈ ਬਘੂਰੇ ਅੰਧੀ ਛਾਰ ਕੈ ।
ਹੋ ਜੋਗੀ ਆ ਪਏ ਪੈਰੀਂ ਨਿਜ ਬਲ ਹਾਰ ਕੈ । ੩੦੩ ।
ਸ੍ਰੀ ਗੁਰ ਨਾਨਕ ਤਾਂ ਛਿਨ ਏਹੁ ਉਚਾਰੀਯਾ ।
ਤਨਕ ਤੁਮਾਰੀ ਸਿੱਧ ਨ ਤੁਮੈ ਸੰਭਾਰੀਯਾ ।
ਮੋ ਪ੍ਰਿੜ ਬਲੁ ਕਰਤਾਰ ਦੀਯਾ ਨਿਜੁ ਜਾਣ ਕੈ ।
ਹੋ ਭੰਗ੍ਰ ਨਾਥ ਸੁਣ ਲੇਹੁ ਮੈਂ ਕਹੋਂ ਵਖਾਣ ਕੈ । ੩੦੪ ।

ਦੋਹਰਾ : ਸ੍ਰੀ ਗੁਰੁ ਸ੍ਰੀ ਮੁਖ ਤਾਂ ਸਮੈਂ ਭੰਗ੍ਰ ਨਾਥ ਕੇ ਤੀਰ ।
ਲਗੋ ਕਹਿਣ ਬਲੁ ਆਪਣਾ ਨਾਨਕੁ ਸੁਣੀ ਗਹੀਰ । ੩੦੫ ।

ਤੋਟਕ ਛੰਦ : ਪਟ ਪਾਵਕ ਅੰਗ ਸਵਾਰ ਧਰੋਂ । ਨਿਜ ਧਾਂਮੁ ਹਿਵਾਲੇ ਬੀਚ ਕਰੋ ।
ਕਰ ਬਿੰਜਨ ਸਾਰੁ ਬਿਸਾਰ ਗਮੰ । ਸਤ ਦੂਖ ਪੀਓਂ ਕਰ ਨੀਰ ਸਮੰ । ੩੦੬ ।
ਧਰ ਹਾਕ ਚਲਾਉਂ ਨ ਸੰਕ ਕਰੋਂ । ਨਭੁ ਬੀਚ ਤ੍ਰਾਜੀ ਤੋਲ ਧਰੋਂ ।
ਧਰ ਟੰਕ ਪਿਛਾਰੀ ਤੋਲ ਤਿਸੈ । ਵਧ ਜਾਂਉਨ ਮੋ ਸਮ ਔਰੁ ਦਿਸੈ । ੩੦੭[4] ।

[1]ਲੈ ਗੁਰ ਤੇ [2]ਉਟ ਸੁਮੇਰੋ [3]ਲਿਆਇਆ [4]309

ਸਭ ਨਾਥ ਚਲਾਂਉ ਨ ਨੈਕ ਡਰੋਂ । ਹੁਵੈ ਤਾਂਣੁ ਇਤੋ ਮਨ ਮੈਂ ਜੁ ਧਰੋਂ ।
ਕਰ ਆਪ ਦਿਖਾਂਉਸੁ ਤੋਹਿ ਅਬੈ । ਕਹਿ ਔਰ ਪੈ ਦੇਂਉ ਕਰਾਇ ਤਬੈ । ੩੦
ਪ੍ਰਭੁ ਜੇਵਡੁ ਆਪ[1] ਸੁ ਦਾਤ ਤਿਤੀ । ਨਿਜ ਦੇ ਦੇ ਹੇਰ ਲਗਾਇ ਬ੍ਰਿਤੀ ।
ਕਹਿਯੋ ਨਾਨਕ ਜੂ ਜਿੰਹ ਨਦਰ ਕਰੇ । ਦੈ ਨਾਂਮੁ ਵਡਾਈ ਦੇਖ ਹਰੇ । ੩੦
ਮੁਖ ਆਖਣ ਆਖ ਨ ਭੂਖ ਜਏ । ਸੁਣ ਕੰਨ ਰਜੇ ਨਹਿ ਰਾਗ ਨਏ ।
ਦ੍ਰਿਗ ਹੇਰ ਨ ਰਾਜਤ ਰੰਗ ਭਲੇ । ਗੁਣ ਗਾਹਕ ਜੋ ਇਕ ਵੰਨ ਰਲੇ । ੩੧੦
ਬਿਨ ਭੋਜਨ ਭੂਖ ਨ ਨੈਕੁ ਭਜੈ । ਕਰ ਗੱਲਾਂ ਕੋਨ੍ ਕਦਾਂਓ ਰਜੈ ।
ਕਹਿਯੋ ਨਾਨਕ ਜੂ ਭੁਖ ਜਾਇ ਤਬੈ ।
ਮਿਲ ਗੁਣ ਮਹਿਂ ਗੁਣੀ ਸਮਾਇ ਜਬੈ । ੩੧੧ ।
ਜਬ ਏਹੁ ਸ੍ਰੀ ਗੁਰ ਵਾਕ ਕਹੇ । ਤਬ ਜੋਗੀਆਂ ਗੁਰ ਕੈ ਪਾਂਇ ਗਹੇ ।
ਕਰ ਜੋਰ ਸੁ ਭੰਗਰ ਨਾਥੁ ਖਰੋ । ਕਹੇ ਹੇ ਗੁਰ ਔਗਨ ਮਾਫ ਕਰੋ । ੩੧੨ ।
ਤੁਮ ਦੀਨ ਦਿਆਲ ਦਇਆ ਨਿਧ ਹੋ । ਬਲ ਬੁੱਧ ਮਹਾਂ ਸਿੱਧ ਕੀ ਬ੍ਰਿਧ ਹੋ ।
ਮਮ ਔਗਨ ਨਾਂ ਪ੍ਰਭ ਯਾਦ ਕਰੋ ।
ਕਰ ਭੂਲ ਛਿਮਾਂ[2] ਦ੍ਰਿਗ ਮਿਹਿਰ ਧਰੋ । ੩੧੩ ।
ਗੁਰ ਸ੍ਰੀ ਮੁਖ ਤੇ ਕਹਿਯੋ ਤਾਂਹਿ ਸਮੈ । ਜਾਹ ਭੰਗਰ ਨਾਥ ਪ੍ਰਸਿੰਨ ਹਮੈਂ
ਪਰ ਪਾਂਇ ਜੌ ਭੰਗਰ ਨਾਥੁ ਗਇਯੋ ।
ਮੁਲਤਾਂਨ ਦਿਸਾ ਗੁਰ ਪਿਯਾਂਨ ਕਇਯੋ । ੩੧੪ ।
ਸੁਤਿ ਕੀ ਅਸਵਾਰੀ ਕੀਨ ਜਬੈ । ਗੁਰ ਜਾ ਪਹੁਚਿਯੋ ਮੁਲਤਾਨ ਤਬੈ ।
ਸ੍ਰੀ ਨਾਨਕ ਨਾਂਮੁ ਸੁਣਿਓ ਜਬ ਹੀ । ਸਭ ਪੀਰ ਇਕੱਤ੍ਰ ਹੈ ਤਬ ਹੀ । ੩੧੫
ਭਰ ਛੀਰ ਕਟੋਰਾ ਲੈ ਕਰ ਮੈਂ । ਸਭ ਪੀਰ ਮਤਾ ਕਰ ਕੈ ਘਰ ਮੈਂ ।
ਗਏ ਤਾਂਹਿ ਜਹਾਂ ਨਾਨਕੁ ਗੁਰੁ ਹੈ । ਮੁਲਤਾਂਨੁ ਕਹਿਯੋ ਪੀਰੀਂ ਪੂਰੁ ਹੈ । ੩੧੬

ਕਬਿਤੁ : ਨਾਨਕ ਨ੍ਰਿਬਾਨ ਜਬ ਆਏ ਮੁਲਤਾਂਨ
ਸਜ ਆਸੁਨੁ ਮਹਾਂਨ ਬੈਠੋ ਨੀਕੈ ਛਬ ਛਾਇ ਕੈ ।
ਆਏ ਸਭ ਪੀਰ ਕਰ ਪੂਰ ਲੈ ਕਟੋਰਾ ਛੀਰ
ਧਰਿਯੋ ਗੁਰ[3] ਤੀਰ ਨਿਆਜ ਨੇਕੀ ਦਿਖਰਾਇ ਕੈ ।
ਕਿਧੋ ਦਿਸਟਾਂਨੁ ਪੀਰੀ ਪੂਰੁ ਮੁਲਤਾਂਨ
ਕਹਾਂ ਸਾਜ ਕੈ ਮਕਾਂਨੁ ਨਿਜ ਬੈਠੋ ਸੁਖੁ ਪਾਇ ਕੈ ।
ਸੇਵਕੁ ਪਠਾਇ ਫੂਲ ਚੰਪੇ ਕੇ ਮੰਗਾਇ
ਗੁਰ ਦੂਧ ਪੈ ਤਰਾਇ ਦਇਯੋ ਉਤਰ ਪਠਾਇ ਕੈ । ੩੧੭ ।

ਸਵੈਯਾ : ਜਿਂਉ ਜਲ ਮੈ ਜਲ ਜਾਇ ਨਿਰਾਲਮ ਜਿਂਉ ਸਰ ਪੈ[4] ਤਰ ਹੈ ਮੁਰਗਾਈ ।
ਜਿਉ ਸਰਤਾ ਪਰ ਨਾਂਵ ਨਿਤਾਪ੍ਰਿਤ ਜਿਂਉ ਨਦ ਨਾਥ ਜਹਾਜੁ ਤਰਾਈ ।

---
[1]ਆਸੁ [2]ਖਿਮਾਂ [3]ਆਗੈ [4]ਮੈ

ਜਿਉਂ ਤਵੀਤਰਏ ਛੀਰ ਪੈ ਫੂਲੁ ਰਵਾਲ ਸਰੋਂ ਗਿਰੁ ਜਿਉਂ ਤਰ ਆਈ।
ਸ੍ਰੀ ਗੁਰ ਨਾਨਕ ਤਾਂਹਿ ਸਮੈ ਕਹਿਯੋ ਤਿਉਂ ਸੁਲਤਾਂਨ ਪੈ ਹੌਂ ਠਹਿਰਾਂਈ। ੩੧੯।

ਪੀਰ ਅਧੀਰ ਭੁਏ ਸੁਨ ਕੈ ਗੁਰ ਨਾਨਕ ਜੂ ਜਬ ਏਹੁ ਅਲਾਇਯੋ।
ਫੇਰ ਧਰੀ ਨਿਜ ਧੀਰ ਹੀਏਂ ਜਬ ਸਈਯਦ ਸੇਖ ਸਭੈ ਜੁਰ ਆਇਯੋ।
ਬਾਦ ਬਿਖਾਧ ਕੀ ਬਾਤ ਕਹੀ ਕਰਾਮਾਤ ਦਿਖਾਉ ਹਮੈਂ ਫੁਰਮਾਇਯੋ।
ਕੈਸੇ ਵਸੋ ਮੁਲਤਾਂਨ ਬਿਨਾਂ ਸਿਧ ਕਿਉ ਪਰਹੇ ਹਮ ਪੈ ਤਵਸਾਇਯੋ। ੩੧੯।

ਏ ਸੁਨ ਕੇ ਗੁਰ ਤਾਂਹਿ ਸਮੈਂ ਕਹਿਯੋ ਸਾਂਤ ਗਹੋ ਮਤੁ ਬਾਦੁ ਜਿਨਾਵੋ।
ਸੰਮਸੁ ਔ ਮਨਸੂਰੁ ਨੰਹੀ ਨਾਂਹੀ ਨੂਹੁ ਈਹਾਂ ਕਿਸਤੀ ਬਿਗਰਾਵੋ।
ਜੋ ਬਲੁ ਹੈਨ ਬਿਲੰਬੁ ਕਰੋ ਸਭ ਲਾਇ ਹਮੈਂ ਕਰਾਮਾਤ ਦਿਖਾਵੋ।
ਨਾਂਤਰ ਨਾਨਕੁ ਨਾਂਮੁ ਹਮੈ ਤਵ ਦੇਉ ਸਜਾਇ ਕੀਯਾ ਨਿਜ ਪਾਵੋ। ੩੨੦।

ਸਵੈਯਾ: ਪੀਰ ਕਹਿਯੋ ਖਿੜ ਤਾਂਹਿ ਸਮੈਂ ਮਮ ਸਾਥ ਮਸੀਤ ਨਿਵਾਜ ਗੁਜਾਰੋ।
ਨਾਨਕ ਜੂ ਤਬ ਬੇਗ ਉਠੇ ਗਏ ਬੀਚ ਮਸੀਤ ਭਇਯੋ ਉਜੀਆਰੋ।
ਬਾਂਗ ਲਗੋ ਜਬ[1] ਦੇਣ ਮੁੱਲਾ ਨਭ ਓਰ ਰਹਿਯੋ ਤਿਸ ਤੁੰਡੁ ਪਸਾਰੋ।
ਕਾਂਨ ਰਹੀ ਸਭ ਕੇ ਅੰਗੁਰੀ ਦਈ ਸਕੈ ਨਹਿ ਕੋਪ ਸਵਾਰੋ। ੩੨੧।

ਸਵੈਯਾ: ਪੀਰਨ ਕੀ ਸਭ ਪੀਰੀ ਤਹਾਂ ਰੰਗ ਪੀਰੀ ਭਈ ਗਈ ਦੂਰ ਲਲਾਈ।
ਲਾਇ ਥਕੇ ਕਰਾਮਾਤ ਸਭੈ ਨਹਿ ਨੇਕੁ ਜੁਰੇ ਜੁਗ ਜਾਬ ਝੁੰਭਾਈ।
ਹੇਰ ਸ੍ਰੀ ਗੁਰ ਓਰ ਤਬੈ ਦ੍ਰਿਗ ਦੀਨ ਹੁਵੈ ਪੀਰ ਪਰੇ ਸਰਨਾਈ।
ਤਾਂ ਛਿਨ ਤਾਂ ਮੁਖ ਜਾਬ ਜੁਰੀ ਫੁਰ ਬੋਲ ਭਈ ਅੰਗ ਮੋ ਨਰਮਾਈ। ੩੨੨।

ਸਵੈਯਾ: ਤਾਂਹਿ ਸਮੈਂ ਗੁਰ ਨਾਨਕ ਜੂ ਮੁਲਤਾਂਨ ਕੇ ਪੀਰ ਸੁ ਜੀਤ ਨਿਵਾਏ।
ਆਂਪਨੋ ਕੇ ਨਰ ਸਿੰਘਪੁਰਾ ਫਿਰ ਊਚ ਕੇ ਪੀਰ ਨਿਜੈ ਪਗ ਲਾਏ।
ਫੇਰ ਗੁਰੂ ਗਜਰਾਜਵਤੀ ਤਟ ਆਇ ਲਹੌਰ ਕੇ ਸਿੱਖ ਮਿਲਾਏ।
ਵੀਰ ਮ੍ਰਿਗੇਸ ਸ੍ਰੀ ਗੁਰ ਨਾਨਕ ਬਹੁਰ ਪੁਰੇ ਕਰਤਾਰ ਜੂ ਆਏ। ੩੨੩।

ਚੌਪਈ: ਗੁਰੂ ਕਰਤਾਰਪੁਰੇ ਜਬ ਆਇਯੋ। ਸਿਖ ਸੇਵਕ ਆ ਮਿਲੇ ਸਬਾਇਯੋ।
ਮੇਲਾ ਜੁਰਿਯੋ ਅਪਾਰ ਮਹਾਂਨੇ। ਕਈ ਲੱਛ ਲਛ ਜੁੜੀ ਖਜਾਂਨੇ। ੩੨੪।
ਪੁਰੁ ਕਰਤਾਰੁ ਪਾਰ ਛਬ ਛਾਜੇ। ਵਾਰ ਦੇਹੁਰਾ ਬਿਮਲ ਬਿਰਾਜੇ।
ਜੁਗ ਸੁਰਪੁਰ ਗੁਰ ਛਿਤ ਜਨੁ ਬਾਂਧੇਂ। ਐਰਾਵਤੀ ਵਹੇ ਤਿਹਿ ਸਾਂਧੇ[2]। ੩੨੫।
ਕਿਧੌ ਮਥਰ ਗੋਕਲ ਜੁਗ ਜਾਂਨੋਂ। ਅਰਾਵਤੀ ਕਲਿੰਦ੍ਰੀ ਮਾਨੋਂ।
ਗੁਵਾਲ ਸਿੱਖ ਗੁਵਾਲਨ ਸਿਖ ਬਾਲਾ। ਸਿਰੀ ਚੰਦੁ ਲਖਮੀ ਨੰਦ[3] ਲਾਲਾ। ੩੨੬।
ਸਿਰੀ ਚੰਦੁ ਸ੍ਰੀ ਕ੍ਰਿਸਨ ਸਮਾਨੋਂ। ਲਖਮੀ ਦਾਸ ਬਲ ਭੱਦ੍ਰ ਜਾਨੋਂ।
ਗੁਰੂ ਨਾਨਕੁ ਨ੍ਰਿੰਕਾਰ ਨਿਰਾਲਮੁ। ਜਿਹਿ ਜਪ ਨਾਂਮੁ ਸੁਖੀ ਸਭੁ ਆਲਮੁ। ੩੨੭।
ਏਕ ਦਿਵਸ ਗੁਰ ਗਵਨ ਸਿਧਾਇਯੋ। ਕੱਥੂ ਦੇ ਨੰਗਲ ਢਿਗ ਆਇਯੋ।

---

[1] ਤਬ [2] ਧਾਂਧੇ [3] ਨੰਨ

ਇਕੁ ਬਾਲਕੁ ਤਿਹਿ ਗਊਆਂ ਚਾਰੇ । ਅਤ ਸੁੰਦਰੁ ਬਰ ਬੁੱਧ ਉਦਾਰੇ । ੩੨
ਹੇਰ ਸ੍ਰੀ ਗੁਰ ਓਰ ਸਿਧਾਇਯੋ । ਹਾਥ ਜੋਰ ਚਰਨੀ ਸਿਰ ਨਾਇਯੋ ।
ਗੁਰ ਨਾਨਕ ਭਾਖਿਯੋ ਤਿਹਿ ਕਾਲੇ । ਚਿਰੁ ਜੀਵੈਂ ਰਾਜੀ ਰਹੁ ਬਾਲੇ । ੩੨
ਬਹੁਰ ਕਹਿਯੋ ਕਿਆ ਨਾਂਮੁ ਤੁਮਾਰਾ । ਕਵਨੁ ਪਿਤਾ ਕਿਆ ਗੋਤੁ ਤਿਹਾਰਾ
ਇਹ ਸੁਣ ਬਾਲਕੁ ਕਰ ਪਰਣਾਮਾ ।
ਲਗੋ ਕਹਿਣ ਨਿਜ ਪਿਤ ਕੁਲਨਾਂਮਾਂ । ੩੩੦ ।
ਸੁੱਗੋ ਸੁਤੁ ਬੂੜਾ ਮਮ ਨਾਂਉ[1] । ਕੱਥੂ ਦਾ ਨੰਗਲੁ ਮੋ ਗ੍ਰਾਉ[2] ।
ਕਹਿਯੋ ਰੰਧਾਵੇ ਗੋਤੁ ਹਮਾਰਾ । ਹੇ ਸ੍ਰੀ ਗੁਰ ਮੈਂ ਸੇਵਕੁ ਥਾਰਾ । ੩੩੧ ।
ਸ੍ਰੀ ਗੁਰ ਹਮਰੇ ਘਰ ਤੁਮ ਆਵੈਂ । ਕੈ ਮੋਕੋ ਨਿਜ ਸੰਗ ਲਿਜਾਵੈਂ ।
ਐਸੇ ਕਹਿ ਚਰਨੀ ਲਪਟਾਨਾ । ਤਬ ਸ੍ਰੀ ਗੁਰ ਇਹ ਬਚਨੁ ਬਖਾਨਾ । ੩੩੨ ।
ਤੁਮਰਾ ਤੋ ਬਾਲਕੁ ਇਹ ਗਾਤਾ । ਭਾਖਤ ਹੋ ਬੂਢਨ ਸਮ ਬਾਤਾ ।
ਐਸੇ ਕਹਿ ਗੁਰ ਨਾਨਕ ਰਾਇ । ਨਿਜ ਕਰ ਬਾਲਕੁ ਲਇਯੋ ਉਠਾਇ । ੩੩
ਸ੍ਰੀ ਮੁਖ ਤੇ ਇਹ ਵਾਕ ਅਲਾਇਯੋ । ਭਲੀ ਭਾਂਤ ਬਾਲਕੁ ਸਮਝਾਇਯੋ ।
ਅਬ ਤੁਮ ਅਪਨੇ ਧਾਂਮ ਸਿਧਾਵੈਂ । ਪੁਰ ਕਰਤਾਰ ਬਹੁਰ ਤੁਮ ਆਵੋ । ੩੩੪
ਐਸੇ ਕਹਿ ਸ੍ਰੀ ਨਾਨਕ ਰਾਇ । ਪੁਰ ਕਰਤਾਰ ਵਸੇ ਨਿਜ[3] ਆਇ ।
ਇਤ ਬੂੜੇ ਘਰ ਦੰਹੀ ਜਮਾਈ । ਲੈ ਚਲਿਯੋ ਜਹਾਂ ਨਾਨਕ ਰਾਈ । ੩੩੫ ।
ਸਨੈਂ ਸਨੈਂ ਰਾਵੀ ਲਖ ਗਇਯੋ । ਪੁਰ ਕਰਤਾਰ ਪਰਾਪਤ ਧਇਯੋ ।
ਧਰੀ ਦੰਹੀਡੀ ਸ੍ਰੀ ਗੁਰ ਤੀਰ । ਚਰਨ ਗਹੇ ਪੁਨ ਬੂੜੇ ਬੀਰ । ੩੩੬ ।
ਤਾਂ ਸਿਰ ਪਰ ਗੁਰ ਨਿਜ ਕਰੁ ਲਾਇਯੋ । ਕਰ ਆਦਰੁ ਨਿਜ ਤੀਰ ਬੈਠਾਇਯੋ
ਤਾਂ ਪਾਛੈ ਪਿਤ ਮਾਤਾ ਟੋਲਤ । ਕਈ ਦਿਵਸ ਬੀਤੇ ਤਿੰਹਿ ਡੋਲਤੇ । ੩੩੭ ।
ਪੁਰ ਕਰਤਾਰ ਨਿਹਾਰਿਯੋ ਜਾਇ । ਜਹਾਂ ਸ੍ਰੀ ਗੁਰ ਨਾਨਕ ਰਾਇ ।
ਆਇ ਸੁ ਲੈ ਬਾਲਕੁ ਘਰ ਆਂਨਿਯੋ ।
ਫਿਰ ਉਠ ਗਇਯੋ/ਨ ਕਾਂਹੂੰ ਜਾਂਨਿਯੋ । ੩੩੮ ।
ਦੂਵੈ ਤ੍ਰੈ ਵਾਰ ਫੇਰ ਘਰ ਲਿਆਏ । ਪੁਰ ਕਰਤਾਰ ਗਇਯੋ ਪੁਨ ਧਾਏ[4] ।
ਬਹੁਰ ਮਾਤ ਪਿਤੁ ਲੈਣ ਸਿਧਾਇਯੋ । ਤਬ ਗੁਰ ਬੂਢਾ ਕਰ ਬੈਠਾਇਯੋ । ੩੩੯
ਮਾਤ ਪਿਤਾ ਹੇਰੇ ਮੁਖੁ ਵਾਕੋ । ਕੋ ਨ ਪਛਾਂਨ ਸਕੈ ਤਨੁ ਤਾਂ ਕੋ ।
ਤਬ ਤੇ ਰਹਿਯੋ ਸ੍ਰੀ ਗੁਰ ਪਾਸੁ । ਧਰਿਯੋ ਨਾਂਮੁ ਬੁੱਢਾ ਰਮਦਾਸ । ੩੪੦ ।
ਰਾਵੀ ਤਟ ਬਾਂਧਿਯੋ ਪੁਰੁ ਤਾਂ ਕੋ । ਪੂਰਾ ਭਾਖੈ ਜਗੁ ਜਾਂ ਕੋ ।
ਬੁੱਢੇ ਪਰ ਗੁਰ ਹੁਵੈ ਕਿਰਪਾਲ । ਬਖਸ ਦਇਯੋ ਪੀਢਾ ਤਿਹਿ ਕਾਲ । ੩੪੧ ।
ਬਹੁਰ ਕਹਿਯੋ ਇਹਿ ਵਾਕੁ ਮਹਾਨੋਂ । ਜੋ ਗੁਰੁ ਹੋਇ ਸੁ ਤੁਮੈ ਪਛਾਂਨੋ ।
ਜੋ ਮਮ ਤਖਤ ਲਏ ਗੁਰਆਈ । ਤਵ ਕਰ ਟਿੱਕਾ ਭਾਲ ਚਲਾਈ । ੩੪੨ ।

---

[1]ਨਾਂਮੁ [2]ਗ੍ਰਾਮੁ [3]ਗੁਰੁ [4]ਥਾਏ

ਰਮਦਾਸ ਭਾਲ ਟੀਕਾ ਜਿਹਿ ਦੇਵੈਂ । ਸਭ ਸੰਗਤ ਪਗ ਤਾਂਕੇ ਸੇਵੈਂ ।
ਭੇਟ ਦੇਂਹਿ ਪ੍ਰਿਥਮੈਂ ਰਮਦਾਸ । ਪਾਛੈ ਸੰਗਤ ਦੇ ਅਰਦਾਸ । ੩੪੩ ।
ਪ੍ਰਿਥਮ ਭਾਲ ਟੀਕਾ ਕਰੈ ਭੇਟ ਚਾੜ ਰਮਦਾਸ ।
ਤੌ ਸੰਗਤ ਸਭ ਭੇਟ ਲੈ ਆਵੈ ਸ੍ਰੀ ਗੁਰ ਪਾਸ । ੩੪੪ ।
ਐਸੇ ਵਰ ਦੈ ਨਾਨਕ ਰਾਇ । ਸਭ ਸੇਵਕ ਸਿਖ ਤੀਰੁ ਬੁਲਾਇ ।
ਸ੍ਰੀ ਕਰਤਾਰ ਪੁਰੇ ਸੁਖੁ ਪਾਇਯੋਂ[1] । ਬੈਠ ਤਖਤ ਸਿਰ ਛੱਤ੍ਰ ਝੁਲਾਇਯੋ । ੩੪੫ ।
ਬਾਲਾ ਸੰਧੂ ਸੇਵਕੁ ਬਾਂਕੋ । ਅਜਿੱਤਾ ਗੋਤੁ ਰੰਧਾਵਾ ਜਾ ਕੋ ।
ਇਨ ਆਦਕ ਸਿਖ ਅਵਰ ਅਪਾਰ । ਸੇਵਤ ਸ੍ਰੀ ਗੁਰ ਚਰਨ ਉਦਾਰ । ੩੪੬ ।
ਏਕ ਦਿਵਸ ਗੁਰ ਨਾਨਕ ਰਾਇ । ਸ੍ਰੀ ਮੁਖ ਤੇ ਇਵ ਕਹਿਯੋ ਸੁਣਾਇ ।
ਸੁਣੋਂ ਅਜਿੱਤਾ ਵਾਕੁ ਹਮਾਰਾ । ਜੋ ਕਲ ਮੈਂ ਵਰਤੇ ਵਰਤਾਰਾ । ੩੪੭ ।
ਸੋ ਸਭ ਤੋ ਪੈ ਕਹੋਂ ਸੁਣਾਇ । ਸੁਣੁ ਸੇਵਕ ਨੀਕੇ ਮਨੁ ਲਾਇ ।
ਪ੍ਰਿਥਮ ਸੁਨੋ ਰਾਜਨ ਕੀ ਬਾਤ[2] । ਪ੍ਰਜਾ ਸਾਥਿ ਬਰਤੈਂ[3] ਜਿਹਿ ਭਾਂਤ[4] । ੩੪੮ ।
ਹਾਲਾ ਲੈਂ ਸਭੁ[5] ਪੋਤੇ ਡਾਰੈਂ । ਦੰਡ ਪ੍ਰਜਾ ਨਿਜ ਕਾਜ ਸਵਾਰੈਂ ।
ਗ੍ਰੀਬ ਕ੍ਰਿਸਾਂਨ ਫਿਰੈ ਬਿਲਲਾਤੇ । ਫ੍ਰਯਾਦ ਨ ਸੁਨੇਂ ਭੂਪ[6] ਮਦ ਮਾਤੇ । ੩੪੯ ।
ਦੇਹਿਂ ਨਿਰਪ ਭੈ ਸਿੰਘ ਸਮਾਂਨ । ਨਗਰ ਮੁਕੱਦਮ ਜਾਂਨੁ ਸੁਵਾਂਨ[7] ।
ਸੂਤੇ ਹਾਕਮ ਜਾਇ ਜਗਾਂਵੈ । ਕਰ ਚੁਗਲੀ ਦੀਨਨ ਪਕਰਾਂਵੈ । ੩੫੦ ।
ਨੌਕਰ ਨਹਿਂ ਦਾਂਤਾਂ ਤਨ ਕਾਟੈਂ । ਵਾਢੀ ਰਕਤ ਮੁਕੱਦਮ ਚਾਟੈਂ ।
ਕੰਨਿਯਾਂ ਧਾਨੁ ਖਾਹਿ ਪਿਤ ਮਾਤਾ ।
ਭਗਨੀ ਢਿਗ ਪਾਲਹਿਂ ਤਨ ਭ੍ਰਾਤਾ । ੩੫੧ ।
ਭੋਗੇਂ ਪਿਤਾ ਪੂਤ ਕੀ ਨਾਰ । ਨੁਖਾ ਸਾਸੁ ਕੋਂ ਦੇਂਹਿਂ ਨਿਕਾਰ ।
ਭ੍ਰਿਸਟ ਹੋਇ ਮਤ ਸਗਲੀ ਨਾਰਾ । ਭਰਤਾ ਭਜੈ ਨ ਕਲ ਮੈ ਦਾਰਾ । ੩੫੨ ।
ਨਿਜ ਪਤ ਕੋ ਦੂਰ ਬੈਂਨ ਅਲਾਵੈਂ । ਆਂਨ ਪੁਰਖ ਕੇ ਅਤ ਗੁਨ ਗਾਵੈ ।
ਨਾਰ ਹੋਇ ਸਭਹੀ[8] ਬ੍ਰਿਭਿਚਾਰੀ । ਕੋਟਨ ਮੋਂ ਕੋ ਹੋ ਸਤਵਾਰੀ । ੩੫੩ ।
ਪੁਰਖ ਹੋਂਹਿਂ ਐਸੇ ਕਲ ਮਾਂਹੀ । ਕਰ ਪਰਤੱਗਿਯਾ ਪਾਲੈਂ ਨਾਂਹੀ ।
ਕਰੈਂ ਪ੍ਰੀਤ ਤਾਂਕੇ ਸੰਗ ਭਾਰੀ । ਸੁੰਦਰੁ ਹੋਇ ਜਾਸ ਗ੍ਰਿਹਿ ਨਾਰੀ । ੩੫੪ ।
ਨਿਜ ਗੁਰਮਤ ਸੂਛਮ ਮਨੁ ਨਾਂਵੈਂ । ਪਰ ਪੰਥਨ ਮਤ[9] ਅਤ ਲਪਟਾਂਵੈਂ ।
ਕੂੜੁ[10] ਬਢੈ ਕਲ ਮੇਰ ਪ੍ਰਮਾਨੈਂ । ਸਾਚੁ ਅਮਾਵਸ ਸੋ ਮਸ ਮਾਂਨੈਂ । ੩੫੫ ।
ਧੇਂਨੁ ਹੋਇ ਤਨੁ ਅਜਾ ਸਮਾਂਨ । ਬਰਖਾ ਹੁਵੈ ਹੈ ਓਸ ਪ੍ਰਮਾਨ ।
ਨੀਰੁ ਘਟੈ ਸਰ ਤਾਂਨ ਮਝਾਰੀ । ਹੋਂਹਿਂ ਅਤੀਤ ਕਲੂ ਘਰ ਬਾਰੀ । ੩੫੬ ।
ਬਰੈਂ ਊਚੁ ਨੀਚੁ ਕੁਲ ਦਾਰਾ । ਊਚ ਨਾਰ ਕਰੈ ਨੀਚੁ ਭਤਾਰਾ ।
ਕੋਟਨ ਮੋ ਕੁਲੁ ਕੋ ਉਜੀਆਰੋ । ਸੰਕਰ ਬਰਨ ਹੋਇ ਜਗੁ ਸਾਰੋ । ੩੫੭ ।

---

[1]ਯੋ [2]ਬਾਤਾਂ [3]ਵਰਤੈਂ [4]ਭਾਂਤਾਂ [5]ਨਿਜੁ [6]ਭੂਖ [7]ਸੁਮਾਂਨ [8]ਸਭਹੀ [9]ਮਨ [10]ਕੂੜੁ

ਧਰਮੁ ਹੋਇ ਤਬ ਸੀਖ ਸਮਾਨਾ । ਪਾਪੁ ਬਢੈ ਪਰਬਤ ਪਰਮਾਨਾਂ ।
ਭੂੰਮ ਹੋਇ[1] ਤਬ ਅਤ ਦੁਖਆਰੀ । ਪਰੈ ਭਾਰੁ ਪ੍ਰਿਥਵੀ ਪਰ ਭਾਰੀ । ੩੫੮
ਕਰੈ ਪੁਕਾਰ ਪ੍ਰਿਥੀ ਪੁਨ ਜਬ ਹੀ । ਬਹੁਰ ਆਇ ਮੈਂ ਸੀਘ੍ਰ ਤਬ ਹੀ ।
ਜਗ ਮੈਂ ਧਰਕਲਗੀ ਅਵਤਾਰਾ । ਖਲਹਨ ਹਰੋਂ ਭੂੰਮ ਕੇ ਭਾਰਾ । ੩੫੯ ।
ਪਾਪ ਹਨੋਂ ਜਗ ਧਰਮੁ ਬਢਾਵੋਂ । ਅੰਨੁ ਧੰਨੁ ਬਹੁਤਾ ਉਪਜਾਵੂੰ ।
ਮਿਟੈ ਤਿਮਰੁ ਜਗ ਹੁਵੈ ਉਜੀਆਰਾ । ਵਾਹਗੁਰੂ ਜਪ ਹੈ ਜਗੁ ਸਾਰਾ । ੩੬੦

ਦੋਹਰਾ : ਇਹ ਪ੍ਰਸੰਗੁ ਕਲ ਕਾ ਕਹਿਯੋ ਗੁਰ ਨਾਨਕ ਬਿਸਤਾਰ ।
ਸੁਣਿਆ ਅਜਿੱਤੇ ਸ੍ਰਵਨ ਦੈ ਸ੍ਰਿ ਪੂਰੇ ਕਰਤਾਰ । ੩੬੧ ।

ਸੋਰਠਾ : ਸ੍ਰਿ ਗੁਰ ਨਾਨਕ ਰਾਇ ਤਨ ਮਨ ਮੰਤਰੁ ਇਹ ਮਥਿਯੋ ।
ਨਿਜ ਸੁਤ ਜੁਗ ਭਰਮਾਇ ਅੰਗਦ ਗੁਰ ਗਾਦੀ ਦਇਯੋਂ । ੩੬੨ ।

ਸਵੈਯਾ : ਏਕ ਸਮੈਂ ਗੁਰ ਨਾਨਕ ਜੂ ਚਢ ਕਾਂਨਨ ਕੋ[2] ਸੁਖ ਸੈਲ ਸਿਧਾਏ ।
ਸੰਗ ਲਇਯੋ ਲਖਮੀ ਚੰਦ ਕੋ ਸਿਰੀ ਚੰਦੁ ਜੂ ਅੰਗਦੁ ਸੰਗ ਲਵਾਏ ।
ਚੰਦੁ ਸਿਰੀ ਲਖਮੀ ਚੰਦ ਬਾਜ ਪੈ ਅੰਗਦ ਜੂ ਚਰਨੀ ਸੰਗ ਧਾਏ ।
ਕੁੰਡ ਲਖਿਯੋ ਇਕੁ ਕਾਨਨ ਮੋਂ ਜਿਹਿਂ
ਪੰਕ ਬਿਨਾ 'ਜਲ[3] ਹੈਂ' ਮਗ ਛਾਏ । ੩੬੩ ।

ਸਵੈਯਾ : ਤਾਂ ਰਸਤੇ ਗੁਰ ਨਾਨਕ ਜੂ ਨਿਜ ਬਾਜੁ ਚਲਾਇਯੋ ਸੁ ਹੋਇ ਅਗਾਰੇ ।
ਜਾਂ ਛਿਨ ਆਧਕ ਪੰਕ ਲਖੇ ਗੁਰ ਜਾਨ ਭਲੇ ਗਡਵਾ ਦਇਯੋ ਡਾਰੇ ।
ਚੰਦ ਸਿਰੀ ਲਖਮੀ ਚੰਦ ਕੋ ਗੁਰ ਏਹੁ ਸ੍ਰਿ ਮੁਖ ਵਾਕ ਉਚਾਰੇ ।
ਹੋ ਸੁਤ ਬੇਗ ਗਹੋ ਗਡਵਾ ਜੁਗ ਕੂਦ ਪਰੋ ਇਸ ਕੀਚ ਮਝਾਰੇ । ੩੬੪ ।

ਸੋਰਠਾ : ਐਸੇ ਕਹਿਯੋ ਸੁਣਾਇ ਲਖਮੀ ਦਾਸ ਸਿਰੀ ਸਸੀ ।
ਕੀਚੋਂ ਬਾਹਰ ਜਾਇ ਧਰ ਪੁਸਾਕ ਗਡਵਾ ਗਹੋਂ । ੩੬੫ ।

ਸੋਰਠਾ : ਸ੍ਰੀ ਗੁਰ ਨਾਨਕ ਰਾਇ ਬਹੁਰ ਸਿਰੀ ਮੁਖ ਇਉ ਕਹਿਯੋ ।
ਤੁਮ ਗਹਿ ਗਡਵਾ ਲਿਆਉ ਅੰਗਦ ਮਤੁ ਮਨ ਗਹੁਰ ਗਹੁ । ੩੬੬ ।

ਕਬਿਤ : ਨੈਕੁ ਨਾ ਬਿਚਾਰੀ ਸੰਕ ਭੀਜਤ ਪੁਸਾਕ
ਅੰਕ ਧਸਿਯੋ ਮੱਧ ਪੰਕ ਸ੍ਰਿ ਅੰਗਦ ਜੂ ਧਾਇ ਕੈ ।
ਕੀਚ ਕੈ ਮਝਾਰ ਸੋਧ ਨੀਕੀ ਪਰਕਾਰ ਕਰ
ਲੋਟਾ ਲੈ ਸੰਭਾਰ ਠਾਢੋ ਗੁਰੂ ਤੀਬ[4] ਆਇ ਕੈ ।
ਹੋਰ ਆਗੇ ਤਾਲੁ ਜਹਾਂ ਸੁੰਦਰੁ ਕਿਲਾਲ ਦ੍ਰੁਮ
ਦੀਰਘ ਬਿਸਾਲ ਤਹਾਂ ਬੈਠੇ[5] ਸੁਖੁ ਪਾਇ ਕੈ ।
ਅੰਗਦੁ ਉਤਾਰ ਪਟ ਬੈਠੋ ਤਾਲ ਨੀਰ ਤਟ ਝਟ ਦੈ ਪਖਾਰੇ ਧਾਰੇ ।

[1]ਹੋ [2]ਮੋ [3]ਜਲੇ [4]ਤੀਰ [5]ਬੈਠੋ

ਧੂਪ ਲਾਇ ਕੈ । ੩੬੭ ।

ਗਾਂਠਠ ਮਝਾਰ ਤਿਸ ਤਾਲ ਕੇ ਕਰਾਰ ਸਿਖ ਆ ਜੁਰੇ ਅਪਾਰੁ ।
ਗੁਰੂ ਨਾਨਕੁ ਨਿਹਾਰਿਆ ।
ਸੀਸ ਨਿਜ਼ ਨਾਇ ਸਭ ਭੇਟਨ ਚਢਾਇ ਗੁਰ ਆਇਸੁ ਸੁ
ਪਾਇ ਬੈਠੇ ਸਾਦਰ ਅਗਾਰਿਆ ।
ਸਿਰੀ ਸਸ ਜੋਗ ਦਾ ਲੱਖਮੀ ਸੰਜੋਗ
ਦਿਗ ਸੂਨੇਂ ਸਭ ਲੋਗ ਗੁਰੂ ਐਸੇ ਕੇ ਉਚਾਰਿਆ ।
ਕੀਕਰ ਪੈ ਬੇਰ ਚਢ ਦੇ ਹਲੂਨਾਂ ਲੇਹੁ ਕੇਰ
ਕੀਜੈ ਮਤੁ ਦੇਰ ਮਾਨੁ ਆਇਸ ਹਮਾਰਿਆ । ੩੬੮ ।

ਹਤੇ ਜੁਗ ਭ੍ਰਾਤ ਗੁਰ ਨਾਨਕ ਜੋ ਕਹੀ
ਬਾਤ ਬ੍ਰਿਧ ਭਇਯੋਂ ਤਾਤ ਲਗੇ ਐਸੇ ਕੇ ਅਲਾਵਣੇ ।
ਕੀਕਰ ਪੈ ਬੇਰ ਨਾਂਹਿ ਸੁਣ ਜੁਗ ਚਾਰ
ਮਾਹਿ ਕੈਸੇ ਚਢ ਜਾਂਹਿ ਹਮੈਂ ਲਾਗੋ ਭਰਮਾਂਵਣੇ ।
ਅੰਗਦਿ ਨਿਹਾਰ ਦਿਗ ਯੋਂ ਕਹਿਯੋ ਉਚਾਰ
ਗੁਰ ਚਢੋ ਬਲੁ ਧਾਰ ਬਰ ਪਾਵੈਂ ਮਨ ਭਾਂਵਣੇ ।
ਗੁਰ ਆਇਸ ਕੌਂ[1] ਮਾਂਨ ਸ੍ਰੀ ਅੰਗਦੁ ਸੁਜਾਂਨ
ਚਢ ਕੀਕਰ ਮਹਾਂਨ ਲਾਗੋ ਬੇਰ ਬਰਸਾਂਵਣੇ । ੩੬੯ ।

ਜੋ ਹਲੂਨੇਂ ਡਾਲ ਮਾਨੋਂ ਗੇਰੇ[2] ਲਾਲੁ ਲਾਲਿ
ਕਿਧੋਂ ਬਿੰਦ੍ਰਮ ਬਿਸਾਲ ਪਰੇ ਲਾਗਤ ਸੁਹਾਂਵਣੇ ।
ਸ੍ਰੀ ਮੁਖ ਤੇ ਕਹਿਯੋ ਏਹੁ ਬੇਰ[3] ਚੁਨ ਲੇਹੁ
ਤਬ ਸੇਵਕ ਸੁਨੇਂਹੁ ਧਾਰ ਲਾਗੇ ਚੁਨਲਿਯਾਂਵਣੇ ।
ਆਪ ਹੀ ਹਕਾਰ ਦੂ ਅੰਗਦੁ ਉਤਾਰ ਲਇਯੋ
ਕ੍ਰਿਪਾ ਕੇ ਨਿਹਾਰ ਮੁਖ ਲਾਗੇ ਬਿਗਸਾਂਵਣੇ ।
ਲੈ ਧਰੇ ਹਜੂਰ ਬੇਰ ਬਡੋ ਵੇਗ ਬਰੁ
ਪੂਰਨ ਨੂਰ ਕੋ ਪਹਾਰੁ ਗੁਰੁ ਲਾਗੋ ਬਰਤਾਂਵੇਣ[4] । ੩੭੦ ।

ਰਠਾ : ਬੱਦ੍ਰੀ ਫਲ ਤਿਹਿਂ ਕਾਲਜੁਗ ਕਰ ਉਜਲ ਦੇ ਸਭਨਾ ।
ਸ੍ਰੀ ਗੁਰ ਦੀਨ ਦਇਆਲ ਚਲੇ ਸ੍ਰੀ ਕਰਤਾਰਪੁਰ । ੩੭੧ ।

ਗਾ : ਬਨ[5] ਮੈਂ ਏਹੁ ਬਿਲਾਂਸੁ ਕਰ ਸ੍ਰੀ ਗੁਰ ਨਾਨਕ ਰਾਇ ।
ਬਹੁਰ ਪੁਰੇ ਕਰਤਾਰ ਜੂ ਬਸੇ ਧਾਮ ਨਿਸ਼[6] ਆਇ । ੩੭੨ ।

ਵੈਯਾ : ਬੀਤ ਗਈ ਜੁਗ ਜਾਮ ਨਿਸਾ ਜਬ ਤਾਂਹਿ ਸਮੈ ਗੁਰ ਏਹੁ ਅਲਾਇਯੋ ।
ਚੰਦ ਸਿਰੀ ਉਠ ਪੇਖ[7] ਅਬੈ ਘਰੀ ਚਾਰ ਕ ਰਾਤ ਕਿ ਹੈ ਦਿਨ ਆਇਯੋ ।

---

[1] ਕੋ [2] ਗਿਰੇ [3] ਬੇਗ [4] ਬਰਤਾਂਵਣੇ [5] ਮਨ [6] ਨਿਜ [7] ਬੇਗ

ਸੋਂਮ ਸਿਰੀ ਕਹਿਯੋ ਆਧਕ ਰਾਤ ਹੈ ਹੇ ਪਿਤ ਜੂ ਮਮ ਕਾਹਿ ਜਗਾਇਯੋ ।
ਫੇਰ ਕਹਿਯੋ ਉਨੁ ਅੰਗਦ ਵੇਖੁ ਤੂੰ ਹੈ ਕਿਤਨੀ ਨਿਸ ਸਾਚੁ ਸੁਨਾਇਯੋ । ੩੭

ਸਵੈਯਾ : ਅੰਗਦ ਜੂ ਕਹਿਯੋ ਹੈ ਤਿਤਿਨੀ ਜੁ ਹਜੂਰਿ ਸਿਰੀ ਮੁਖ ਤੇ ਫਰਮਾਇਯੋ ।
ਘਾਟ ਨ ਬਾਢ ਕਦਾਂਚ ਭਵੈ ਪ੍ਰਭ ਜੋ ਕਹਿਹੋ ਤੁਮ ਸਾਚੁ ਸਬਾਇਯੋ ।
ਹੈ ਘਰੀ ਚਾਰ ਨਿਸਾ ਕਰੁਨਾ ਨਿਧ ਕੌਨੁ ਸਕੈ ਤਵ ਵਾਕੁ ਹਟਾਇਯੋ ।
ਮਾਨ ਸਕਿਉ ਨ ਗਹੇਂ ਮਨ ਮੈਂ ਸਚੁ ਬੇਦ ਪੁਰਾਨਿ ਜਿਸੈ ਜਸੁ ਗਾਇਯੋ । ੩੭

ਸਵੈਯਾ : ਜਾਂਹਿ ਸਮੈਂ ਗੁਰ ਨਾਮਕ ਜੂ ਕਹਿਯੋ ਚਾਰ ਘਰੀ ਰਜ ਨੀਰ ਹੀ ਆਏ ।
ਅੰਗਦ ਕੈ ਜਸ ਹੇਤ ਗੁਰੂ ਤਬ ਪ੍ਰੇਰ ਹੀਂਯਾ ਰਵ ਬੇਗ ਬੁਲਾਏ ।
ਅੰਗਦ ਸਾਖ ਭਰੀ ਹਮਰੀ ਰਵ ਜੋਰ ਸਤਾ ਨੂੰ ਹਾਕੁ ਸਵਾਏ ।
ਸੂਰਜ ਓਟ ਸੁਮੇਰ ਤਜੀ ਘਰੀ ਚਾਰ ਗਈ ਨਿਜ ਰੂਪ ਦਿਖਾਏ । ੩੭੫ ।

ਚੌਪਈ : ਸੂਰਜ ਰੂਪੁ ਦਿਖਾਇਯੋ ਜਬ ਹੀ । ਪਸ ਪੰਖੀ ਨਰ ਜਾਗੇ ਤਬ ਹੀ ।
ਸ੍ਰੀ ਗੁਰੂ ਨਾਨਕ ਹੋਇ ਸਵਾਰ । ਚਲੇ ਵਿਲੋਕਣਿ ਬਾਗ ਬਹਾਰ । ੩੭੬ ।
ਧਾਂਨਨ ਕੀ ਕਿਆਰੀ ਢਿਗ ਆਇਯੋ । ਅਦਭੁਤ ਦੂਬ ਤਾਂਹਿ ਦ੍ਰਿਸਟਾਇਯੋ ।
ਘਾਸੁ ਕਾਟ ਬਹੁ ਪੋਟ ਬੰਧਾਇ । ਅੰਗਦ ਕੈ ਸਿਰ ਦਈ ਚੁਕਾਇ । ੩੭੭ ।
ਕਾਂਮ ਧੇਂਨ ਹਿਤ ਗ੍ਰਿਹਿ ਲੈ ਗਏ । ਸਗਰ ਨੀਰ ਚੀਰ ਭਿਗ ਗਏ ।
ਮਾਤਾ ਚੋਣੀ ਹੇਰਿਯੋ ਜਬ ਹੀ । ਗੁਰ ਨਾਨਕ ਪ੍ਰਤਿ ਭਾਖਿਓ ਤਬ ਹੀ । ੩੭
ਨਿਰਮਲ ਬੰਸੁ ਭਲੀ ਕੁਲ ਬੇਟਾ । ਬਡੋ ਗੌਰ[1] ਮਤੁ ਏ ਖਤਰੇਟਾ ।
ਇਤੋ ਬੋਝੁ ਯਾਂ ਕਿਉ ਸਿਰ ਦੀਨੋਂ । ਇਸ ਕਾ ਚੀਰੁ ਕੀਚ ਜਲ ਭੀਨੋਂ । ੩
ਇਹ ਨਹੀਂ ਪੰਕ[2] ਸਿਰੀ ਗੁਰ ਕਹਿਯੋ । ਕੁੰਕਮ ਚੰਦਨੁ ਜਾਵਤ ਬਹਿਯੋ ।
ਜਬ ਸ੍ਰੀ ਗੁਰ ਏਹ ਵਾਕੁ ਉਚਾਰਾ । ਛੁਟੀ ਸੁਗੰਧ ਅਨੂਪ ਅਪਾਰਾ । ੩੮੦ ।
ਦੁਵੈ ਤ੍ਰੈ ਦਿਨ ਬੀਤੇ ਪੁਨ ਜਬ ਹੀ । ਮ੍ਰਿਤਕ ਮੂਕੁ ਇਕੁ ਹੇਰਿਯੋ ਤਬ ਹੀ ।
ਕਿਧੋਂ ਮਜਾਰੀ ਮੂਕੁ ਬਿਦਾਰਿਯੋ । ਸ੍ਰੀ ਗੁਰ ਤਖਤ ਨਿਜੀਕ ਨਿਹਾਰਿਯੋ । ੩੮੧
ਸਿਰੀ ਚੰਦ ਕੋ (ਪੁਨ) ਕਹਿਯੋ ਬੁਲਾਇ । ਪਗ ਸਿਂਉ ਮੂਸਾ ਦੇਹੁ ਬਗਾਇ ।
ਸਿਰੀ ਸੋਂਮ ਗੁਰ ਵਾਕੁ ਨ ਮਾਨਿਆਂ ।
ਪੁਨ ਗੁਰ ਅੰਗਦ ਪ੍ਰਤੀ ਬਖਾਂਨਿਆਂ । ੩੮੨ ।
ਅੰਗਦ ਮੂਸਾ ਤੁਮੇਂ ਉਠਾਵੋਂ । ਨਿਜ ਪਦ ਸੰਗ ਗਹਿ ਦੂਰ ਬਗਾਵੋਂ ।
ਤਬ ਅੰਗਦੁ ਮੂਸੇ ਢਿਗ ਆਇਯੋ । ਪਗ ਅੰਗੁਰੀ ਗਹਿ ਦੂਰ ਬਗਾਇਯੋ । ੩੮
ਲੈ ਲੋਟਾ ਭਰ ਉਜਲ ਬਾਰ । ਨਿਜ ਪਦ ਦੋਨੋ ਲਏ ਪਖਾਰ ।
ਕਛੁਕ ਦਿਵਸ ਗੁਰਧਾਂਮ ਬੀਤਾਏ । ਬਹੁਰ ਗੁਰੂ ਬਨ ਓਰ ਸਿਧਾਏ । ੩੮੪ ।
ਲੋਕ ਚਲੇ ਸੰਗ ਅਪ੍ਰ ਅਪਾਰ । ਸ੍ਰੀ ਗੁਰ ਬਹੁ ਬਿਧ ਰਹੇ ਨਿਵਾਰ ।
ਹਨੇ ਦੰਡ ਸੋਂ ਨਿਜ ਮੁਖ ਡਾਟੇਂ । ਤੱਦਪ ਸੰਗੁ ਛੋਡ ਨਹਿ ਹਾਟੈ । ੩੮੫ ।

---

[1]ਗਰੂਰ [2]ਪੰਕਜ

ਤਬ ਸ੍ਰੀ ਗੁਰ ਕਛੁ ਕਲਾ ਦਿਖਾਈ । ਪੈਸਨ ਕੀ ਬਰਖਾ ਬਰਖਾਈ ।
ਕਤੁਕ ਲੋਕ ਪੈਸੇ ਲੈ ਭਾਗੇ । ਬਹੁਰ ਸ੍ਰੀ ਗੁਰ ਗਏ ਸੁ ਆਗੇ । ੩੮੬ ।
ਤਹਾਂ ਰੁਪਈਏ ਦਏ ਬਸਾਇ । ਬਹੁਤ ਲੋਕ ਲੈ ਚਲੇ ਸਿਧਾਇ ।
ਦੂਰ ਜਾਇ ਗੁਰ ਹੇਮੁ ਬਰਸਾਇਯੋ ।
ਲੈ ਮੁਹਿਰਾਂ ਜਨ ਸਭ ਮੁੜਿ ਆਇਯੋ । ੩੮੭ ।
ਰਹਿਯੋ ਏਕ ਲੋ ਅੰਗਦੁ ਤੀਰ । ਅਤ ਨਿਹਿਚਲ ਮਤ ਗੁਣੀ ਗਹੀਰ ।
ਬਹੁ ਬਿਧ ਤਾੜ ਰਹਿਯੋ ਗੁਰੁ ਤਾਂਕੋ । ਅੰਗਦੁ ਤਜਿਯਾ ਨਸੰਗੁ ਗੁਰਾਂ ਕੋ । ੩੮੮ ।
ਤਬ ਸ੍ਰੀ ਗੁਰ ਇਹੁ ਖੇਲੁ ਦਿਖਾਇਯੋ । ਤ੍ਰੈਈਂ[1] ਲੋਕ ਕਾ ਤੇਜ ਮੰਗਾਇਯੋ ।
ਅਪੁਨੀ ਸਕਤ ਤਾਸ ਮਧ ਧਾਰੀ । ਮਾਨਸ ਕੀ ਪ੍ਰਿਤਮਾ ਇਕੁ[2] ਸ੍ਵਾਰੀ । ੩੮੯ ।
ਅੰਗਦ ਕੀ ਗੁਰ ਦ੍ਰਿਸਟ ਬਚਾਇ । ਲਪੁ ਕੀਓ ਤਾਂ ਪੈ ਪਟੁ ਪਾਇ ।
ਬਹੁਰੋ ਅੰਗਦੁ ਤੀਰ ਬੁਲਾਇਆ । ਖਾਹੁ ਮੁੜਦਾ ਏਹ ਵਾਕੁ ਅਲਾਇਯਾ । ੩੯੦ ।
ਤਬ ਅੰਗਦ ਨਿਜ ਬਿਬ ਕਰ ਜੋਰ । ਕਹਿਯੋ ਕ੍ਰਿਪਾਨਿਧ ਹੇ ਪ੍ਰਭ ਮੋਰ ।
ਆਇਸੁ ਦੇਹ ਗੁਰ ਨਾਨਕ ਰਾਇ । ਸਵ ਸਿਰੁ ਖਾਉ ਕਿ ਪ੍ਰਿਥਮੰ ਪਾਇੰ । ੩੯੧ ।

ਾ : ਤਾਂ ਛਿਨ ਸ੍ਰੀ ਨਾਨਕ ਗੁਰੂ ਐਸੇ ਕੀਨ ਉਚਾਰੁ ।
ਜੋ ਅੰਗ[3] ਤੱਵ ਮਨ ਮੋਂ ਰੁਚੈ ਪ੍ਰਿਥਮ ਸੁ ਕਰੋ ਅਹਾਰੁ । ੩੯੨ ।

ਆਇਸੁ ਪਾਇ ਸਿਰੀ ਗੁਰ ਕੋ ਗਹਿ ਅੰਗਦ ਜੂ ਸਵ ਚੀਰੁ ਉਤਾਰਿਯੋ ।
ਸੀਸ ਕੀ ਓਰ ਨਿਜੰ ਮੁਖ ਮੈਂ ਗਹਿ ਦਾਂਤਨ ਸੋਂ ਕਟ ਕੋਰੁ ਸੁ ਡਾਰਿਯੋ ।
ਮਾਨੋਂ ਤ੍ਰਿਹਾਵਲ ਕੋ ਕੁਣਕਾ ਹਲਵਾਯਨ ਸੀਘਰ ਆਜੁ ਸਵਾਰਿਯੋ ।
ਸਾਵਗੀ ਸ੍ਰੀਫਲ ਸੌਫ ਇਲਾਰਸੁ ਅੰਮ੍ਰਿਤ ਘੂਟਨ ਜਾਇ ਸਭਾਰਿਯੋ । ੩੯੩ ।

ਯਾ : ਅੰਗਦ ਸੋ ਕੁਣਕਾ ਛਕ ਕੈ ਸਭ ਅੰਗ ਭਏ ਸਰਸੇ ਸੁਖ ਪਾਇਯੋ ।
ਭੂਤ ਭਵਿੱਖ ਭਵਾਂਨ ਦਸੋ ਦਿਸ ਚੌਦਸ ਭੌਨ ਭਲੇ ਦਰਸਾਇਯੋ ।
ਤੀਛਨ ਤੇਜ ਪ੍ਰਕਾਸ ਭਇਯੋ ਤਨ ਸੂਰੁ ਸਸੀ ਦੁਤ ਹੇਰ ਲਜਾਇਯੋ ।
ਵੀਰ ਮ੍ਰਿਗੇਸ ਸਿਰੀ ਗੁਰ ਨਾਨਕ ਅੰਗਦ ਜੂ ਸਮ ਆਪ ਬਨਾਇਯੋ । ੩੯੪ ।

ਯਾ : ਅੰਗਦੁ ਰੰਗ ਭਇਯੋ ਗੁਰ ਨਾਨਕ ਸੇਵ ਪਦੰ ਰਜ ਪਾਇ ਕਨੂ ਕੈ ।
ਸੈ ਸਸ ਸੂਰ ਹਜਾਰ ਸਮੰਤਨ ਤੇਜੁ ਲਸੈ[4] ਸਿਰੀ ਅੰਗਦ ਜੂ ਕੈ ।
ਆਠ ਦਸਾ ਸਿਧ ਸੰਗ ਜਿਸੈ ਰਿਧ ਦੈ ਵਰਤਾਇ ਸੁਨੈ ਕੁਨ ਮੂਕੈ ।
ਅੰਮ੍ਰਿਤ ਦ੍ਰਿਸਟ ਅਗਾਧ ਭਈ ਨਿਧ ਸਾਤ ਸਮੁੰਜ ਕਦਾਂਚ ਨ ਸੂਕੈ । ੩੯੫ ।

ਵੈਯਾ : ਅੰਗਦੁ ਤੋਂ ਸੰਗ ਲੈ ਗੁਰ ਨਾਨਕ ਬੇਗ਼ ਪੁਰੇ ਕਰਤਾਰ ਸਿਧਾਰੇ ।
ਆਇ ਬਸੇ ਨਿਜ ਧਾਮ ਸਿਰੀ ਗੁਰ ਬੈਠ ਸਿੰਘਾਸਨ ਵਾਕ ਉਚਾਰੇ ।
ਅੰਗਦ ਆਉ ਹਜੂਰ ਹਮੈਂ ਵਹੁ ਆਇ ਖਲੋ ਕਰ ਜੋਤ ਅਗਾਰੇ ।
ਚੋਲਾ ਕੁਲਾ ਨਿਜ ਸੇਲੀ ਸਿਰੀ ਗੁਰ ਅੰਗਦ ਕੈ ਅੰਗ ਆਪ ਸਗਾਰੇ । ੩੯੬ ।

ੀਨ [2]ਗੁਰ [3]ਅੰਗਦ [4]ਲਖੈ

ਸਵੈਯਾ : ਬੋਲ ਬੁਢਾ ਰਮਦਾਸੁ ਸਿਰੀ ਗੁਰ ਅੰਗਦ ਦੈ ਗੁਰਆਈ ਕੋ ਟੀਕਾ।
ਆਪ ਪ੍ਰਣਾਮ ਕਰੀ ਪ੍ਰਿਥਮੈਂ ਗੁਰ ਨਾਨਕ ਬੋਲ ਕੈ ਬੋਲੁ ਸੁ ਨੀਕਾ।
ਪਾਂਇ ਲਵਾਇ ਬੁਢਾ ਰਮਦਾਸੁ ਦਇਯੋ ਕਰ ਸਾਥ ਅਮਾਤੁ ਧਨੀ ਕਾ।
ਅੰਗਦ ਜਾਹਿ ਖਡੂਰ ਅਬੈ ਕਹਿਯਾ ਮਾਂਨੁ ਸਿਰੀ ਗੁਰ ਨਾਨਕ ਜੀ ਕਾ। ੩

ਸਵੈਯਾ : ਰਾਜੁ ਸਮਾਜੁ ਗੁਰਾਈ ਦਈ ਗੁਰੁ ਅੰਗਦੁ ਥਾਪ ਖਡੂਰ ਪਠਾਇਯਾ।
ਬੋਲ ਇਤੈ ਪਰਵਾਰੁ ਨਿਜੰ ਲਖਮੀ ਚੰਦ ਜੂ ਸਿਰੀ ਚੰਦੁ ਬੁਲਾਇਯਾ।
ਮੋ ਮਿਲ ਲੇਹੁ ਸਭੈ ਘਰ ਕੇ ਸਿਰੀ ਨਾਨਕ ਜੀ ਤਬ ਏਹੁ ਅਲਾਇਯਾ।
ਆਇ ਮਿਲਿਯੋ ਪਰਵਾਰੁ ਸਭੋ ਪਰੁ ਤਾਂਹਿ ਸਮੈ ਜੁਗ ਪੂਤ ਨਾ ਆਇਯਾ। ੩

ਦੋਹਰਾ : ਸ੍ਰੀ ਗੁਰ ਨਾਨਕ ਬੇਗ ਤਬ ਪਠਿਯੋ ਦਾਸੁ ਇਕੁ ਔਰ।
ਲਖਮੀ ਦਾਸ ਸਿਰੀ ਸੋਂਮ ਕੋ ਸੀਘਰ ਲ਼ਿਆਵੋ ਦੌਰ। ੩੯੯।

ਚੌਪਈ : ਦੂਤੁ ਪਠਾਇਆ ਪੂਤ ਬੁਲਾਂਵਣ। ਸ੍ਰੀ ਗੁਰ ਲਗੇ ਸਾਂਗੁ ਵਰਤਾਂਵਣ।
ਲਇਯੋ ਚਾਦਰਾ ਮੁਖ ਪਰ ਜਬ ਹੀ।
ਸਿਰੀ ਚੰਦੁ ਆਇ ਪਹੁਚਿਯੋ ਤਬ ਹੀ। ੪੦੦।

ਤੀਰ ਆਇ ਸੁਤ ਕਹਿਯੋ ਪੁਕਾਰ। ਜੋ ਤੂੰ[1] ਸ੍ਰੀ ਨਾਨਕੁ ਨ੍ਰਿੰਕਾਰ।
ਸਵਾਧਾਂਨੁ ਹੁਵੈ ਬੈਠੋ ਤਾਤਾ। ਘਰੀ ਚਾਰ ਕਰੁ ਮੋ ਸੋਂ ਬਾਤਾਂ। ੪੦੧।

ਸ੍ਰੀ ਚੰਦ ਏਹੁ ਕਹੇ ਜੌ ਬੈਨ। ਉਠ ਬੈਠੋ ਗੁਰੁ ਕਰੁਣਾ ਐਨ।
ਤਾਂਹਿ ਸਮੇਂ ਢਿਗ ਬੈਠੀ ਆਇ। ਮਾਤਾ ਚੋਣੀ ਕਹਿਆ ਸੁਣਾਇ। ੪੦੨।

ਅੰਗਦ ਕੋ ਦੀਨੀ ਗੁਰਆਈ। ਤਵ ਪੂਤਨ ਕੋ ਕੌਣੁ ਸਹਾਈ।
ਸ੍ਰੀ ਗੁਰ ਨਾਨਕ ਕਹਿਆ[2] ਉਚਾਰ।
ਇਨ ਕੋ ਧਨੁ ਦਇਆ ਅਪਰ ਅਪਾਰ। ੪੦੩।

ਕਰਾਮਾਤ ਇਨ ਦਾਸਨ ਮਾਂਹਿ। ਸਭੁ ਜੁਗ ਸੇਵੈ ਇਨ ਕੈ ਪਾਂਇ।
ਇਨ ਕੈ ਵਰ ਸਿਖ ਪਾਂਵਹਿ[3] ਜੀਤ। ਜੁਰਰੇ ਬਾਜਿ ਉਡਾਂਵਹਿ ਨੀਤ। ੪੦੪।
ਐਸੇ ਕਹਿ ਗੁਰ ਨਾਨਕ ਰਾਇ। ਸਿਰੀ ਚੰਦ ਪ੍ਰਿਤ ਕਹਿਯੋ ਸੁਨਾਇ।
ਜੇ ਤੁਮ ਕਹਿਤੇ ਰਹੁ ਜੁਗ ਚਾਰੇ। ਤਬ ਹਮ ਰਹਿਤੋ ਤੀਰ ਤਿਹਾਰੇ। ੪੦੫।
ਪੂਰੀ ਭਈ ਘਰੀ ਅਬ ਚਾਰ। ਜਾਂਹਿ ਹਮੈਂ ਢਿਗ ਸ੍ਰੀ ਨ੍ਰਿੰਕਾਰ।
ਇਉਂ ਕਹਿ ਪੌਢ ਰਹਿਯੋ ਗੁਰੁ ਆਪੁ। ਸਤਿ ਸਰੂਪ ਕੋ ਕਰਿ ਮੁਖ ਜਾਪ। ੪੦੬
ਮਿਲੀ ਜੋਤ ਸੰਗ ਜੋਤ ਸੁ ਜਬ ਹੀ। ਹਿੰਦੂ ਤੁਰਕ ਆਏ ਜੁਰ ਤ਼ਬ ਹੀ।
ਹਿੰਦੂ ਕਹੇਂ ਗੁਰੂ ਨਿੰਕਾਰਾ। ਤੁਰਕ ਕਹੇਂ ਪ੍ਰਭੁ ਪੀਰੁ ਹਮਾਰਾ। ੪੦੭।
ਝਗਰ ਕਰਤ ਨਾ ਦੋਊ ਹਾਰੈਂ। ਦਾਬਨ ਜਾਰਨ ਸਬਦ ਉਚਾਰੈ।
ਦੂਹੂੰ ਦਵਰ ਜਬ ਹਾਥੁ ਲਗਾਇਯੋ। ਕੇਵਲ ਪਰੋ ਚੀਰੁ ਹੀ ਪਾਇਯੋ। ੪੦੮।
ਉਤ ਸ੍ਰੀ ਗੁਰੂ ਨਾਨਕੁ ਅਵਤਾਰਾ। ਸਣੇ ਦੇਹ ਸਚਖੰਡ ਸਿਧਾਰਾ।

---

[1] ਤੁਮ [2] ਕੀਨ [3] ਪਾਰਿ

ਇਤ ਗੁਰ ਸੁਤ ਜੁਗ ਲੈ ਵਹੁ ਚੀਰ । ਰਚਿਯੋ ਦੇਹੁਰਾ ਰਾਵੀ ਤੀਰ । ੪੦੯ ।

ਸੱਤ੍ਰ ਬਰਸ ਅਰ ਸਾਤ ਦਿਨ ਪਾਂਚ ਮਾਸ ਪੁਨ ਔਰੁ ।
ਰਾਜੁ ਕੀਯਾ ਨਾਨਕ[1] ਗੁਰੂ ਢੁਲੈ ਛੱਤ੍ਰ ਸਿਰ ਚੌਰ[2] । ੪੧੦ ।

ਪੰਦ੍ਰਾਂ ਸੈ ਅਰ ਛਿਆਂਨਵੈ ਦਸਮੀ ਵਦੀ ਮਾਸਕੁ ਆਰ ।
ਤਿਸ ਸੰਬੰਤ ਨਾਨਕ ਗੁਰੂ ਜੋਤ ਮਿਲੀ ਕਰਤਾਰੁ । ੪੧੧ ।

ਪੜੈ ਸੁਨੈ ਚਿਤੁ ਲਾਇ ਪੁਨ ਕੋ ਲਿਖੇ ਜੁ ਪ੍ਰੇਮ ਕਰ ।
ਸੋ ਅਬ ਕਹੋ ਸੁਨਾਇ ਸੁਨੌ ਸੰਤ ਨਿਜ ਕਾਂਨ ਦੈ । ੪੧੨ ।

ਕੀਰਤ ਸ੍ਰੀ ਗੁਰੂ ਨਾਨਕ ਕੀ ਨਰੁ ਜੋ ਪਢਹੈ ਸੁਣਹੈ ਚਿਤੁ ਧਾਰੇ ।
ਦੇਹ ਅਰੋਗ ਰਹੇ ਸਦ ਹੀ ਦੁਖ ਦੋਖ ਸਭੈ ਗੁਰੂ ਦੂਰਿ ਨਿਵਾਰੇ ।
ਸਾਧ ਸਮਾਗਮੁ ਹੋਇ ਤਿਸੈ ਫਲ ਫੂਲ ਫਲੈ ਸੁਖੁ ਹੋ ਪਰਵਾਰੇ ।
ਨੀਤ ਜਪੈ ਗੁਰ ਕੋ ਜਸੁ ਜੋ ਨਰੁ ਸੋ ਭਵ ਫੰਧਨ ਤੋਰ ਬਿਡਾਰੇ । ੪੧੩ ।

ਸਪੂੰਨ ਕਥਾ ਗੁਰ ਨਾਨਕ ਕੀ ਕਵ ਵੀਰ ਮ੍ਰਿਗੇਸ ਜਥਾ ਸਤ[3] ਭਾਖੀ ।
ਜੋ ਨਰੁ ਨਾਸਿ ਕੈ ਪ੍ਰਾਤ ਪੜੈ ਨਿਤ ਸਾਲ ਪ੍ਰਯੰਤ ਜਿਮੰ ਮਮ ਆਖੀ ।
ਦੇਂਹਿ ਸਿਰੀ ਗੁਰ ਨਾਨਕ ਸੋ ਫਲ ਜੋਤਿ ਸਕੈ ਮਨ ਹੋ ਅਭਲਾਖੀ ।
ਸੰਤ ਸੁਨੋਂ ਮਨ ਲਾਇ ਅਗੈ ਗੁਰ ਅੰਗਦ ਰਾਜ ਕੀ ਸੁੰਦਰੁ ਸਾਖੀ । ੪੧੪[4] ।

ਇਤਿ ਸ੍ਰੀ (ਸ੍ਰੀ) ਮਤ ਸ੍ਰੀ ਗੁਰ ਕੀਰਤ ਪ੍ਰਕਾਸ ਗ੍ਰੰਥੇ ਕਵ[5]
ਵੀਰ ਸਿੰਘ ਬ੍ਰਿਚਿਤੇ ਸ੍ਰੀ ਗੁਰ ਨਾਨਕ ਨ੍ਰਿੰਕਾਰ ਅਵਤਾਰ
ਕਥਾਸਪੂਰਨੰ ਮਸਤ[6] ਸੁਭ ਮਸਤ ਪ੍ਰਿਥਮੋ ਹੁਲਾਸ । ੧ ।

---

[1]ਨਾਨ [2]ਿ ਸਰਮੌਰੁ [3]ਮਤ [4]415 [5]ਕਵਿ [6]ਮਸਤੁ

੧ੴ ਸਤਿਗੁਰ ਪ੍ਰਸਾਦਿ

ਦੋਹਰਾ : ਪ੍ਰਣਵਤ ਕਵ ਸ੍ਰੀ ਬਿਸਨ ਕੋ ਜੋ ਤ੍ਰਿਲੋਕ ਕੋ ਰਾਇ ।
ਸੋਈ ਬਿਸਨੁ ਅੰਗਦੁ ਗੁਰੂ ਸਤ ਗੁਣ ਜਾਂਹਿ ਸੁਭਾਇ । ੧ ।

ਸਵੈਯਾ : ਸਾਂਤ ਸੁਭਾਵੁ ਸਦਾ ਜਿਨ ਕੋ ਨਹਿੰ ਤਾਂਮਸ ਤੀਰ ਚਦਾਂਚ ਸੁ[1] ਆਈ ।
ਆਇ ਮਿਲਿਯੋ ਗੁਰ ਨਾਨਕ ਕੋ ਜਬ ਮਾਂਨੁ ਨਿਵਾਰ ਸੁ ਸੇਵ ਕਮਾਈ ।
ਸੀਸੁ ਦਇਯੋ ਤਨ ਲੌ ਮਨ ਲੌ ਤਬ ਰੀਝ ਸਿਰੀ ਗੁਰ ਨਾਨਕ ਰਾਈ ।
ਅੰਗ ਲਗਾਇ ਕਹਿਯੋ ਗੁਰੁ ਅੰਗਦੁ ਥਾਪ ਦਈ ਅਪੁਨੀ ਗੁਰਆਈ । ੨ ।

ਸਵੈਯਾ : ਸੰਗ ਦਇਯੋ ਰਮਦਾਸੁ ਬੁਢਾ ਕਹਿ ਅੰਗਦ ਆਪ ਖਡੂਰ ਸਿਧਾਰੋ ।
ਆਇਸੁ ਪਾਇ ਖਡੂਰ ਵਸਿਯੋ ਗੁਰੁ ਧਾਂਮ ਰਹੇ ਬਨ ਕੈ ਸਮਨਿਯਾਰੋ ।
ਰਾਜੁ ਕਰੇ ਮਿਥਲਾ ਪਤ ਕੇ ਸਮ ਚੰਦ ਹਰੀ ਸਮ ਭੋਲ ਉਦਾਰੋ ।
ਗਿਯਾਨ ਕੇ ਬਾਂਨ ਸੋਂ ਦੁਵੈਤ[2] ਹਨੀ ਜਿਹਿ ਜੀਤ ਲਇਯੋ ਛਿਨ ਮੈਂ ਜਗੁ ਸਾਰੋ । ੩ ।

ਦੋਹਰਾ : ਗੁਰ ਅੰਗਦ ਘਰ ਪੂਤ ਜੁਗ ਦਾਸੂ ਦਾਤੂ ਨਾਂਮ ।
ਸੁਖ ਨਿਧ ਰਾਜ ਸਮਾਜ ਮੈਂ ਰਹੇਂ ਸੁ ਆਠੋ ਜਾਂਮ । ੪ ।

ਸੋਰਠਾ : ਬੀਬੀ ਅਮਰੋ ਨਾਂਮੁ ਸਿਰੀ ਗੁਰੂ ਅੰਗਦ ਜੀ ਸੁਤਾ ।
ਸਵੈਯਾ : ਸੰਗਤ ਤੀਰ ਬੁਲਾਇ ਸਿਰੀ ਗੁਰ ਏਹੁ ਸਿਰੀ ਮੁਖ ਵਾਕ ਉਚਾਰੇ ।
ਏ ਹਮਰੋ ਸਿਖੁ ਬੀਰ ਬਡੋ ਨ੍ਰਿਪ ਭੂਬਰੀ ਤੇ ਮਤੁ ਯਾਂਹਿ ਉਧਾਰੇ ।
ਤੀਨ ਲਈ ਇਨ ਲਾਂਵ ਜਬੇ ਲਖਮੋ ਪਤੀਆ ਮਮ ਓਰ ਪਧਾਰੇ ।
ਹੈ ਕੰਗਨਾ ਅਬ ਲੌ ਕਰ ਮੋ ਰੰਗ ਕੇਸਰ ਅੰਬਰ ਅੰਗ ਸਵਾਰੇ । ੮੯ ।

ਸਵੈਯਾ : ਸੰਗਤ ਹੇਰ ਸਰੂਪੁ ਤਬੈ ਸਿੱਖ ਕੋ ਇਹਿ ਬਾਰੰਬਾਰ ਉਚਾਰਿਓ ।
ਧੰਨ ਤੁਮੈ ਪਿਤ ਮਾਤ ਸੁ ਬੰਸੁ ਜਹਾਂ ਭਵ ਭੀਤਰ ਤੈਂ ਭਵੁ ਧਾਰਿਯੋ ।
ਏ ਸੁਨ ਹ੍ਰਦਮ ਰਾਮੁ ਹੀਏ ਨਿਜ ਫੂਲ ਗਇਯੋ ਮਨ ਮਾਨੁ ਸੰਭਾਰਿਯੋ ।
ਬੋਲ ਗੁਮਾਂਨ ਸੋ ਏਹੁ ਕਹੀ ਗੁਰ ਹੇਤ ਹਮੈਂ ਕੁਲ ਲਾਂਜ ਨਿਵਾਰਿਯੋ । ੯੦

ਸਵੈਯਾ : ਪਾਤੀ ਨਿਹਾਰ ਜੁਹਾਰ ਹਮੈਂ ਗੁਰਸਿੱਖੀ ਨ ਪੈਂਨ ਦਈ ਭੰਡਨਾਂ[2] ।
ਪੈਰੁ ਨ ਦੂਸਰੀ ਓਰ ਧਰਿਆ ਲੈ ਤੀਨ ਹੀ ਲਾਂਵ ਤਜੀ ਅੰਡਨਾਂ ।
ਤੀਰੁ ਕਟਾਰੁ ਸੁ ਚੀਰ ਦਇਯਾ ਕਰ ਨਾਰ ਭਤਾਰ ਰਹਿਆ ਕੰਡਨਾਂ ।
ਛੋਡ ਕੁਟੰਬ ਚਲਿਆ ਗੁਰ ਪੈ ਕੁਲ ਲਾਗਤ ਲਾਜ ਕਰੀ ਸੰਡਨਾਂ । ੯੧ ।

ਦੋਹਰਾ : ਏ ਸੁਨ ਕੇ ਤਬ ਗੁਰ ਕਹਿਯਾ ਸੁਨੁ ਸਿੱਖ ਹਰਦਮ ਰਾਂਮ ।
ਤੋ ਹਿਤ ਨਿਸ ਚੁਪਦਾਰ ਮੈਂ ਭਇਆ ਸੁ ਚਾਰੋ ਜਾਂਮ । ੯੨ ।

ਦੋਹਰਾ : ਤੈਂ ਗੁਰ ਹਿਤ ਐਸੀ ਕਰੀ ਗੁਰ ਕਹੁ ਕੈਸੀ ਕੀਨ ।
ਬੂਡਤ ਬਿਖੈ ਸਮੁੰਦ੍ਰ ਤੇ ਰਾਖਿਯਾ ਤੇਰਾ ਦੀਨੁ । ੯੩ ।

ਚੌਪਈ : ਜਬ ਸ੍ਰੀ ਗੁਰਮੁਖ ਏਹੁ ਅਲਾਇਆ । ਹ੍ਰਦਮ ਰਾਮੁ ਤਬ ਮਨ ਪਛੁਤਾਇਆ ।
ਲਗਾ ਧਿਕਾਰਨ ਫਿਰ ਨਿਜ ਮਨ ਸੋ ।
ਕਿਉਂ ਹਿਤੁ ਕੀਆ ਹਿਤੂ ਦੁਰਜਨ[3] ਸੋ । ੯੪ ।
ਮੈਂ ਨਿਸ ਕਰੀ ਅਵੱਗਿਆ ਭਾਰੀ । ਸ੍ਰੀ ਗੁਰ ਰਾਖੀ ਲਾਜ ਹਮਾਰੀ ।
ਸਤਗੁਰ ਸਤੁ ਮੇਰਾ ਦ੍ਰਿੜ੍ਹ ਰਾਖਿਆ । ਪੰਚਾਲੀ ਜਿੰਉ ਪਰਦਾ ਢਾਕਿਆ । ੯੫
ਸੋਨ ਫਤੇ ਮੇਰੇ ਮਨ ਪਚੀ । ਔਗੁਨ ਗੋਪ ਸੁਨਾਈ ਸਚੀ ।
ਗਰਬ ਨ ਬਾਤ ਕਰਤ ਸੁਰ ਗਿਆਨ । ਜੋ ਡੂਬਾ ਸੋ ਮਨ ਅਭਮਾਨ । ੯੬ ।
ਪ੍ਰਿਥਮੈ ਮੈ ਨਿਜ ਕਰੀ ਬਡਾਈ । ਤਬ ਸ੍ਰੀ ਗੁਰ ਇਹ ਬਾਤ ਅਲਾਈ ।

---
[1]ਮੋ [2]ਭਗਨ [3]ਤੁਰਜਨ

ਮੈ ਤੇਰਾ ਨਿਸ ਹੁਵੈ ਚੁਪਦਾਰੁ । ਚਾਰ ਜਾਂਮ ਰਹਿਆ ਗਨਕਾ ਬਾਰੁ । ੯੭ ।
ਐਸੇ ਕਹਿ ਨਿਜ ਮਨ ਧਿਤਕਾਰੇ । ਦ੍ਰਿਗ ਨੀਵੇਂ ਢਿਗ ਖਰਾ ਅਗਾਰੇ ।
ਅੰਤਰਜਾਂਮੀ ਗੁਰ ਭਗਵਾਂਨ । ਹ੍ਰਦਮ ਰਾਂਮ ਕਾ ਰਾਖਿਯਾ ਮਾਂਨ । ੯੮ ।
ਭੁਜ ਭਰ ਸ੍ਰੀ ਗੁਰ ਕੰਠ ਲਗਾਇਆ । ਸਾਧ ਸਾਧ ਸ੍ਰੀ ਮੁਖ ਫੁਰਮਾਇਆ ।
ਉਸਤਤ ਕਰੀ ਦਾਸ ਕੀ ਆਪ । ਜਿਂਉ ਹਰਿ ਕਰੈ ਭਗਤ ਕੋ ਜਾਪ । ੯੯ ।
ਭਗਤ ਭਜੈਂ ਹਰਿ ਕੋ ਇਕ ਬਾਰੀ । ਬਾਰ ਬਾਰ ਤਿਂਹਿਂ ਭਜੈ ਮੁਰਾਰੀ ।
ਕਰਮ ਕਾਲ ਹਰਿ ਜਨੁ ਬਿਸਰਾਵੈ । ਹਰਿ ਨਾਂ ਜਨ ਕੋ ਨੈਕੁ ਭੁਲਾਵੈ । ੧੦੦ ।
ਤਿਂਉ ਗੁਰਸਿੱਖ ਕੀ ਪੈਜ ਸਵਾਰੇ । ਨਿਜ ਸੇਵਕ ਕੋ ਸਰਪਰ ਤਾਰੇ ।
ਹ੍ਰਦਮ ਰਾਂਮ ਜੋ ਭੇਟ ਚਢਾਈ । ਲੈ ਸ੍ਰੀ ਗੁਰ ਨਿਜ ਗੋਲਕ ਪਾਈ । ੧੦੧ ।
ਸ੍ਰੀ ਗੁਰ ਤਿਂਹਿ ਛਿਨਿ ਹੁਵੈ ਕ੍ਰਿਪਾਲਾ । ਹ੍ਰਦਮ ਰਾਂਮ ਕੋ ਦੀਆ ਦੁਸਾਲਾ ।
ਕੀਆ ਬਿਦਾ ਅਪਨੈ ਘਰ ਆਇਆ ।
ਮਿਲ ਦਾਰਾ ਕੰਗਨਾ ਖੁਲਵਾਇਆ । ੧੦੨ ।

ਦੋਹਰਾ : ਹ੍ਰਦਮ ਰਾਂਮੁ ਨਿਜ ਧਾਂਮ ਜਾਂ ਮਿਲਿਯਾ ਨਵੇਲੀ ਨਾਰ ।
ਇਤ ਸ੍ਰੀ ਗੁਰ ਸਰ ਸੁਧਾ ਕੋ ਹੋਇ ਆਪ ਤੀਆਰ । ੧੦੩ ।

ਚੌਪਈ : ਅੰਮ੍ਰਿਤਸਰ ਕੋ ਕਰੀ ਚਢਾਈ । ਪ੍ਰਿਥੀ ਚੰਦ ਤਬ ਏਹੁ ਅਲਾਈ ।
ਅਰਜਨ ਦੇਵ ਕੋ ਈਹਾਂ ਠਹਿਰਾਵੋ । ਪਢਨ ਪਾਰਸੀ ਇਲਮੁ ਸਿਖਾਵੋ । ੧੦੪ ।
ਇਸ ਕੋ ਬੁੱਧ ਤੀਛਨ ਅਤ ਐਸੀ । ਬ੍ਰਿੰਚ ਦੇਵ ਗੁਰ ਕੀ ਨਹੀ ਵੈਸੀ ।
ਪ੍ਰਿਥਮ ਪਾਰਸੀ ਅਰਬੀ ਸਿਖੇ । ਸਹਿਸਕ੍ਰਿਤ ਹਿੰਦੀ ਫਿਰ ਲਿਖੇ । ੧੦੫ ।
ਪਢੈ ਪਹਿਲਵੀ ਪਸਤੁਮੁ ਜਾਨੇ । ਦੇਸ ਭਾਖਾ ਤੋਰਕੀ ਪਹਿਚਾਨੇਂ ।
ਬਹੁਰ ਗੁਰਮੁਖੀ ਕਰ ਪਰਕਾਸ । ਤੌ ਆਵੈ ਸ੍ਰੀ ਗੁਰ ਕੈ ਪਾਸ । ੧੦੬ ।
ਸ੍ਰੀ ਰਾਮਦਾਸ ਸੂਧੇ ਵਡਭਾਗ । ਪ੍ਰਿਥੀ ਚੰਦ ਕੇ ਕਹੇ ਸੁ ਲਾਗ ।
ਅਰਜਨ ਦੇਵ ਲਾਹੌਰ ਠਹਿਰਾਇਆ । ਪਢੋ ਪਾਰਸੀ ਆਪ ਅਲਾਇਆ । ੧੦੭ ।
ਐਸੇ ਕਹਿ ਨੀਸਾਨ ਬਜਾਏ । ਸਿਵਕਾ ਰਥ ਗਜ ਅਰਬ ਮੰਗਾਏ ।
ਕਰੀ ਸਬਲ ਸੀਘਰ ਅਸਵਾਰੀ । ਭਈ ਧੁਕਾਰ[1] ਧੌਂਸੇ ਕੀ ਭਾਰੀ । ੧੦੭ ।
ਨੇਬਿ ਨਕੀਬ ਅਗਾਰੇ ਜਾਂਹੀ । ਸਬਦੁ ਸਲਾਂਮਤ ਭਾਖ ਸੁਣਾਹੀ ।
ਸੇਵਕ ਸਿੱਖੁ ਮਗ ਮਿਲੇ ਜੁ ਆਇ । ਕਹੇਂ ਪ੍ਰਣਾਮੁ ਹਜੂਰ ਸੁਣਾਇ । ੧੦੮ ।
ਖੁਰ ਬਾਜਨ ਧਰ ਧੂਰ ਉਡਾਨੀ । ਭਈ ਸੂਰ ਨਭ ਜੋਤ ਮਲਾਂਨੀ ।
ਰਾਮਦਾਸ ਪੁਰ ਆਇ ਬਿਰਾਜੇ । ਗੁਰਦੂਤ ਲਖ ਸੁਰਪਤ ਲਖ ਲਾਜੇ । ੧੦੯ ।

ਅੜਲ[2] : ਦੇਸਨ ਦੇਸਨ ਪਾਰ ਜੁ ਸਿੱਖ ਹਜੂਰ ਕੇ ।
ਸਿਰੀ ਸੁਧਾਸਰ ਆਏ ਤੁਰੇ ਜੁ ਦੂਰ ਕੇ ।
ਦੈ ਪਰਕਰਮਾਂ ਭੇਟ ਚਢਾਇ ਜੁਹਾਰ ਦੇ ।

[1]ਧੁਕਾਰ [2]ਅੜਿਲ

ਜੀ ਧੰਨ ਗੁਰੂ ਰਾਮਦਾਸ ਇ[1] ਮੁਖੋਂ ਉਚਾਰਦੇ । ੧੧੦ ।
ਮੇਲਾ ਜੁਰਿਆ ਅਪਾਰ ਅਨੂਪ ਸੁਹਾਵਣਾ ।
ਸ੍ਰੀ ਗੁਰ ਕਾ ਕਰ ਦਰਸ ਸੁਧਾਸਰ ਨਾਵਣਾ ।
ਸਰ ਪਰਕਰਮਾਂ ਕਰ ਕਰ ਸਾਜ ਬਜਾਂਵਦੇ ।
ਹੋ ਸ੍ਰੀ ਹਰਿਮੰਦਰ ਸਬਦ ਭੋਗ ਆਇ ਪਾਵਦੇ । ੧੧੧ ।

ਕਰ ਅਰਦਾਸਾਂ ਜੋਰ ਦੋਊ ਕਰ ਧਿਆਂਵਦੇ ।
ਸ੍ਰੀ ਗੁਰ ਕਾ ਧਰ ਧਿਆਂਨੁ ਚਰਨ ਚਿਤਿ ਲਾਂਵਦੇ ।
ਸੰਤ ਸੰਗੁ ਹਰਿ ਨਾਂਮੁ ਦਰਸੁ ਗੁਰ[2] ਦੀਜੀਏ ।
ਜੀ ਹਮਰੇ ਸਗਰੇ ਸੰਕਟ[3] ਦੂਰ ਕਰੀਜੀਏ । ੧੧੨ ।

ਏ ਫਲ ਗੁਰ ਤੇ ਮਾਂਗਤ ਸਿੱਖ ਸਬਾਇਆ ।
ਸ੍ਰੀ ਗੁਰ ਅੰਤਰਜਾਂਮੀ ਸਭੁ[4] ਸੁਣ ਪਾਇਆ ।
ਧਨੁ ਦਾਰਾ ਸੁਤ ਬੰਧ ਪਦਾਰਥ ਜੇਤਿਆ ।
ਹੋ ਸ੍ਰੀ ਗੁਰ ਹੁਵੈ ਕ੍ਰਿਪਾਲ ਦੀਏ ਤਬ ਤੇਤਿਆ । ੧੧੩ ।

ਸ੍ਰੀ ਸੁਧਾਸਰ ਤੀਰ ਸ੍ਰੀ ਗੁਰ ਆਇ ਕੈ ।
ਸ੍ਰੀ ਹਰਿ ਮੰਦਰ ਸਨਮੁਖ ਸਭਾ ਲਗਾਇ ਕੈ ।
ਹੇਮ ਕਲੀਚਾ ਭੂਪੈ ਪ੍ਰਿਥਮ ਬਿਛਾਇਆ ।
ਹੋ ਪਦਮਾਂਪਤ ਜਿਂਉ ਬੈਠ ਦੀਬਾਂਨੁ ਸੁਹਾਇਆ । ੧੧੪ ।

ਤਾਂ ਛਿਨ ਭਾਈ ਸਾਲੋ ਮਿਲਿਆ[5] ਆਇ ਕੈ ।
ਰੁਪੱਈਯਾ ਗੁੜੁ ਪਰਸਾਦ ਸੁ ਭੇਟ ਚੜਾਇ ਕੈ ।
ਸ੍ਰੀ ਗੁਰੁ ਜਾਣੀ ਜਾਣੁ ਸੁ ਮਨਸਾ ਪੂਰਦਾ ।
ਹੋ ਸਾਲੋ ਥਾਪਿਆ ਸੇਵਕੁ ਖਾਸ ਹਜੂਰ ਦਾ । ੧੧੫ ।

ਕਰੋ ਬੀੜ ਦੀ ਰਾਖੀ ਸ੍ਰੀ ਗੁਰ ਭਾਖਿਆ ।
ਮੇਂਹੀ ਚਾਰ ਲਿਆਵੋ ਸਤਿਗੁਰ ਆਖਿਆ ।
ਮੋਠ ਤੁਰੰਗਾ ਹੇਤ ਦਿਨੇ ਬੀਜਵਾਇ ਕੈ ।
ਹੋ ਚੌਕੀ ਦੇਹਿ ਦਰਬਾਰ ਰਾਤ ਕੋ ਆਇ ਕੈ । ੧੧੬ ।
ਕਰੀ ਟਹਿਲੁ ਮਨਜੂਰ ਸੀਸ ਪਰ ਧਾਰ ਕੇ ।
ਸਾਲੋ ਆਂਠੋ ਜਾਂਮ ਕੰਮ ਸਿਰਕਾਰ ਕੇ ।
ਰੈਂਨ ਦਿਨੇ ਕਰ ਪ੍ਰੇਮੁ ਸੁ ਕਾਰ ਕਮਾਂਵਦਾ ।
ਹੋ ਸੁਵਾਸ ਸੁਵਾਸ ਮਨ ਮਾਂਹਿ ਸ੍ਰੀ ਗੁਰ ਧਿਆਂਵਦਾ । ੧੧੭ ।
ਕਈ ਕਾਲ ਜਬ ਬੀਤੇ ਇਸ ਪਰਕਾਰ ਦੇ ।
ਇਕ ਦਿਨ ਆਇ ਹਜੂਰ ਸ੍ਰੀ ਸਿਰਕਾਰ ਦੇ ।

[1]ਏ [2]ਗੁ [3]ਕਸਟ [4]ਸੁਭੁ [5]ਮਿਲਿ

ਬਾਜਸਾਲ ਜਾ ਬਰਿਆ ਬਡੇ ਸਵੇਰਿਆ ।
ਹੰ ਸਵਾ ਪਹੁਰ ਲੌ ਖੁਦ ਖਰਖਰਾ ਫੇਰਿਆ । ੧੧੮ ।
ਛੋਰਨ ਪਿੰਡਾ ਪੌਰ ਤੁਰੰਗ ਸਵਾਰ ਕੇ ।
ਮੱਥਾ ਟੇਕਿਆ ਪੌਰ ਸੁ ਗੁਰ ਦਰਬਾਰ ਕੇ ।
ਸ੍ਰੀ ਗੁਰ ਅੰਤਰਜਾਮੀ ਏਹਿ ਫੁਰਮਾਇਆ ।
ਹੰ ਭਾਈ ਸਾਲੋ ਕਹਿ ਕਰ ਆਪ ਬੁਲਾਇਆ । ੧੧੯ ।
ਰਹਿਆ ਹਜੂਰ ਬਲਾਇ ਦੁਸਾਲਾ ਲੀਜੀਏ ।
ਤੁਰੰਗ ਤਬੇਲੇ ਟਹਿਲ ਹਮੇਸ ਕਰੀਜੀਏ ।
ਭਾਈ ਸਾਲੋ ਤਾਂ ਛਿਨ ਐਸੇ ਭਾਖਿਆ ।
ਜੀ ਸ੍ਰੀ ਗੁਰ ਕਾ ਮੈਂ ਹੁਕਮੁ ਸੀਸ ਨਿਜ ਰਾਖਿਆ । ੧੨੦ ।
ਸਿਰੀ ਗੁਰੂ ਮਹਾਰਾਜ ਸੁ ਕ੍ਰਿਪਾ ਕਰੀਜੀਏ ।
ਮੈ ਸੇਵਕ ਕੀ ਲਾਇਕ ਭੂਰਾ ਦੀਜੀਏ ।
ਕੰਬਲੁ ਓਢ ਉਦਾਲੇ ਟਹਿਲ ਕਮਾਂਵਣੀ ।
ਜੀ ਭਗਤ ਦਾਨੁ ਮਮ ਦੇਹੁ ਇਹੋ ਮੁਹਿ ਭਾਵਣੀ । ੧੨੧ ।
ਸ੍ਰੀ ਗੁਰ ਸ੍ਰੀ ਮੁਖ ਤਾਂ ਛਿਨ ਏਹੁ ਅਲਾਇਆ ।
ਸਾਧ ਸਾਧ ਕਹਿ ਸਾਲੋ ਕੰਠ ਲਗਾਇਆ ।
ਅੰਮ੍ਰਿਤਸਰ ਇਸਨਾਨੁ ਪਵੈ ਪਰਵਾਂਨ ਤੌ ।
ਹੰ ਧਰਮਸਾਲ ਨਰ ਪਰਸੈਂ ਤੇਰੀ ਆਇ ਜੌ । ੧੨੨ ।
ਐਸੇ ਦੇ ਬਰਦਾਂਨ ਗੁਰੂ ਰਾਂਮਦਾਸ ਜੂ ।
ਰਾਮਦਾਸ ਪੁਰ ਕੀਨੋ ਆਪ ਨਿਵਾਸ ਜੂ ।
ਉਤ ਲਹੌਰ ਸ੍ਰੀ ਅਰਜਨ ਜਸੁ ਕਰਤਾਰ ਕੋ ।
ਹੰ ਸਨਮੁਖ ਪਾਤੀ ਲਿਖੀ ਗੁਰੂ ਨ੍ਰਿੰਕਾਰ ਕੇ । ੧੨੩ ।

...ਮੁਖ ...ਕ: ਮਾਝ ਮਹਲੁ ੫ । "ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ ।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ।
ਹਉ ਘੋਲੀ ਜੀਉ ਘੋਲਿ ਘਮਾਈ ਗੁਰ ਦਰਸਨ ਸੰਤ ਪਿਆਰੇ ਜੀਉ[1] ।"

...ਪਈ: ਇਹਿ ਪਾਤੀ ਲਿਖ ਅਰਜਨ ਰਾਇ । ਰਾਂਮਦਾਸ ਪੁਰ ਦਈ ਪਠਾਇ ।
ਪ੍ਰਿਥੀ ਚੰਦ ਕਰ ਦਈ ਮਸੰਦ । ਸੋ ਪਕਰੀ ਗੁਰ ਜੇਠੇ ਨੰਦ । ੧੨੪ ।
ਬਹੁਤ ਦਿਵਸ ਬੀਤੇ ਨਿਰਧਾਰ । ਪਾਤੀ ਉਤਰੁ ਰਹਿਆ ਨਿਹਾਰ ।
ਇਤ ਤੇ ਊਤਰੁ ਕੋਇ ਨ ਪਾਇਆ ਅਰਜਨ ਜੂ ਲਿਖ ਬਹੁਰ ਪਠਾਇਆ । ੧੨੫ ।

...ਧਾਰ ਅਤੇ ਤੁਲਨਾ ਪੋਥੀਆਂ ਵਿਚ ਇਸ ਸ਼ਬਦ ਦੇ ਕੁਝ ਪਾਠਾਂਤਰ ਹਨ, ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਸ਼ੁੱਧ ...ਠ ਦਿੱਤਾ ਹੈ ਤਾਂ ਜੋ ਵਿਅਰਥ ਵਿਚ ਵਾਦ-ਵਿਵਾਦ ਖੜਾ ਨਾ ਹੋਵੇ ।

ਸ੍ਰੀ ਮੁਖ ਵਾਕ :
"ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ।
ਚਿਰੁ ਹੋਆ ਦੇਖੇ ਸਾਰਿੰਗਪਾਣੀ ।
ਧੰਨ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ।
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ।"

ਚੌਪਈ : ਅਰਜਨ ਦੇਵ ਆਪਨੇ ਪਾਸ । ਬੋਲ ਮੇਵਰਾ ਦੈ ਅਰਦਾਸ ।
ਅੰਮ੍ਰਿਤਸਰ ਜੀ ਦੀਆ ਪਠਾਇ । ਪ੍ਰਿਥੀ ਚੰਦ ਦ੍ਰਿਗ ਪਹੁਚਿਆ ਆਇ । ੧੨੬ ।
ਦੂਜੀ ਪਾਤੀ ਤਾ ਕੋ ਦਈ । ਸੋ ਭੀ ਉਨ ਖੀਸੇ ਪਾਇ ਲਈ ।
ਨਿਜ ਮਨ ਧਾਰ ਮਹਾਂ ਖੁਟਿਆਈ । ਸ੍ਰੀ ਗੁਰ ਕੋ ਨਾ ਨੈਕੁ ਦਿਖਾਈ । ੧੨੭ ।
ਇਤ ਤੇ ਉਸ ਢਿਗ ਕੋਇ ਨਾ ਗਇਆ । ਅਰਜਨ ਦੇਵ ਚਿੰਤ ਬਸ ਭਇਆ ।
ਮਨ ਮੈਂ ਧਾਰ ਵੈਰਾਗ ਅਪਾਰ । ਸਬਦੁ ਤੀਸਰਾ ਲਿਖਿਆ ਉਚਾਰ । ੧੨੮ ।

ਸ੍ਰੀ ਮੁਖ ਵਾਕ :
"ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ।
ਹੁਣਿ ਕਦ ਮਿਲੀਐ ਪ੍ਰਿਅ ਤੁਧੁ ਭਗਵੰਤਾ ।
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ।
ਹਉ ਘੋਲੀ ਜੀਉ ਘੋਲ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ।"

ਚੌਪਈ : ਤੀਜੀ ਪਾਤੀ ਅਰਜਨ ਨਾਥ । ਲਿਖ ਕਰ ਦਈ ਮੇਵਰੇ ਹਾਥ ।
ਸੁਧਾ ਸਰੋਵਰ ਸੋ ਪਠ ਦਇਆ । ਪ੍ਰਿਥੀ ਚੰਦ ਢਿਗ ਪ੍ਰਿਥਮੈਂ ਗਇਆ । ੧੨
ਕਰ ਪ੍ਰਣਾਮੁ ਅਰਦਾਸ ਦਿਖਾਈ । ਪ੍ਰਥੀ ਚੰਦ ਗਹਿ ਬੇਗ ਛਪਾਈ ।
ਦੀਆ ਮੇਵਰਾ ਕਹੂੰ ਪਠਾਇ । ਆਪ ਧਾਮ ਨਿਜ ਸੋਇਆ ਜਾਇ । ੧੩੦ ।
ਕਟੀ ਕਾਲ ਜਤ ਭਏ ਬਤੀਤ । ਸ੍ਰੀ ਅਰਜਨ ਗੁਰ ਕੀਨਾ ਚੀਤ ।
ਕਹਿਆ ਲਹੌਰ ਜਾਹ ਚੁਪਦਾਰ । ਸ੍ਰੀ ਅਰਜਨੁ ਲਿਆਵੋ ਦਰਬਾਰ । ੧੩੧[1]
ਲੈ ਬਾਰਨੁ ਮੰਤ੍ਰੀ ਤਬ ਧਾਇਆ । ਦੁਰਦ ਚਾੜ ਸੀਘਰ ਲੈ ਆਇਆ ।
ਸ੍ਰੀ ਗੁਰ ਕੈ ਪਗ ਪਰਿਆ ਆਇ ।
ਭੁਜ ਭਰ ਲਇਆ ਕੰਠ ਗੁਰ ਲਾਇ । ੧੩੨ ।
ਲਗੇ ਪਰਸਪਰ ਕਰਨੇਂ ਬਾਤਾ । ਅੰਮ੍ਰਿਤ ਰਸ ਸਮਸੁਤੁ ਔ ਤਾਤ ।।
ਅਰਜਨ ਪ੍ਰਿਤ ਗੁਰ ਏਹੁ ਅਲਾਇਆ[2] ।
ਕੁਸਲ ਸੰਦੇਸਾ ਕਿਉ ਨ ਪਠਾਇਆ । ੧੩੩ ।
ਅਰਜਨ ਜੂ ਕਹਿਆ ਸ੍ਰੀ ਗੁਰ ਪਾਸ । ਤੀਨ ਪਠੀ ਤੁਮ ਪੈ ਅਰਦਾਸ ।
ਤਾਂ ਕਾ ਉਤਰੁ ਕੋ ਨ ਗਇਆ । ਉਲਟਾ ਹਮੈਂ ਉਲਾਂਮਾਂ ਦਇਆ । ੧੩੪ ।
ਤਬ ਸ੍ਰੀ ਗੁਰ ਇਹੁ ਕਹਿਆ ਸੁਣਾਇ । ਪੱਤ੍ਰਹਾਰ ਪ੍ਰਿਤ ਹਮੈ ਬਤਾਇ ।
ਵਹੁ ਪਾਤੀ ਕਾਂ ਕੋ ਦੈ ਗਇਆ ।
ਹਮਰੇ ਢਿਗ ਨਹਿ ਪ੍ਰਾਪਤ ਭਇਆ । ੧੩੫ ।

[1]ਮਿਲਾਨ ਪੋਥੀ ਵਿਚ 161 ਅੰਕ ਦਿੱਤਾ ਹੈ ਜੋ ਗ਼ਲਤ ਹੈ । [2]ਅਲਾਇ

ਸ੍ਰੀ ਅਰਜਨ ਮਸੰਦ ਬੁਲਾਇਆ । ਅਰਦਾਸ ਕਹਾ ਸ੍ਰੀ ਮੁਖ ਫਰਮਾਇਆ ।
ਤਬ ਮਸੰਦ ਐਸੇ ਕਹਿ ਦਈ । ਪ੍ਰਿਥੀ ਚੰਦ ਹਮ ਤੇ ਸਭ ਲਈ । ੧੩੬ ।
ਤਬ ਸ੍ਰੀ ਗੁਰ ਪ੍ਰਿਥੀਆ ਹੀ ਕਹਾ । ਕਿਉ ਮੀਣੀਆ[1] ਤੂੰ ਚੁਪ ਕਰ ਰਹਾ ।
ਮੌ ਪ੍ਰਿਤ ਕਿਉ ਨਾ ਦੀਨੀ ਆਇ । ਤੀਨ ਲਈ ਅਰਦਾਸ ਛਪਾਇ । ੧੩੭ ।
ਲਿਆਉ ਸੀਘਰ ਤੀਨੋ ਅਰਦਾਸ । ਜੇ ਚਾਹੇਂ ਅਪਨਾ ਸੁਖਵਾਸ ।
ਕੰਪਤ ਗਾਤ ਬੇਗ ਲੈ ਆਇਆ । ਪਢ ਸ੍ਰੀ ਗੁਰ ਪੂਰਨ ਸੁਖੁ ਪਾਇਆ । ੧੩੮ ।
ਪੁਨ ਸ੍ਰੀ ਗੁਰ ਕਹਿਆ ਅਰਜਨ ਨਾਥ । ਚੌਥੀ ਪੌੜੀ ਮੇਲੋ ਸਾਥ ।
ਸਭ ਗੁਣ ਸ੍ਰੀ ਅਰਜਨ ਭਰਪੂਰ । ਚੌਥੀ ਪੌੜੀ ਲਿਖੀ ਹਜੂਰ । ੧੩੯ ।

ਸ੍ਰੀ ਮੁਖ ਵਾਕ: "ਭਾਗੁ ਹੋਆ ਗੁਰਿ ਸੰਤੁ ਮਿਲਾਇਆ ।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ।
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ।
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ।"

ਦੋਹਰਾ : ਚਾਰੋ ਪੌੜੀ ਜੋੜ ਕਰ ਪਢਿਆ ਸਬਦੁ ਚਿਤੁ ਲਾਇ ।
ਸ੍ਰੀ ਅਰਜਨ ਕੋ ਸ੍ਰੀ ਗੁਰ ਲੀਨਾ ਕੰਠ ਲਗਾਇ । ੧੪੦ ।

ਸਵੈਯਾ : ਕੰਠ ਲਗਾਇਸੁ ਚੂੰਮ ਲਿਲਾਰ ਗੁਰੁ ਕਰਤਾਰ ਜੂ ਏਹੁ ਅਲਾਈ ।
ਤੂੰ ਪ੍ਰਿਥੀਆ ਰਹੁ ਧਾਮ ਸੁਧਾਸਰ ਅਰਜਨ ਜੂ ਹਮਰੇ ਸੰਗ ਜਾਈ ।
ਪਾਛੈ ਜੁ ਖੋਟੀ ਕਰੀ ਪ੍ਰਿਥੀਏ ਰਾਮਦਾਸ ਗੁਰੂ ਨ ਮਨੋ ਬਿਸਰਾਈ ।
ਸੰਗ ਲਏ ਸ੍ਰੀ ਅਰਜਨ ਜੂ ਗੁਰ ਗੋਵਿੰਦਵਾਲ ਕੋ ਕੀਨ ਚਢਾਈ । ੧੪੧ ।

ਸਵੈਯਾ : ਲੈ ਰਥ ਰਾਜ ਸਮਾਜ ਸਭੋ ਗਜ ਬਾਜ ਲਏ ਗੁਰ ਸੰਗ ਲਵਾਈ ।
ਹੈਦਲ ਗੈਦਲ ਪੈਦਲ ਸੰਗ ਚਮੂੰ ਰਥ ਚਾਰ ਪ੍ਰਕਾਰ ਸੁਹਾਈ ।
ਚੌਰ ਮੁਠਾ ਸਿਰ ਛੱਤ੍ਰ ਲਗੈ ਗੁਰ ਗਇੰਦ ਅਰੂਢ ਚਲੇ ਉਮਗਾਈ ।
ਮੋਦੁ ਬਢਿਯੋ ਮਨ ਮਾਂਹਿ ਮਹਾਂ ਸ੍ਰੀ ਅਰਜਨ ਦੇਵਣ ਹੇਤ ਗਰਾਈ । ੧੪੨ ।

ਸਵੈਯਾ : ਔਧਪੁਰੀ ਅਜ ਨੰਦਨ ਜਿਯੁ ਰਾਂਮਦਾਸ ਗੁਰੂ ਹੀਵੇ ਏਹੁ ਠਹਿਰਾਈ ।
ਰਾਜੁ ਦੈ ਅਰਜਨ ਹੌ ਬਨ ਜਾਉ ਮਥੀ ਮਨ ਮੈ ਨਹਿ ਆਨ ਸੁਨਾਈ ।
ਜੋ ਅਮਰੈ ਗੁਰ ਆਵ ਦਈ ਨਿਜ ਸੋ ਨ ਰਹੀ ਮਨ ਮੈ ਚਿਤ ਕਾਈ ।
ਮਾਸ ਇਕਾਂਦਸ ਸਾਲ ਖਟੈ ਦਸ ਆਠ ਦਿਨੰ ਭਏ ਪੂਰਨ ਆਈ । ੧੪੩ ।

ਸਵੈਯਾ : ਆਇ ਵਸੇ ਗੁਰ ਗੋਵਿੰਦਵਾਲ ਕਿਲਾਲ ਵਿਆਸ ਜਹਾਂ ਸੁਖਦਾਈ ।
ਗੰਗਾ ਸਮਾਂਨ ਤਰੰਗ ਜਿਸੈ ਅਘ ਭੰਗ ਕਰੈ ਨਰੁ ਜੋ ਜਲ[2] ਨਾਈ ।
ਤਾਂ ਨਦ ਨੀਰਹਿ ਤੀਰ ਤਬੈ ਗੁਰ ਬੈਠ ਵਜੀਰ ਲਏ ਬੁਲਵਾਈ ।
ਮੰਤ੍ਰ ਕਰਿਯੋ ਮਿਲ ਤਾਂਹਿ ਸਮੈਂ ਭੁਜ ਅ੍ਰਜਨ ਰਾਜ ਧਰੋ ਗੁਰਿਆਈ । ੧੪੪ ।

---
[1]ਮੀਣਿਆਂ [2]ਜੋਹਾ

ਸਵੈਯਾ : ਜੱਗੁ ਰਚਿਯੋ ਛਿਤ ਤੁੱਗ ਦੁਲਾਇ ਮਹਾਂ ਸਰਬਗਿ ਤਪੀ ਰਿਖ ਰਾਈ।
ਤੀਰਥ ਸ੍ਰਬ ਤੇ ਨੀਰ ਮੰਗਾਇ ਭਰੇ ਬਰ ਕੁੰਭ ਧਰੇ ਸੁਭ ਠਾਂਈ।
ਊਪਰ ਮੌਲੁ ਰਸਾਲ ਧਰਿਯੋ ਲਿਖ ਕੇਸਰ ਸੋ ਦਏ ਪੀਤ ਕਰਾਈ।
ਢੰਦ ਮੁਖੀ ਗੁਰ ਤੁੰਗ ਅਟਾ ਚਢ ਮੰਗਲ ਗਾਵਤ ਪੁੰਜ ਲੁਗਾਈ। ੧੪੫।

ਸਵੈਯਾ : ਆਦ ਕਰਿਯੋ ਛਿਟਕਾਉ ਗੁਲਾਬਹਿ ਊਪਰ ਲੈ ਮਸਲੰਦ ਬਿਛਾਈ।
ਰਾਜ ਸਿੰਘਾਸਨੁ ਸਾਜ ਭਵੇ ਤਿਹਿ ਊਪਰ ਅ੍ਰਜਨ ਦੇਵ ਬੈਠਾਈ।
ਦਾਨ ਦਇਯੋ ਦਿਜ ਮੰਡਲ ਕੋ ਅਮਿਤੋ ਪਨੁ ਸੋ ਬਰਨਿਯੋ ਨਹਿ ਜਾਈ।
ਦੈਂਨ ਲਗੋ ਰਾਮਦਾਸੁ ਗੁਰੂ ਤ੍ਰਿਹ ਲੋਗਨ ਕੀ ਸੁਤ ਕੋ ਠਕੁਰਾਈ। ੧੪੬।

ਸਵੈਯਾ : ਚੰਦਨੁ ਔ ਘਨਸਾਰ ਸੁ ਕੇਸਰੁ ਨੀਰੁ ਮਿਲਾਇ ਭਲੇ ਘਸਵਾਈ।
ਰਮਦਾਸ ਸ੍ਰੀ ਰਾਮਦਾਸ ਕੇ ਨੰਦੇ ਲੈ ਕਰ ਦੱਛਨ ਭਾਲ ਚਢਾਈ।
ਤਾਂਹਿ ਸਮੈ ਰਾਮਦਾਸ ਗੁਰੂ ਨਿਜ ਮਾਲਕੁਲਾ ਸੁੱਤ ਕੋ ਪਹਿਰਾਈ।
ਨਾਨਕ ਸਾਹਿਬ ਸਰੂਪੁ ਵਿਲੋਕ ਸਿਰੀ ਮੁਖ ਤੇ ਪਰਣਾਂਮ ਅਲਾਈ। ੧੪੭।

ਸਵੈਯਾ : ਕੋਟ ਸਸੀ ਰਵ ਕੋਟ ਸਮੰਸਿਰੀ ਅ੍ਰਜਨ ਦੇਵ ਕੋ ਤੇਜੁ ਸੁਹਾਈ।
ਆਪ ਸਿਰੀ ਰਾਮਦਾਸ ਗੁਰੂ ਪ੍ਰਭ ਜੋਤ ਬਿਖੈ ਨਿਜ ਜੋਤ ਸਮਾਈ।
ਮਾਸ ਇਕਾਦਸ ਸਾਲ ਖਟੰ ਦਿਨ ਆਠ ਦਸੰ ਗੁਰ ਰਾਜੁ ਕਮਾਈ।
ਖੋੜ ਸਸੈ ਨਵ ਤੀਸਵੈਂ ਸੰਬਤ ਭਾਦੋਂ ਸੁਦੀ ਮ੍ਰਿਤ ਤੀਨ ਕੋ ਪਾਈ। ੧੪੮।

ਦੋਹਰਾ : ਦੈ ਗੁਰਆਈ ਅਰਜਨੈ ਰਾਂਮਦਾਸ ਗੁਰਦੇਵ।
ਤੇਜ ਪ੍ਰਕਾਸ਼ ਤ੍ਰਿਲੋਕ ਮੈਂ ਮਿਲ ਗਏ ਅਲਖ ਅਭੇਵ। ੧੪੯।

ਦੋਹਰਾ : ਲੈ ਬੁੱਢੇ ਰਾਮਦਾਸ ਕੋ ਸ੍ਰੀ ਗੁਰ ਅਰਜਨ ਸੰਗ।
ਬੈਠਾ ਤਖਤ ਦੀਬਾਂਨੁ ਲਾ ਕੂਲ ਵਿਆਸਾ ਗੰਗ। ੧੫੦।

ਸਵੈਯਾ : ਏ ਰਸ ਅੰਮ੍ਰਿਤ ਪੁੰਨ[1] ਕਥਾ ਰਾਮਦਾਸ ਗੁਰੂ ਜੀ ਕੀ ਗੰਗ ਜਲਾਜਿਯੁ।
ਜੋ ਨਰੁ ਨਾਰਿ ਸੁਨੈ ਹਿਤ ਸੋਂ ਨਿਤ ਫੂਲ ਫਲੈ ਬਟ ਪੇਡ ਫਲਾਜ਼ਿਯੂ।
ਪਾਠੁ ਕਰੇ ਮਨੁ ਲਾਇ ਸਦਾ ਨਰੁ ਬੁੱਧ ਬਢੈ ਨੱਏ ਸੋਂਮ ਕਲਾਜਿਯੁ।
ਵੀਰ ਮ੍ਰਿਗੇਸ ਲਿਖੇ ਗੁਰ ਕੀਰਤ ਹੋਇ ਭਲਾ ਅਘ ਕੋਟ ਟਲਾਜਿਯੁ। ੧੫੧।

ਸੋਰਠਾ : ਕਹੀ ਜਥਾ ਮਤ ਗਾਇ ਰਾਮਦਾਸ ਗੁਰ ਕਥਾ ਬਰ।
ਆਗੈ ਕਹੋਂ ਸੁਨਾਇ ਗੁਰ ਅਰਜਨ ਕੀਰਤ ਬਿਮਲ। ੧੫੨।

ਦੋਹਰਾ : ਸ੍ਰੀ ਗੁਰ ਅਰਜਨ ਦੇਵ ਕੀ ਕਥਾ ਸਨੋ ਅਬ ਸੰਤ।
ਮਤ ਪ੍ਰਮਾਂਨ[2] ਅਬ ਭਾਖਹੋਂ ਸ੍ਰੀ ਗੁਰ ਕਥਾ ਬਿਅੰਤ। ੧੫੩।

ਇਤ ਸ੍ਰੀ ਸ੍ਰੀ (ਮਤ) ਗੁਰਕੀਰਤ ਪ੍ਰਕਾਸ਼ ਗ੍ਰਿੰਥੋ ਕਲਿ ਵੀਰ ਸਿੰਘ ਬਿਰਚਤੇ ਸ੍ਰੀ ਗੁਰੁ ਰਾਂਮਦਾਸ਼ ਜੁ ਕੀ ਕਥਾ ਸਪੂਰੰਨੰ ਮਸਤ[3]। ੪। (ਚਤੁਰਥੋ ਹੁਲਾਸੁ)

---

[1]ਪੁੰਜ [2]ਪ੍ਰਕਾਸ [3]ਮਸਤੁ

ੴ ਸ੍ਰੀ ਸਤਿਗੁਰ ਪ੍ਰਸਾਦਿ

ਸ੍ਰੀ ਗੁਰ ਅਰਜਨ ਦੇਵ ਜੂ ਦੱਛਨ ਪੱਛ ਬਿਰਾਜਿ ।
ਸਰਨ ਪਰੇ ਕੀ ਲਾਜ ਗੁਰ ਰਾਖੁ ਗਰੀਬ ਨਵਾਜਿ । ੧ ।

ਅੱ੍ਰਜਨ ਦੇਵ ਨਿਧ ਜੂ ਹਮ ਆਇ ਗਹੀ ਪ੍ਰਭ ਸਾਮ ਤਿਹਾਰੀ ।
ਆਪ ਕਰੀ ਜਿਯੁ ਕਰੋ ਕਰੁਣਾ ਕਰੁ ਦੈ ਹਮ ਕੋ ਗੁਰਿ ਲੇਹੁ ਉਬਾਰੀ ।
ਮੰਗਲ ਦੇਹੁ ਹਮੈਂ ਗੁਰ ਪਾਵਨ ਕੂਰ ਅਮੰਗਲ ਦੂਰ ਨਿਵਾਰੀ ।
ਅੱ੍ਰਜਨ ਨਾਥ ਨਿਰੰਜਨ ਕੇ ਪਦ ਕੰਜਨ ਪੈ ਕਵ ਹੋ ਬਲਹਾਰੀ । ੨ ।

ਗੁਰ ਅਰਜਨ ਅਰਜਨ ਸੁਨੈ ਤੁਝ ਬਿਨ ਦੂਜਾ ਕੋਇ ।
ਆਪ ਕਰੋ ਪ੍ਰਭ ਰੱਛ ਮਮ ਪੱਛ ਦਾਹਨੈ ਹੋਇ । ੩ ।

ਪਰਮ ਪੁਰਖ ਪਰਮਾਤਮਾ ਸ੍ਰੀ ਗੁਰ ਅਰਜਨ ਰਾਇ ।
ਕਰੋ ਸੁਮੱਤ ਪ੍ਰਕਾਸ ਮਮ ਹੂ ਜੌ ਸਦਾ ਸਹਾਇ । ੪ ।

ਦੇਵ ਅਰੱਜਨ ਕੱਜਨ ਕੋ ਨਿਜ ਦਾਸ ਸਬੁੱਧ ਸਰੱਜਨ[1] ਆਇਯੋ ।
ਰਾਖ ਲਈ ਨਰ ਲਾਜ ਤਿਸੈਂ ਗੁਰ ਜੋ ਪਦ ਅੰਬੁਜ ਸਾਮ ਸਿਧਾਇਯੋ ।
ਗੋਇੰਦਵਾਲ ਵਸੈ ਵਰਖਾਧਕ ਮੋਹਨ ਜੂ ਫਿਰ ਏਹੁ ਅਲਾਇਯੋ ।
ਏਕ ਮਿਆਨ ਸੁ ਦ੍ਵੈ ਕਿਰਪਾਨ ਅਰਜਨ ਨਾਥ ਜੂ ਨਾਂਹਿ ਸਮਾਇਯੋ । ੫ ।

ਤਾਂਹਿ ਸਮੈਂ ਗੁਰਦੇਵ ਅਰੱਜਨ ਮੱਜਨੁ ਕੈ ਤਨ ਪਾਇ ਪੁਸਾਕੀ ।
ਲਾਇ ਦਿਵਾਨੁ ਗੁਰੂ ਸੁਲਤਾਂਨ ਹਰੀ ਦੁਤ ਸੋਮ ਪ੍ਰਵੇਖ ਪ੍ਰਭਾਕੀ ।
ਇੰਦ੍ਰ ਮਹਿੰਦ੍ਰ ਲੁਕਿੰਦ੍ਰ ਲਜੈ ਲਖ ਕੌਨੁ ਸਕੈ ਕਹਿ ਸੋਭ ਸਭਾਕੀ ।
ਜੀਤ ਨਿਜੰ ਮਨੁ ਗਿਯਾਂਨ ਕ੍ਰਿਪਾਂਨ ਸੋ ਕੋਨ ਛਡਿਯੋ ਜਗ ਭੀਤਰ ਆਕੀ । ੬ ।

ਜਬ ਮੋਹਨ ਐਸੇ ਕਹਿਆ ਸੁਨ ਸ੍ਰੀ ਅਰਜਨ ਨਾਥ ।
ਦ੍ਵੈ ਕ੍ਰਿਪਾਂਨ ਇਕ ਮਿਆਂਨ ਮੋ ਰਹੇ ਨ ਮਿਲ ਕਰ ਸਾਥ । ੭ ।

ਤਬ ਗੁਰ ਅਰਜਨ ਏਹੁ ਬੀਚਾਰ । ਨਿਜ ਮਨ ਮੈਂ ਥਾਪੀ ਨਿਰਧਾਰ ।
ਇਨ ਸੋਂ ਰਾਰ ਨ ਕੀਨੀ ਚਹੀਏ । ਆਂਨ ਠਵਰ ਅਘ ਜਾ ਰਹੀਏ । ੮ ।
ਸੰਗਤ ਪੰਗਤ ਤੀਰ ਬੁਲਾਇ । ਐਸੇ ਸ੍ਰੀ ਮੁਖ ਕਹਿਆ ਸੁਨਾਇ ।
ਸਭੁ ਸਮਾਜੁ ਤੁਮ ਲੇਹੁ ਸੰਭਾਰ । ਗਜ ਬਾਜੀ ਰਥ ਸਰਬ ਸੀਗਾਰ । ੯ ।
ਪ੍ਰਿਥਮੈਂ ਡੇਰਾ ਭੈਂਣੀ ਪਾਈਯੇ । ਕਛੁਕ ਕਾਲ ਤਿਹਿੰ ਠਵਰ ਬੀਤਾਏਯੇ ।

ਫਿਰ ਚਾਲਹਿ ਅੰਮ੍ਰਿਤਸਰ ਬੀਰ । ਬਸੀਯੈ ਸੁਧਾ ਸਰੋਵਰ ਤੀਰ । ੧੦ ।

ਦੋਹਰਾ : ਦੂਰਦ ਦੂੰਦ ਭੀ ਚੌਬ ਦੈ ਚੜੇ ਗੁਰੂ ਮਹਾਂਰਾਜ ।
ਡੇਰਾ ਭੈਣੀ ਆ ਕੀਆ ਲੈ ਸੰਗ ਰਾਜ ਸਮਾਜ । ੧੧ ।

ਚੌਪਈ : ਤਾਹਿ ਬਧੂ ਇਕ ਆਈ ਨਈ । ਤਬੈ ਸਾਸੁ ਤ੍ਰਿਵਣ ਪਠ ਦਈ ।
ਤਿੰਹਿ ਹਿਤ ਸਸੁ ਚੋਲਾ ਬਣਵਾਇਆ । ਕੂਟ[1] ਚੂਰਮਾ ਤਾਹਿ ਪਠਾਇਆ ।
ਅਧਕ ਬੁਕੁਰੀਯਾ ਪਠੀ ਉਬਾਰ । ਖਸ ਖਸ ਦੇਈ ਤਾਸ ਮੋ ਡਾਰ ।
ਜੋ ਉਨ ਅੰਗੀਕਾਰ ਨ ਕੀਨਾ । ਸਖੀਅਨ ਮੈ ਐਸੇ ਕਹਿ ਦੀਨਾ । ੧੩ ।
ਮੈਂ ਅਪਨੋਂ ਨਹਿ ਪਰਨੁ ਘਟਾਂਵੋ । ਬਿਨੁ ਗੁਰ ਭੇਟ ਕੀਏ ਨਹਿ ਖਾਵੋਂ ।
ਤਬ ਐਸੇ ਬੋਲੀ ਸਭ ਬਾਲਾ । ਕਹਾਂ ਤੁਮਾਰਾ ਗੁਰੁ ਗੋਪਾਲਾ । ੧੪ ।
ਬਹੁਰ ਬਨੂ ਐਸੇ ਕਹਿ ਦੀਨਾ । ਜਿਨੈ ਆਇ ਡੇਰਾ ਅਬ ਕੀਨਾ ।
ਆਉ ਤਿਰਿਯਾ ਤਵ ਪੁਰ ਢਿਗ ਜੋਈ । ਮੇਰਾ ਗੁਰ ਪਰਮੇਸੁਰੁ ਸੋਈ । ੧੫ ।
ਪ੍ਰਿਥਮੈ ਭੇਟ ਚੜਾਵੋਂ ਤਾਹਿ । ਤੋਂ ਪਾਵੋਂ ਅਪਨੈ ਮੁਖ ਮਾਂਹਿ ।
ਸਭ ਤ੍ਰਿਆ ਮਿਲ ਤਿੰਹਿ ਸਾਸੁ ਸੁਨਾਈ । ਤਵ ਨਵ ਬਧੂ ਏਹੁ ਮੁਖ ਗਾਈ । ੧੬
ਗੁਰ ਪਦ ਪੰਕਜ ਮਮ ਪਰਸਾਵੋ । ਸਰਬ ਸਖੀ ਮੋ ਸਾਥ ਪਠਾਵੋ ।
ਤਬ ਸਭ ਪੁਰ ਮਿਲ ਵੈਸੋ ਕੀਨਾ । ਜੈਸੇ ਵਾਕੁ ਬਧੂ ਕਹਿ ਦੀਨਾ । ੧੭ ।
ਬੇਟੀ ਬਧੂ ਸਰਬ ਮਿਲ ਤਬੈ । ਲੈ ਗਏ ਪੰਚ ਸਕਲ ਮਿਲ ਜਬੈ ।
ਪ੍ਰਿਥਮੈ ਹਾਥ ਜੋਰ ਸਿਰ ਨਿਯਾਇ । ਬੈਠੇ ਗੁਰ ਢਿਗ ਭੇਟ ਚੜਾਇ । ੧੮ ।
ਪੁਨ ਵਹੁ ਬਧੂ ਆਇ ਪਗ ਲਾਗੀ । ਗੁਰ ਢਿਗ ਚੋਲਾ ਧਰ ਵਡਭਾਗੀ ।
ਨਿਜ ਸੇਵਕ ਕੀ ਸੁਤਾ ਨਿਹਾਰਿ । ਤਬ ਬੋਲੇ ਸ੍ਰੀ ਗੁਰ ਕਰਤਾਰਿ । ੧੯ ।
ਕਹੋ ਕੰਨਕਾ ਕਹਾ ਸਿਧਾਈ । ਤੁਮ ਈਹਾਂ ਕੈਸੇ ਚਲ ਆਈ ।
ਕਿਆ ਲਾਗਤ ਪੁਰ ਲੋਕ ਤਿਹਾਰੇ । ਤੁਮ ਕੀ ਰਾਖੀ ਭੇਟ ਹਮਾਰੇ । ੨੦ ।
ਗੁਰਸਿਖ ਸੁਤਾ ਏਹੁ ਮੁਖ ਟੇਰਾ । ਸਾਸੁਰ ਪੁਰੁ ਸਗਰੋ ਇਹੁ ਮੇਰਾ ।
ਸਾਸੁ ਹਮੈਂ ਤ੍ਰਿਵਣ ਪਠ ਦਇਆ । ਤਾਂਹਿ ਹਮੈਂ ਚੋਲਾ ਕਰ ਲਇਆ । ੨੧ ।
ਸੋ ਚੋਲਾ ਗੁਰੁ ਭੇਟ ਚੜਾਇਆ । ਨਿਜ ਮੁਖ ਪ੍ਰਿਥਮੈ ਮੈਂ ਨਹੀ ਪਾਇਆ ।
ਤਬ ਸ੍ਰੀ ਗੁਰ ਸ੍ਰੀ ਮੁਖ ਹਸ ਕਹਾ । ਚੋਲਾ ਨਾਮੁ ਗ੍ਰਾਮ ਕਾ ਰਹਾ । ੨੨ ।
ਪੁਨ ਬੋਲੇ ਪੁਰਜਨ ਨਰ ਨਾਰਾ । ਭੈਣੀ ਨਾਮੁ ਕਹੇ ਜਗੁ ਸਾਰਾ ।
ਤੁਰਕਾਂ ਕੇ ਦਫਤਰ ਹੈ ਭੈਣੀ । ਸ੍ਰੀ ਗੁਰ ਹੇਰ ਲੇਹੁ ਨਿਜ ਨੈਣੀ । ੨੩ ।
ਸ੍ਰੀ ਗੁਰ ਤਬ ਇਹੁ ਕਹਿਆ ਸੁਣਾਇ । ਤਿਹਿ ਚੋਲਾ ਤੁਮ ਹੇਰੋ ਜਾਇ ।
ਜਬ ਪੰਚਾ ਦਫਤਰ ਜਾਇ ਹੇਰਿਆ । ਚੋਲਾ ਨਾਮੁ ਦਫਤਰੀ ਟੇਰਿਆ । ੨੪ ।
ਤਬ ਪੁਰਜਨ ਸਗਰੇ ਵਡਭਾਗੇ । ਆਇ ਬਹੁਰ ਗੁਰਚਰਨੀ ਲਾਗੇ ।
ਸ੍ਰੀ ਸਤਗੁਰ ਢਿਗ ਕਹਿਆ ਪੁਕਾਰ । ਰੰਘਰ ਬੂਹਿ ਕਰੈਂ ਮਮ ਰਾਰ । ੨੫ ।

---

[1] ਕੁਠ

ਤਬ ਸ੍ਰੀ ਗੁਰ ਸ੍ਰੀ ਮੁਖਿ ਕਹਾ ਰੰਘਰੁ ਬਰੇ ਨ ਜੂਹਿ ।
ਰੱਲਾ ਓਲਾ ਗੁਰੂ ਕਾ ਬੂਹਿ ਪਈ ਵਿਚ ਖੂਹਿ ।੨੬।
ਤਬੈ ਵਿਆਸ ਨਦੁ ਬੂਹਿ ਕੋ ਲੈ ਗਯਾ ਕੋਪ ਗਿਰਾਇ ।
ਰੱਲਾ ਰਾਖਿਯਾ ਆਪ ਤਬ ਸ੍ਰੀ ਗੁਰ ਅਰਜਨ ਰਾਇ ।੨੭।
ਸ੍ਰੀ ਗੁਰ ਬਾਸੁ ਤਹਾਂ ਤਬ ਕੀਨਾ । ਹਰਿਮੰਦਰ ਤਿੰਹਿ ਠਾਰ ਚਾਲੀਨਾ ।
ਕਛੁਕ ਕਾਲ ਜਬ ਬੀਤਤ ਭਏ । ਪ੍ਰਿਥੀ ਚੰਦ ਚੇਲੇ ਚਲ ਗਏ ।੨੮।
ਗੁਰ ਅਰਜਨ ਪ੍ਰਿਤ ਬੰਦਨ ਧਾਰੀ । ਗੁਰੂ ਜਾਨ ਪਰਨਾਂਮ ਉਚਾਰੀ ।
ਸ੍ਰੀ ਗੁਰ ਸ੍ਰੀ ਮੁਖ ਵਾਕ ਅਲਾਇਆ ।
ਕੁਸਲ ਬੂਝ ਨਿਜ ਤੀਰ ਬੈਠਾਇਆ ।੨੯।
੧੫। ਬੂਝੀ ਸਰਬ ਬਸ[1] ਨਿਜ ਬਾਤੈ । ਮਾਤਲ ਕੀ ਬੂਝੀ ਕੁਸ ਰਾਤੈ ।
ਪੁਰਜਨ ਕੁਸਲ ਸਹਿਤ ਨਰ ਨਾਰੀ । ਪ੍ਰਿਥੀ ਚੰਦ ਸਭ ਕੁਸਲ ਉਚਾਰੀ ।੩੦।
੧੬ ਕੇਤਕ ਕਾਲ ਬਤੀਤ ਭਏ ਤਿਹਿ ਠੌਰ ਰਹੇ ਮਿਲ ਕੈ ਦੋਊ ਭ੍ਰਾਤਾ ।
ਏਕ ਸਮੈਂ ਕਹਿਯੋ ਆਪ ਪ੍ਰਿਥੀ ਚੰਦ ਦੇਵ ਅਰੱਜਨ ਕੋ ਇਹਿ ਬਾਤਾ ।
ਲੈ ਹਮਰੋ ਸੁਤੁ ਸਾਥ ਰਖੋ ਤੁਮ ਪੂਤ ਸਮਾਂਨ ਭਇਯੋ ਤਵ ਨਾਤਾ ।
ਡਾਲਸੁ ਗੋਦ ਕੁਸਾਲ ਭਇਯੋ ਤਿੰਹਿ ਕਾਲ ਪ੍ਰਿਥੀ ਚੰਦੁ ਆਪੁਨੈ ਤਾਤਾ ।੩੧।
ਸ੍ਰੀ ਗੁਰ ਅਰਜਨ ਨਾਥ ਕੈ ਹਾਥ ਦਈ ਭੁਜ ਆਪ ।
ਮਿਹਿਰਿਵਾਨ ਹੁਵੈ ਤਾਂ ਸਮੈ ਮਿਹਿਰਿਵਾਨ ਕੈ ਬਾਪ ।੩੨।
ਖਾਸਕੀ ਖਜਾਂਨਾਂ ਜੋ ਮਹਾਂਨਾਂ ਰਾਮਦਾਸ ਜੂ ਕੋ
ਪ੍ਰਿਥੀ ਚੰਦ ਪਾਸ ਸਭੁ ਸੌਂਪਿਯੋ ਹੁਤੋ ਆਦ ਕੋ ।
ਅਰਜਨ ਅਨੰਤ ਦੇਵ ਪਾਇ ਕੈ ਮਹੰਤ ਪਦੁ ਭਇਯੋ
ਨਿਰਵੈਰ ਨਾ ਚਿਤਾਰੇ ਬੈਰ ਬਾਦ ਕੋ ।
ਏਕ ਦਿਨ ਬੋਲ ਢਿਗ ਕਰਿਯੋ ਪ੍ਰਿਥੀ ਚੰਦ
ਜੁ ਕੋ ਤੀਰਥੁ ਅਲੋਪ ਈਂਹਾਂ ਕੀਨੋ ਬ੍ਰਿਹਿਮਾਦ ਕੋ ।
ਦਾਮ ਤੂੰ ਪਠਾਉ ਮੈਂ ਲਵਾਂਉ ਸਰੁ ਨਵਿ ਨਰ ਟਰੈ
ਦੁਖ ਦੀਹ ਜਗੁ ਪਾਇ ਹੈ ਉਲਾਦ ਕੋ ।੩੩।
ਪ੍ਰਿਥੀਚੰਦ ਕੋ ਭੀ ਬਾਨੀ ਐਸੇ ਕੈ ਬਖਾਂਨੀ
ਤਬ ਤਾਲ ਕੀ ਕਹਾਂਨੀ ਪ੍ਰਭ ਕਹਾਂ ਲੌ ਸੁਨਾਈਏ ।
ਅਲਪ ਜੋ ਉਸਾਰੋ ਤਾਲੁ ਬਨੈ ਹਾਲ
ਤਾਤ ਕਾਲ ਸਾਜੇ ਜੇਬਿਸਾਲ ਤੋ ਨ ਪੂਰੋ ਹੋਨ ਪਾਈਏ ।
ਬਾਬਰ ਕੇ ਰਾਜ ਦੀਹ ਕੈਸੇ ਸਰੁ ਬਨੈ ਆਜ
ਗੁਰੂ ਮਹਾਂਰਾਜ ਜੁ ਕੋ ਕੈਸੇ ਸਮਝਾਈਏ ।

ਰਾਵਰੋ ਤੇ ਆਇ ਸੁਨਾ ਮੇਟੈ ਬ੍ਰਿਹਮ ਬਿਸਨ ਸਿਵੂ
ਪ੍ਰਿਥੀ ਚੰਦ ਕਹਿਯੋ ਹਮ ਕੈਸੇ ਕੈ ਹਟਾਈਏ । ੩੪ ।

ਦੋਹਰਾ : ਪ੍ਰਿਥੀ ਚੰਦ ਕੇ ਵਾਕ ਏ ਸੁਣ ਗੁਰ ਅਰਜਨ ਨਾਥੁ ।
ਤਾਂ ਦਿਨ ਤੇ ਮਨ ਤੇ[1] ਤਜਿਯੋ ਪ੍ਰਿਥੀ ਚੰਦ ਕੋ ਸਾਥੁ । ੩੫ ।

ਦੋਹਰਾ : ਪ੍ਰਿਥੀ ਚੰਦੁ ਗਇਯੋ ਤਾਂ ਸਮੈਂ ਅੰਮ੍ਰਿਤਸਰ ਦਰਬਾਰ ।
ਮਿਹਿਰਿਵਾਂਨ ਕੋ ਸੌਂਪ ਕੈ ਢਿਗ ਅਰਜਨ ਕਰਤਾਰ । ੩੬ ।

ਦੋਹਰਾ : ਇੱਤ ਗੁਰ ਅਰਜਨ ਦੇਵ ਜੂ ਤਾਰਨ ਤਰਨ ਕਰਾਰ ।
ਸਭ ਸੰਗਤ ਕੋ ਹੁਕਮੁ ਦੈ ਲਗੈ ਕਢਾਂਵਨ ਕਾਰ । ੩੭ ।

ਸਵੈਯਾ : ਤਾਂਹਿ ਸਮੈਂ ਗੁਰਦੇਵ ਅਰੱਜਨ ਸੰਗਤ ਕੋ ਇਹਿ ਬਾਕ ਅਲਾਏ ।
ਤਾਰਨ ਤ੍ਰਨ ਤਲਾਵਹਿੰ ਕੀ ਨਰੁ ਨਾਰਿ ਜੁ ਆਇ ਕੈ ਕਾਰ ਕਢਾਏ ।
ਤਾਂ ਗ੍ਰਿਹਿ ਪੁੱਤ੍ਰ ਸਪੁੱਤ੍ਰ ਭਵੈ ਚਿਰ ਜੀਵ ਰਹੇ ਜਗ ਮੈਂ ਸੁਖ ਪਾਏ ।
ਦੂਰ ਕਰੇ ਦੁਖ ਦੀਰਘ ਕੋ ਨਰੁ ਜੋ ਸਰ ਸਾਲੁ ਹਮੇ ਸਹਿ ਨਾਏ । ੩੮ ।

ਸਵੈਯਾ : ਤਾਂਹਿ ਸਮੈਂ ਗੁਰ ਬੋਲ ਕੁਲਾਲਹਿੰ ਈਟ ਕਰੋਰ ਪਥਾਇ ਦਈ ।
ਬੇਸ ਸੁਕਾਇ ਚਢਾਇ ਅਵਾ ਪਰ ਲਾਇ ਦਵਾ ਪਕਵਾਇ ਲਈ ।
ਨੀਂਵ ਧਰੀ ਸਰ ਕੀ ਸੁਭਵਾਰ ਬਿਚਾਰ ਤਬੈ ਮਨ ਏਹੁ ਕਈ ।
ਆਜੁ ਸਪੂਰਨੁ ਭੇਟ ਧਰੇਸਿਖੁ ਹੋਇ ਸਪੂਰਨੁ ਤਾਲੁ ਸਹੀ । ੩੯ ।

ਸਵੈਯਾ : ਸੇਵਕੁ ਏਕੁ ਬਦੇਸਹਿ ਕਾ ਹਰ ਸਾਲ ਚਢਾਵਤ ਰੋਕ ਰਪੱਈਯੇ ।
ਆਇ ਗਈ ਤਿਸ ਕੇ ਮਨ ਮੈਂ ਸਰਕਾਰ ਕਢਾਂ ਘਰ ਕੋ ਅਨੁ ਖੱਈਯੇ ।
ਆਧ ਰਪੱਈਯਾ ਰਖੋਂ ਹਿਤ ਭੋਜਨ ਆਧ ਸ੍ਰੀ ਗੁਰ ਭੇਟ ਚਢੱਈਯੇ ।
ਕੋਟ ਉਪਾਵ ਕਰੈ ਨ ਟਰੈਬਿਧ ਜੋ ਕਰਤਾਰੁ ਕਰੈ ਸੋਈ ਲੱਈਯੇ । ੪੦ ।

ਸਵੈਯਾ : ਭੋਰ ਭਏ ਸਿਖ ਮੱਜਨੁ ਕੈ ਅਠ ਆਨੇਂ ਹਜੂਰ ਕੀ ਭੇਟ ਚਢਾਈ ।
ਤਾਂਹਿ ਸਮੈਂ ਗੁਰ ਆਪ ਕਹਿਯੋ ਸਿਖ ਕਿਯਾ ਤੁਮਰੇ ਮਨ ਭੀਤਰ ਆਈ ।
ਭੌਨ ਭੰਡਾਰ ਸਿਰੀ ਗੁਰ ਕੈ ਸੁਭ ਬਿੰਜਨ ਲੰਗਰ ਤੋਟ ਨ ਕਾਈ ।
ਹੈਨ ਕਛੁ ਤੁਮਰੇ ਬਸ ਸੇਵਕ ਜਾਂਨਤ ਹੌਂ ਕਰਤਾਰ ਕਰਾਈ । ੪੧ ।

ਸਵੈਯਾ : ਸੰਤ ਸੁਨੋਂ ਉਤ ਔਰ ਕਥਾ ਸਰ ਅੰਮ੍ਰਿਤ ਜੋ ਪ੍ਰਿਥਵੀ ਚੰਦ ਗਾਈ ।
ਆਪਨੇ ਮਹਿਲ ਸਮੀਪ ਪ੍ਰਿਥੀ ਚੰਦ ਏ ਅਪਨੇਂ ਮੁਖ ਵਾਕ ਅਲਾਈ ।
ਮੈਂ ਮਿਹਰਵਾਨ ਭੁਜਾ ਗਹਿ ਕੈ ਦਇਯੋ ਦੇਵ ਅਰੱਜਨ ਭੇਟ ਚਢਾਈ ।
ਏ ਸੁਨ ਮਹਿਲ ਪ੍ਰਿਥੀ ਚੰਦ ਕੇ ਸੰਗ ਕੋਪ ਕਰੀ ਬਹੁ ਭਾਂਤ ਲਰਾਈ । ੪੨ ।

ਦੋਹਰਾ : ਪ੍ਰਿਥੀ ਚੰਦ ਤਬ ਸੋਚ ਕਰ ਤਸਕਰ ਚਾਰ ਪਠਾਇ ।
ਮਿਹਿਰਿਵਾਨੁ ਨਿਸ ਸੋਵਤੇ ਲਇਯੋ ਚੁਰਾਇ ਮੰਗਾਇ । ੪੩ ।

---

[1] ਤੈ

ਹਰਾ : ਤ੍ਰਨ ਤਾਰਨ ਸਰ ਤਟ ਇਤੈ ਸ੍ਰੀ ਗੁਰ ਅਰਜਨ ਦੇਵ ।
ਮਨ ਮੈਂ ਭਏ ਉਦਾਸ ਤਬ ਕਿਨੈ ਨ ਪਇਆ ਭੇਵ । ੪੪ ।
ਹਰਾ : ਕਛੁਕ ਦਿਵਸ ਤਿਹਿ ਧੀਰ ਧਰ ਨਿਰਗੁਣ ਗਿਯਾਨੁ ਪ੍ਰਕਾਸੁ ।
ਬਹੁਰ ਸ੍ਰੀ ਗੁਰ ਆ ਕੀਯਾ ਰਾਂਮਦਾਸ ਪੁਰ ਵਾਸੁ । ੪੫ ।
ਪਈ : ਅੰਮ੍ਰਿਤਸਰ ਗੁਰ ਗਏ ਸੁਨੇ ਜਬ । ਇਤ ਸੁਨ ਪਾਇਯੋ ਦੁਸਟ ਤੁਰਕ ਤਬ ।
ਨਗਰ ਨੂਰਦੀ ਨਿਤ ਪ੍ਰਤ[1] ਰਹੇ । ਨੂਰਦੀਨ ਖਾਂ ਤਿਹਿ ਸਭ ਕਹੇ । ੪੬ ।
ਖਲ ਦਿਮਾਗੁ[2] ਰੰਘਰੁ ਦੁਖਦਾਈ । ਜਿੰਹਿੰ ਨਹਿੰ ਨੇਕੀ ਕਦੇ ਕਮਾਈ ।
ਦਿਜ ਦੋਖੀ ਸੰਤਨ ਸੰਗ ਅਰੇ । ਪਰ ਉਪਕਾਰ ਨ ਕਬਹੂੰ ਕਰੇ । ੪੭ ।
ਮਦ ਪਾਨੀ ਜੀਵਨ ਕੋ ਹੰਤਾ । ਔਰ ਦੋਖ ਜਿੰਹਿ ਮਾਂਹਿ ਅਨੰਤਾ ।
ਏਕ ਦਿਵਸ ਤਾ ਕੈ ਮਨ ਆਈ । ਕ੍ਰੋਰ ਈਟ ਜੋ ਗੁਰੂ ਪਥਾਈ । ੪੮ ।
ਪਕੇ ਪੰਜਾਵੇ ਬੇਸ ਪਚਾਸਾ । ਤਾਂਹਿ ਲੈਣ ਮਨ ਧਾਰੀ ਆਸਾ ।
ਖਰ ਗਾਡੇ ਬਹੁ ਦੀਏ ਲਗਾਇ । ਸਰਬ ਪੰਜਾਵੇ ਲਏ ਢੁਆਇ । ੪੯ ।
ਰਾਜ ਮਜੂਰ ਲਗਾਏ ਕਈ । ਤਿਨੈ ਸ੍ਰਾਂਇ ਸੀਘਰ ਰਚ ਦਈ ।
ਇਤ ਲੋਗਨ ਸ੍ਰੀ ਗੁਰ ਢਿਗ ਆਇ । ਸਿਰਾਂਇ ਸਾਰ ਸਭ ਕਹੀ ਸੁਨਾਇ । ੫੦ ।
ਤਬ ਸ੍ਰੀ ਗੁਰ ਏਹੁ ਵਾਕੁ ਉਚਾਰਾ । ਜਬ ਹਮ ਧਰੋਂ ਦਸਵ[3] ਅਵਤਾਰਾ ।
ਸਜਹੋਂ ਸਬਲ ਖਾਲਸਾ ਜਬ ਹੀ । ਲੇਂਹਿੰ ਲਹੌਰੁ ਲੂਟ ਵਹੁ ਤਬ ਹੀ । ੫੧ ।
ਤਬ ਇਕੁ ਸਿੰਘੁ ਜਗੈ ਬਲਵਾਂਨਾਂ । ਹਨੈਂ ਜੰਗ ਕਰ ਮੁਗਲ ਪਠਾਂਨਾਂ ।
ਬਹੁਤ ਦੇਸ ਵਹੁ ਜੀਤੈ ਜਬ ਹੀ । ਸਾਖੀ ਸੁਨੈ ਗੁਰੂ ਕੀ ਤਬੀ ਹੀ । ੫੨ ।
ਇਸ ਸਰਾਂਇੰ ਕੋ ਜਰੋ ਉਖਾਰ । ਸਰਬ ਈਟ ਵਹੁ ਲਏ ਨਿਕਾਰ ।
ਤਾਂਰਨ ਤਰਨ ਲਗਾਵੈ ਜਬੈ । ਹੋਇ ਸਪੂਰਨੁ ਸਰੁਵਰੁ ਤਬੈ । ੫੩ ।
ਐਸੇ ਕਹਿ ਸ੍ਰੀ ਗੁਰ ਬਲਵਾਂਨਾਂ । ਸ੍ਰੀ ਹਰਿਮੰਦਰ ਕੀਓ ਪਯਾਂਨਾਂ ।
ਸੋਦਰੁ ਸੰਧਿਯਾ ਕਰ ਅਰਿਦਾਸ ਪਢਿਆ ਆਰਤਾ ਦੀਪ ਪ੍ਰਕਾਸ । ੫੪ ।
ਪੁਨ ਸ੍ਰੀ ਗੁਰ ਨਿਜ ਧਾਂਮ ਸਿਧਾਏ । ਨਿਜ ਮੰਦਰ ਜਬ ਸ੍ਰੀ ਪਦ ਪਾਏ ।
ਦੀਪੁ ਦਿਸਟ ਤਿੰਹਿੰ ਬਰਤਨ ਪਰਾ । ਤਬ ਗੁਰ ਸ੍ਰੀ ਮੁਖ ਏਹੁ ਉਚਰਾ । ੫੫ ।
ਬਾਂਵਨ ਜਾਨਹਿ ਦੀਪ ਪ੍ ਸੇ । ਬੂਝਤ ਹੌਂ ਸਿਵ ਜਟਾ ਨਿਵਾਸੇ ।
ਕਾਰਣ ਕੌਨ ਦੀਪ ਨਹਿ ਜਾਰੇ । ਸਾਚੁ ਕਹੋ ਤੁਮ ਪਾਸ ਹਮਾਰੇ । ੫੬ ।
ਸ੍ਰੀ ਗੁਰ ਮਹਿਲੁ ਨਾਂਮੁ ਤਿਹਿ ਗੰ ਗਾ । ਬੋਲਤ ਭਈ ਵਾਕ ਰਸ ਭੰਗਾ ।
ਭਏ ਤੁਮੈਂ ਨਿਰ ਇੱਛ ਸੁਵਾਮੀ । ਸਾਚ ਕਹੋ ਬੰਤਾ ਸੁਤ ਗਾਮੀ । ੫੭ ।
ਜੁਗ ਦੀਪਕ ਚਤੁਰਾਂਨਨ ਸਾਜੇ । ਇਕੁ ਨਿਸ ਪਤੁ ਇਕੁ ਦਿਨ ਪਤੁ ਛਾਜੇ ।
ਜਗਦੀਪਕ ਸੂਰਜੁ ਅਰ ਚੰਦੂ । ਕੁਲ ਕਾ ਦੀਪਕੁ ਕਹੀਏ ਨੰਦ । ੫੮ ।

ਪ੍ਰਿਤ [2]ਦਿਸਾਗ [3]ਦਸਮ

ਸੋ ਤੁਮਰੇ ਮਨ ਚਾਰਿ ਨ ਮਾਸਾ । ਕਿਹਿ ਹਿਤਿ ਕੀਜੈ ਦੀਪ ਪ੍ਰਕਾਸਾ ।
ਕਿਉ ਸਨੇਂਹੁ ਸੂਨੈ ਘਰ ਜਾਰੋ । ਪ੍ਰਿਥੀ ਚੰਦ ਕੇ ਦੀਪਕ ਬਾਰੇ । ੫੯ ।

ਦੋਹਰਾ : ਐਸੇ ਵਾਕ ਭਗੀਰਥੀ ਕਹੇ ਕੰਤ ਸੋਂ ਕੋਪ ।
ਮਲਨੰ ਬਰ ਲੈ ਤਾਂ ਸਮੈ ਪਰੀ ਭੂਮਿ ਪਗ ਰੋਪ । ੬੦ ।

ਸਵੈਯਾ : ਤਾਂਹਿ ਸਮੈਂ ਸ੍ਰੀ (ਗੁਰ) ਦੇਵ ਅਰਜਨ ਸੱਜਨ ਹੁਵੈ ਇਹ ਵਾਕ ਉਚਾਰੇ ।
ਜਾਨਵੀ ਜੋਰੁ ਕਰੋ ਨਹੀ ਵੇਜਕ ਸਾਚੁ ਕਹੋਂ ਸੁਨੁ ਵਾਕ ਹਮਾਰੇ ।
ਜਾਹੁ ਬੁਢੇ ਰਮਦਾਸ ਹਜੂਰ ਦੋਊ ਕਰ ਜੋਰ ਹੁਇ ਦੀਨ ਅਗਾਰੇ ।
ਮਾਂਗ ਲਹੋ ਬਰੁ ਜੋ ਮਨਸਾ ਵਹੁ ਦੇਵਹਿੰਗੇ ਸੁਤੁ ਤੋਹਿ ਉਦਾਰੇ । ੬੧ ।

ਸਵੈਯਾ : ਭੋਰ ਭਏ ਪਤ ਆਇਸੁ ਲੇ ਰਥ ਰੂਢ ਭਈ ਸਜ ਸੈਂਨ ਸਿਧਾਈ ।
ਹੇ ਰਥੁ ਢੇਰ ਰਮਦਾਸ ਕਹਿਯੋ ਇਹਿ ਫੌਜ ਕਹੋ ਕਿਹਿੰ ਕਾਰਨ ਆਈ ।
ਕਾਹੂ ਕਹਿਯੋ ਗੁਰ ਮੰਦਰੁ ਹੈ ਫਿਰ ਏਹੁ ਬੁਢੇ ਰਮਦਾਸ ਸੁਣਾਈ[1] ।
ਆਵਤ ਸੈਂਨ ਉਤਾਵਲ ਸੋਂ ਗੁਰ ਕੌ ਕਿਨ ਕੇ ਡਰ ਭਾਜੜ ਪਾਈ । ੬੨ ।

ਦੋਹਰਾ : ਐਸੇ ਕਹਿ ਰਮਦਾਸ ਜੂ ਚੁਪ ਹੁਵੈ ਰਹੇ ਨਿਕਾਂਮ ।
ਸ੍ਰੀ ਗੁਰ ਮਹਿਲ ਸਚਿੰਤ ਹੁਵੈ ਬਸੇ ਆਇ ਨਿਜ ਧਾਂਮ । ੬੩ ।

ਸਵੈਯਾ : ਤਾਂਹਿ ਸਮੈ ਕਹਿਯੋ ਦੇਵ ਅਰੱਜਨ ਹੁਵੈ ਰਥ ਰੂਢ ਲੈ ਸੈਨ ਸਿਧਾਈ ।
ਲੈਨ ਉਲਾਦ ਗਈ ਸ੍ਰ ਸੁਰੀ ਕੀ ਤੂੰ ਲੈ ਅਪੁਨੈਂ ਸੰਗ ਭਾਜੜ ਆਈ ।
ਸ੍ਰੀ ਰਾਮਦਾਸਪੁਰਾ ¯ ਤਜ ਕੈ ਰਾਮਦਾਸ ਕੇ ਵਾਕ ਸੁ ਲੇਹੁ ਬਚਾਈ ।
ਲਾਦ ਲਹੋ ਗਡ ਬਾਸਨ ਕੀ ਪੁਰ ਆਂਨ ਬਸੋ ਦਿਨ ਤੀਨ ਕ ਜ਼ਾਈ । ੬੪ ।

ਦੋਹਰਾ : ਅੰਮ੍ਰਿਤਸਰ ਤੇ ਕੂਚ ਕਰ ਬਾਸਣ ਗੱਡੇ ਪਾਇ[2] ।
ਤ੍ਰੈ ਦਿਨ ਵੱਲੇ ਵੇਰੁਕੇ ਵਸੇ ਸ੍ਰੀ ਗੁਰ (ਜੀ) ਆਇ । ੬੫ ।

ਸਵੈਯਾ : ਸੇਵਕ ਕੇ ਕਰ ਵਾਕ ਸਪੂਰਨ ਫੇਰ ਸ੍ਰੀ ਗੁਰ ਅਰਜਨ ਰਾਈ ।
ਆਇ ਵਸੇ ਸਰ ਅੰਮ੍ਰਿਤ ਜੂ ਸਭੁ ਰਾਜ ਸਮਾਜੁ ਲੈ ਸੰਗ ਲਵਾਈ ।
ਬੋਲ ਸਮੀਪ ਸੁ ਮਹਿਲੁ ਸ੍ਰੀ ਗੁਰ ਏਹੁ ਸਿਰੀ ਮੁਖ ਵਾਕ ਅਲਾਈ ।
ਜਾਹੁ ਬੁਢੇ ਰਮਦਾਸ ਪੈ ਫੇਰ ਸਜੋ ਇਹੁ ਸਾਜੁ ਮੈਂ ਦੇਂਉ ਸੁਣਾਈ । ੬੬ ।

ਸਵੈਯਾ : ਛਾਡ ਕੇ ਬਾਸਨੁ ਪੂਰ[3] ਧਰੋ ਸਿਰ ਗੇਹੂੰ ਚਨੇ ਪਰਸਾਦੁ ਪਕੱਈਯੋ ।
ਸਾਥ ਗਠੇ ਮ੍ਰਿਚ ਨੂੰਨ ਡਰੀ ਨਿਜ ਲੈ ¯ ਸਿਰ ਪੈ ਧਰ ਪਾਂਇਨ ਜੱਈਯੋ ।
ਜਾਇ ਸਮੀਪ ਉਤਾਰ ਪ੍ਰਸਾਦੁ ਸੁ ਜੋਰ ਦੋਊ ਕਰ ਪਾਂਇਨ ਪੱਈਯੋ ।
ਰੀਝ ਕੈ ਜੋ ਰਮਦਾਸੁ ਪੁਛੇ ਤੁਹਿ ਤੋ ਅਪਨੋਂ ਸੁਭੁ ਸੁਵਾਲੁ ਸੁਨੱਈਯੋ । ੬੭ ।

ਸਵੈਯਾ : ਯੌਂ ਕਹਿ ਦੇਵ ਅਰੱਜਨ ਜੂ ਚਲ ਆਪ ਸਿਰੀ ਹਰਿਮੰਦਰ ਆਏ ।
ਤਾਂਹਿ ਸਮੈ ਜਗ ਮਾਤ ਗੰਗਾ ਇਤਿ ਲੰਗਰ ਸੇਵਕ ਆਪ ਬੁਲਾਏ ।

---

[1]ਸੁਣੀਈ [2]ਮਾਂਹਿ [3]ਪੁਰ

ਬੇਗ ਪ੍ਰਸਾਦੁ ਪਕਾਵੁ ਮਿਸੇ ਤਬ ਸ੍ਰੀ ਮੁਖ ਤੇ ਇਹ ਵਾਕੁ ਅਲਾਏ ।
ਆਪ ਲਗੀ ਮਥਨੇ ਧਧ[1] ਤਾਂ ਛਿਨ ਲੈ ਮਥਨੀ ਚਟੁਕੀ ਮਧ ਪਾਏ । ੬੮ ।

ਮਾਖਨੁ ਛਾਛ ਬਿਲੋਇ ਜੁਦੇ ਕਰ ਗੋਂਹੂੰ ਚਨੇ ਪਕਵਾਈ ਹੈ ਰੋਟੀ ।
ਰੂਪਰ ਬਾਰ ਸੁ ਬੀਚ ਧਰੀ ਜੁਗ ਜਾਨੁ ਛਕੇ ਸਮ ਘੇਵਰ ਮੋਟੀ ।
ਮਾਖ ਰੁਪੇ ਬਰ ਛਾਛ ਛਨਾਇ ਪੁਰਾਇ ਲਈ ਮਟੁਕੀ ਸੰਗ ਛੋਟੀ ।
ਧਾਰ ਲਈ ਮਨਸਾ ਸੁਤ ਕੀ ਮਨ ਪਾਂਇ ਚਲੀ ਚਟੁਕੀ ਧਰ ਚੋਟੀ । ੬੯ ।

ਸੰਤਨ ਕੇ ਢਿਗ ਜਾਤ ਕਹੂੰ ਮਨ ਰੰਚਕ ਹੂੰ ਅਭਮਾਨੁ ਨ ਕੀਜੈ ।
ਸੁੰਦਰੁ ਮੈ ਕੁਲ ਊਚ ਲਇਯੋ ਭਵ ਐਸ ਗੁਮਾਨ ਕੋ ਦੂਰ ਕਰੀਜੈ ।
ਪ੍ਰੇਮੁ ਹੀਏਂ ਧਰ[2] ਸਾਂਤ ਕਤਾ[3] ਗਹਿ[4] ਸੰਤਨ ਕੇ ਪਦ ਸੇਵ ਕਮੀਜੈ ।
ਵੀਰ ਮ੍ਰਿਗੇਸ ਲੁਕੇਸ ਲਿਖਿਯੋ ਨਹਿ ਸੋ ਵਰੁ ਸੰਤ ਪ੍ਰਤਾਪ ਤੇ ਲੀਜੈ । ੭੦ ।

ਦੇਵ ਅਰੱਜਨ ਆਇਸੁ ਲੈ ਪਰਸਾਦੁ ਚਲੀ ਧਰ ਸੀਸ ਪੈ ਗੰਗਾ ।
ਪਾਂਇਨ ਪਾਂਇਨ ਜਾਤ ਸਨੇ ਸਨ ਦਾਸੀ ਅਨੇਕ ਸੁਹਾਵਤ ਸੰਗਾ ।
ਹੇਰ ਬੁਢੇ ਰਮਦਾਸ ਕਹਿਯੋ ਉਤ ਆਵਤ ਕੋ ਤ੍ਰਿਯ ਪੁਜੰ ਉਮੰਗਾ ।
ਕਾਹੂ ਕਹਿਯੋ ਗੁਰ ਮਹਿਲੁ ਸੁ ਗੰਗ ਜੂ
ਤੌ ਗਇਯੋ ਸਾਂਮੁ ਹੇ ਪਾਇਨ ਨੰਗਾ । ੭੧ ।

ਯਾ : ਆਇ ਪ੍ਰਣਾਮ ਕਰੀ ਪ੍ਰਿਥਮੈ ਰਮਦਾਸ ਸ੍ਰੀ ਗੁਰ ਮਹਿਲ ਅਗਾਰੇ ।
ਸੇਵਕ ਤੀਰ ਪ੍ਰਸਾਦੁ ਧਰਿਯੋ ਜਗ ਮਾਤ ਸਿਰੀ ਮੁਖ ਏਹੁ ਉਚਾਰੇ ।
ਤੂੰ ਗੁਰ ਨਾਨਕ ਕੇ ਪਦ ਸੇਵਕੁ ਮੋਹਿ ਗਹੈ ਪਦ ਸਾਂਮ ਤਿਹਾਰੇ ।
ਹੋਇ ਕ੍ਰਿਪਾਲ ਨਿਹਾਲੁ ਕਰੋ ਮਮ ਸੀਰੁ ਹੋਵੈ ਸੁਢ ਬੰਸ ਮਝਾਰੇ । ੭੨ ।

ਹਰਾ : ਜਬ ਸ੍ਰੀ ਗੰਗਾ ਯੋਂ ਕਹਿਯੋ ਜੀ ਭਾਈ ਰਮਦਾਸ ।
ਸਾਂਝ ਹੋਇ ਸੁਢ ਬੰਸ ਮਮ ਪੂਰਨ ਕੀਜੈ ਆਸ । ੭੩ ।

ਵੈਯਾ : ਸਾਂਝ ਰਹੇ ਸੁਢ ਬੰਸ ਸਦਾ ਸਮ ਜੋ ਮੁਖ ਤੇ ਜਗਮਾਤ ਅਲਾਇਯੋ ।
ਤਾਂਹਿ ਸਮੈ ਰਮਦਾਸ ਬੁਢੇ ਮੁਖ ਵਾਹਿਗੁਰੂ ਕਹਿ ਭੋਜਨ ਪਾਇਯੋ ।
ਅੰਮ੍ਰਿਤ ਬਿੰਜਨ ਪਾਇ ਅਘਾਇ ਚੁਲਾ ਕਰ ਕੈ ਮੁਖ ਏਹੁ ਸੁਨਾਇਯੋ ।
ਹੇ ਕਰਤਾਰ ਮੁਰਾਰ ਦਮੋਦਰ ਲਾਜ ਰਖੋ ਸਰਨੀ ਹਮ ਆਇਯੋ । ੭੪ ।

ਵੈਯਾ : ਤੇਰੋ ਈ ਜਾਂਨ ਸਿਰੀ ਗੁਰ ਨਾਨਕ ਲੋਗ ਕਹੇਂ ਰਮਦਾਸੁ ਹਜੂਰੀ ।
ਜਾਂਹਿ ਨਮਿੱਤ ਆਈ ਜਗਮਾਤ ਕਰੋ ਇਨ ਕੀ ਮਨਸਾ ਸਭ ਪੂਰੀ ।
ਸੋ ਅਵਤਾਰੁ ਧਰੋ[5] ਇਨ ਕੈ ਜਿੰਹਿ ਕੋਪ ਘੰਧਾਰ ਡਰੇ ਗਢੁ ਤੂਰੀ ।
ਐਸੇ ਕਰੀ ਅਰਦਾਸ ਜਬੈ ਹਰਿ ਤੀਰ ਹਜੂਰ ਭਈ ਮਨਜੂਰੀ । ੭੫ ।

ਵੈਯਾ : ਨੈਨ ਉਘਾਰੁ ਬੁਢੇ ਰਮਦਾਸ ਕਹਿਯੋ ਜਗਜਾਤ ਜੂ ਧਾਂਮ ਸਿਧਾਰੋ ।
ਲੇਂਵਹਿਗੇ ਤੁਮਰੇ ਭਵ[6] ਸੋ ਜਿੰਹਿ ਸੇਸ ਮਹੇਸ ਜਪੈ ਮੁਖ ਚਾਰੋ ।

---

[1]ਦੂਧ [2]ਜਬ [3]ਕਥਾ [4]ਕਹਿ [5]ਭਵੇ [6]ਭਸ

ਨਾਂਵ ਧਰੋ ਹਰਿਗੋਬਿੰਦ ਜੂ ਮਹਿ ਮੰਡਲ ਤੇਜ ਅਖੰਡ ਅਪਾਰੋ ।
ਹੇਤ ਹਿੰਦਾਂਨ ਕ੍ਰਿਪਾਂਨ ਗਹੇ ਜੁਗ ਮਾਰ ਮਲੇਛ ਹਰੈ ਧਰ ਭਾਰੋ । ੭੬ ।

ਕਬਿਤ : ਬੁਢੇ ਰਮਦਾਸ ਮਨ ਆਂਨਦ ਪ੍ਰਕਾਸ
ਮਾਤ ਗੰਗਾ ਜੂ ਕੈ ਪਾਸ ਮੁਖ ਐਸੇ ਕੈ ਬਖਾਂਨੀਯਾਂ ।
ਰਾਜਨ ਕੋ ਰਾਜ ਮਹਾਂਰਾਜ ਰਾਜਾ ਰਾਂਮ
ਸਮ ਹੋਵੈ ਸੁਤ ਤੇਰੇ ਮਹਾਂਬਾਹ ਬਲਵਾਨੀਯਾਂ ।
ਜਾਂ ਕੈ ਤੇਜ ਆਗੈ ਤੇਜੁ ਬਾਬਰ ਕੋ ਫੀਕੋ
ਲਾਗੈ ਭਾਗੈ ਪੁੰਜ ਪਾਪ ਜਾਗੈ ਧਰਮੁ ਮਹਾਂਨੀਯਾ ।
ਲੋਪੁਰ ਦਿਲੀਸ ਜੁਗ ਤਖਤ ਨਿਵਾਰ ਸਿਰੀ
ਸੁਧਾ ਸਰ ਤਖਤੁ ਉਸਾਰੇ ਰਾਜਧਾਂਨੀਯਾ । ੭੭ ।

ਕਬਿਤ : ਪੂਤ ਬਰੁ ਪਾਇ ਸਿਰੁ ਨਾਇਕ ਰਮਦਾਸ ਜੂ
ਕੋ ਗੰਗਾ ਜੂ ਮਨਾਇ ਦੁਰ ਦਾਂਨਨ ਸਿਧਾਨੀਯਾਂ ।
ਦਾਸੀ ਦਾਸ ਸਭ ਆਨੰਦ ਉਮੰਗ ਬਸੀ
ਧਾਂਮ ਨਿਜ ਗੰਗ ਸੁਢਿ ਬੰਸ ਰਾਜਰਾਂਨੀਯਾ[1] ।
ਆਏ ਧਾਂਮ ਦੇਵ ਨਿਸ ਅ੍ਰਜਨ ਅਭੇਵ
ਸੁਨ ਗੰਗਾ ਹਿਤ ਸੇਵ ਪਤ ਆਗੈ ਲੈਨ ਧਾਨੀਯਾਂ ।
ਪੌਰ ਮਿਲੀ ਆਇ ਸਿਰੁ ਨਾਇ ਪਤੁ ਧਾਂਮ
ਆਨ ਪਲਕਾ ਡਸਾਇ ਪਦ ਧੋਇ ਬਿਗਸਾਨੀਯਾ । ੭੮ ।

ਦੋਹਰਾ : ਜਬ ਗੰਗਾ ਅਤ ਸੈ ਕੀਯਾ ਚਰਨ ਕਵਲ ਸੰਗੁ ਪਿਯਾਰ ।
ਤਬ ਗੁਰ ਅਰਜਨ ਸ੍ਰੀ ਮੁਖ ਐਸੇ ਕਹਿਆ ਉਚਾਰ । ੭੯ ।

ਦੋਹਰਾ : ਸਾਚੁ ਕਰੋ ਨਿਰਜੁਰਨ ਦੀ ਬਿਸਨ ਪਦੀ ਤਜ ਸੰਕ ।
ਭਾਈ ਬੁੱਢੇ ਕਿਆ ਕਹਿਯਾ ਕਹੋ ਬਾਤ ਸਰਬੰਕ । ੮੦ ।

ਦੋਹਰਾ : ਪ੍ਰਭ ਅਰਜਨ ਕੇ ਤਾਂ ਸਮੈਂ ਸੁਨ ਅੰਮ੍ਰਿਤ ਸਮ ਬੈਨ ।
ਸ੍ਰੀ ਗੰਗਾ ਲਾਗੀ ਤਬੈ ਹਸ ਮੁਖ ਉਤ੍ਰ ਦੈਨ । ੮੧ ।

ਸੰਕਰ ਛੰਦ : ਜਬ ਗਈ ਮੈਂ ਪਰਸਾਦੁ ਲੈ ਚਲ ਸੰਤ ਬੁਢੇ ਤੀਰ ।
ਤਬ ਹੇਰ ਮੋ ਕੋ ਬੇਗ ਵਹੁ ਜੁਗ ਜੋਰ ਕਰ ਮਤ ਧੀਰ ।
ਪਦ ਨਗਨ ਆਇਓ ਸਾਮੁਹੇ ਆ ਪਰੋ ਮੇਰੇ ਪਾਂਇ ।
ਕਹੇ ਵਾਕ ਮੋ ਪ੍ਰਿਤ ਦੀਨ ਹੁਵੈ ਕਿਹਿ ਕਾਜ ਆਈ ਮਾਂਇ । ੮੨ ।
ਮੈਂ ਤਾਂ ਸਮੈ ਪਰਸਾਦੁ ਧਰ ਧਰ ਕੀਨ ਏਹੁ ਉਚਾਰ ।
ਤੂੰ ਆਦ ਸੇਵਕੁ ਤਾਸ ਕੋ ਜੋ ਪਰਮ ਪੁਖ ਉਤਾਰ ।
ਮੈਂ ਆ ਗਹੀ ਸਰਨਾਗਤੀ ਗੁਰਸਿੱਖ ਤੋ ਕੋ ਹੇਰ ।

---
[1] ਰਾਜਧਾਨੀਯਾ

ਕਰ ਮਇਆ ਮੋ ਬਰੁ ਦੀਜੀਏ ਸੁਤੁ ਸੋਢ ਬੀਸਹਿ ਮੇਰ । ੮੩ ।
ਉਨ ਪਾਇ ਭੋਜਨੁ ਕਰ ਚੁਲਾ ਕਰ ਜੋਰ ਕਰ ਅਰਦਾਸ ।
ਕਹਿਯਾ ਹੋਇਗੋ ਸੁਤੁ ਆਇ ਤਵ ਜਿੰਹਿ ਛੀਰ ਸਾਗਰ[1] ਵਾਸ ।
ਮੈਂ ਪਾਇ ਬਰੁ ਪਰਨਾਮੁ ਕਰ ਲੈ ਦਾਸ ਦਾਸੀ ਸਾਥ ।
ਪੁਨ ਆ ਬਸੀ ਨਿਜ ਧਾਂਮ ਮੈਂ ਭਈ ਕਥਾ ਏ ਮਮ ਨਾਥ । ੮੪ ।
ਤਬ ਕਹਿਯੋ ਅਰਜਨ ਨਾਥ ਜੂ ਅਬ ਦੀਪ ਘ੍ਰਿਤ ਕੇ ਬਾਰ ।
ਅਬ ਹੋਇਗੋ ਸੁਤੁ ਧਾਂਮ ਤੇਰੇ ਬਿਸਨ ਕੇ ਅਵਤਾਰ ।
ਸੁਖ ਪਾਇ ਵਾਕ ਬਿਲਾਸ ਕਰ ਗੁਰਧਾਂਮ ਰੈਂਨ ਬਿਤਾਇ ।
ਪਰਭਾਤ ਕਰ ਇਸਨਾਨੁ ਗੁਰ ਦਰਬਾਰ ਬੈਠੇ ਆਇ । ੮੫ ।
ਨਿਤ ਸਾਧ ਸੰਗਤ ਰਰਹਿੰ ਹਰਿ ਜਸੁ ਕਰਹਿੰ ਗਿਯਾਂਨ ਬਿਲਾਸ ।
ਦਸ ਚਾਰ ਬੀਸ ਪਚਾਸ ਦਿਨ ਭਈ ਗੁਰੂ ਕੇ ਘਰ ਆਸ ।
ਗੁਰ ਕਹਿਯੋ ਬਿੱਪ ਬੁਲਾਇ ਕਰ ਜਪੁ ਦਾਂਨੁ ਜੱਗੁ ਕਰਾਹੁ ।
ਦਰਬਾਰ ਸੰਗਤ ਮੇਲ ਗੁਰ ਨਿਤ ਲਗੇ ਕਰਨ ਕੜਾਹੁ । ੮੬ ।
ਤ੍ਰੈ ਚਾਰ ਪੰਜ ਖਟ ਮਾਸ ਸਤ ਅਠ ਨੌਂ ਚਢੇ ਦਸ ਮਾਸ ।
ਤਬ§ ਕਹਿਯੋ ਗਰ ਪ੍ਰਿਤ ਜੋਤਸੀ ਪੁਰ ਆਂਨ ਕੀਜੈ ਬਾਸ ।
ਭਵ ਲਏ ਬਾਲਕੁ ਜਾਂ ਸਮੈਂ ਫਿਰ ਆਇ ਅਪਨੇ ਧਾਂਮ ।
ਪ੍ਰਭ ਆਇ ਪੂਰਬ ਜਿਉਂ ਕਰੋ ਨਿਜ ਧਾਂਮ ਮੋ ਬਿਸਰਾਂਮ । ੮੭ ।
ਬਲਵਾਂਨੁ ਬਾਲਕੁ ਹੈ ਮਹਾਂ ਇਹੁ ਠੌਰ ਲੇਹੁ ਬਟਾਇ ।
ਕਲਆਂਨ ਚਹੀਏ ਰਾਵਰੀ ਦਸ ਆਠ ਬਰਖ ਬਿਤਾਇ ।
ਗੁਰ ਆ ਵਡਾਲੀ ਤਾਂ ਸਮੈਂ ਸਹਿ ਮਹਿਲ ਕੀਨ ਨਿਵਾਸੁ ।
ਤਿੰਹਿ ਭਇਯੋ ਕਰਤਾ ਪੁਰਖ ਕਾ ਭਵੁ ਭੂੰਮ ਪੈ ਪਰਕਾਸ । ੮੮ ।
ਗ੍ਰਿਹਿ ਊਚ ਠੌਰ ਬਿਰਾਜ ਈ ਸੁਭ ਸੋਂਮ ਦ੍ਰਿਸਟਿ ਵਿਲੋਕ ।
ਨਭ ਸਬਦ ਅਨਹਦ ਬਾਜਈ ਜੈ ਜਪੈ ਚੌਦਹਿ ਲੋਕ ।
ਗੁਰ ਦਾਨੁ ਦੀਨਾ ਕੋ ਦਇਯੋ ਗਜ ਬਾਜ ਮੁਹਿਰ ਅਪਾਰ ।
ਅਸਮੇਧ ਕੇ ਸਮ ਯੱਗ ਕੀਨੇ ਰਾਜ ਸੂ ਬਲੁ ਧਾਰ । ੮੯ ।
ਮਿਲ ਸਾਧ ਸੰਗਤ ਤਾਂ ਸਮੈਂ ਮੁਖ ਜਪਿਯੋ ਹਰਿ ਕੇ ਜਾਪ ।
ਗੁਰ ਨਾਉਂ ਹਰਿ ਗੋਬਿੰਦੁ ਰਾਖਿਯੋ ਸ੍ਰੀ ਮੁਖ ਕਹਿ ਆਪ ।
ਖਚ ਹਾਰਟਾ ਤਿੰਹਿ ਕੂਪੁ ਸਜ ਬਰੁ ਗੰਗਾ ਜਮ ਦੈ ਤਾਸ ।
ਗੁਰ ਕਾਲ ਕਛੂ ਕਬਿਤਾ ਇਤਿੰਹਿ ਸਰ ਸੁਧਾ ਕੀਨੋਂ ਬਾਸ । ੯੦ ।

ਸਵੈਯਾ : ਆਇ ਬਸੇ ਰਾਂਮਦਾਸ ਪੁਰ ਗੁਰ ਤੀਰ ਸਭੂਹਿ ਮਸੰਦ ਬੁਲਾਏ ।
ਲਾਇ ਦਿਵਾਨੁ ਬਖਾਂਨ ਸਿਰੀ ਮੁਖ ਐਸੇ ਕਹਿਯੋ ਕਰ ਦੱਛ ਉਠਾਏ ।

[1]ਸਗਰ

ਰੇਖਤੇ ਕੀ ਧਰ ਨੀਂਵ ਸੁਧਾ ਸਰ ਪੌਰੀ ਚਹੂੰ ਦਿਸ ਦੇਹੁ ਬਨਾਏ ।
ਬੀਚ ਸਜੋ ਹਰਿਮੰਦਰ ਜੀ ਸੁਭ ਸੇਤੁ ਖਿਸਾਲ ਲਹੋ ਬੰਧਵਾਏ । ੯੧ ।

ਸਵੈਯਾ : ਏ ਸੁਨ ਵਾਕ ਸਿਰੀ ਗੁਰ ਕੇ ਪੁਰ ਬੀਥਨ ਬੀਥ ਮਸੰਦ ਸਿਧਾਏ ।
ਬੋਲ ਕੁਲਾਲਨ ਕੇਤਨ ਤੇ ਸਭ ਲੈ ਮੰਗ ਆਇ ਹਜੂਰ ਮਿਲਾਏ ।
ਦਾਂਮ ਕਰਾਰੇ ਲਹੋ ਸਿਰਕਾਰ ਤੇ ਸ੍ਰੀ ਮੁਖ ਏ ਗੁਰ ਵਾਕ ਅਲਾਏ ।
ਈਟ ਅਸੰਖ ਸਜਾਇ ਸੁਕਾਇ ਚਢਾਇ ਅਵਾ ਪਰ ਦੇਹੁ ਪਕਾਏ । ੯੨ ।

ਸਵੈਯਾ : ਆਇਸੁ ਮਾਂਨ ਸਿਰੀ ਗੁਰ ਕੋ ਨਹਿ ਨਾਂਹਿ ਕਰੀ ਕਿਨ ਹੂੰ ਤਬ ਰੰਚੇ ।
ਨਾਨਕ ਸਾਹਿਸੰਨੀ ਦਮਰੇ ਗੁਰ ਪੋਤ ਤੇ ਮਾਂਗ ਲਏ ਮਨ ਬੰਚੇ ।
ਰਾਸ ਵਹਾਕ[1] ਕੁਲਾਲ ਕੁਦਾਲ ਲੈ ਧਾਇ ਚਲੇ ਕਰ ਲੈ ਕਰ ਸੰਚੇ ।
ਈਟ ਅਸੰਖ ਸਜਾਇ ਸੁਕਾਇ ਚਢਾਇ ਅਵਾ ਦਈ ਪਾਵਕ ਮੰਚੇ । ੯੩ ।

ਸਵੈਯਾ : ਲਾਲੁ ਭਏ ਪਕ ਈਟ ਅਵਾ ਲਰ ਲਾਜ ਤਹੈ ਲਖ ਮਾਲ ਪ੍ਰਵਾਲੀ ।
ਯੋਂ ਟਣਕੇ ਸਮ ਕੰਸ ਕੇ ਬਾਸਨ ਪੂਰ ਰਹੀ ਹਿੰਗੁਲੂ ਸਮ ਲਾਲੀ ।
ਲੈ ਪਟੁ ਬੀਚ ਲਪੇਟ ਇਟਾਂ ਜੁਗ ਆਇ ਕੁਲਾਲ ਹਜੂਰ ਦਿਖਾਲੀ ।
ਹੇਰ ਕਹਿਯੋ ਗੁਰ ਤਾਂਹਿ ਸਮੈ ਸਰ ਨੀਵ ਧਰੋ ਉਪਰੰਤ ਦਿਵਾਲੀ । ੯੪ ।

ਸਵੈਯਾ : ਆਇ ਜੁਰੇ ਸਭ ਦੇਸਨ ਦੇਸ ਤੇ ਸੇਵਕ ਸਿੱਖ ਵਿਲੋਕਨ ਮੇਲੇ ।
ਤਾਂਹਿ ਸਮੈਂ ਗੁਰ ਆਪ ਕਹਿਯੋ ਸਰਕ੍ਾਰ ਕਢੋ ਰਹੋ ਦੇਹਿ ਸੁਹੇਲੇ ।
ਦੌਰ ਕੈ ਕਾਰ ਕੀ ਪੋਟ ਗਹੇਂ ਸਿਖ ਲਾਲ ਭਏ ਮੁਖ ਨੂਰ ਨਵੇਲੇ ।
ਪੂਰਨ ਥਿਤ ਸੁਧਾਸਰ ਕੀ ਗੁਰ ਨੀਵ ਧਰੀ ਸੁਭ ਅੰਮ੍ਰਿਤ ਵੇਲੇ । ੯੫ ।

ਗੀਯਾ ਮਾਲਤੀ ਛੰਦ : ਗੁਰ ਕਰ ਸਪੂਰਨ ਪੌੜੀਆਂ ਬਰ ਸੇਤ ਸਰਬ ਸਵਾਰਿਆ ।
ਹਰਿਮੰਦਰੰ ਸਰ ਬੀਚ ਗੁਰ ਸ੍ਰੀ ਬਿਸ਼ਨ ਧਾਂਮੁ ਉਸਾਰਿਆ ।
ਸਰੁ ਕਵਲ ਸਾਜ ਸੰਤੋਖ ਸਰੁ ਬੈਬੇਕ ਸਰੁ ਗੁਰ ਥਾਪ ਕੈ ।
ਸ੍ਰੀ ਰਾਂਮ ਸਰੁ ਗੁਰ ਸਾਜਿਯਾ ਛਿਤ ਮਾਪ ਬਰ ਹਿਤ ਜਾਪ ਕੈ । ੯੬ ।

ਸਰ ਪਾਂਚ ਸ੍ਰੀ ਗੁਰ ਸਾਜ ਬਰ ਰਾਂਮਦਾਸ ਪੁਰੇ ਬਿਰਾਜਿਆ ।
ਗੁਰ ਸਿੱਖ ਸੇਵਕ ਆਪਣੇ ਦੈ ਨਾਂਮੁ ਦਾਨੁ ਨਿਵਾਜਿਆ ।
ਉਤ ਚੰਦੁ ਪ੍ਰਿਥੀ ਮਹਾਂ ਦੇ ਨਿਜ ਲਗੇ ਸਬਦ ਬਣਾਵਣੇ ।
ਤੁਕ ਅੰਤ ਸਬਦ ਉਚਾਰ[2] ਨਾਨਕ ਭੋਗੁ ਲਾਗੇ ਪਾਂਵਣੇ । ੯੭ ।

ਸੁਣ ਸਿੱਖ ਸੰਗਤ ਗੁਰੂ ਕੇ ਤਬ ਆ ਹਜੂਰ ਅਲਾਇਆ ।
ਛਿਤ ਸੋਮ ਨਾਥ ਹਿੰਮਾਲ ਜਾ ਪ੍ਰਭ ਸਬਦ ਅਜਬ ਬਣਾਇਆ ।
ਸੁਣ ਤਾਂ ਸਮੈ ਗੁਰਦਾਸ ਕੋ ਗੁਰ ਕਹਿਯਾ ਪਾਸ ਬੁਲਾਇ ਕੇ ।
ਸ੍ਰੀ ਗ੍ਰਿੰਥ ਜੀ ਕੀ ਬੀੜ ਸਜੁ[3] ਗੁਰ ਆਦ ਬਾਣੀ ਲਿਯਾਇ ਕੇ । ੯੮ ।

---

[1]ਵਾਹਕ [2]ਉਚਾ [3]ਜਸੁ

ਜਾਹ ਵਾਲ ਗੋਵਿੰਦ ਆਜੁ ਤੂੰ ਕਹੁ ਮਾਇਆ[1] ਕਰ ਸ੍ਰੀ ਮੋਂਹਣਾਂ ।
ਵਹਿ ਆਦ ਬਾਣੀ ਪੋਥੀਆਂ ਗੁਰ ਗ੍ਰਿੰਥੁ ਸਜੀਏ ਜੋਹਣਾਂ ।
ਨਹਿ ਦੇ ਮੰਸੇ[2] ਪੋਥੀਆ ਗੁਰਦਾਸ ਕਹਿਯਾ ਸੁਣਾਇ ਕੈ ।
ਸ੍ਰੀ ਦੇਵ ਅਰਜਨ ਜਨਮਯਾ ਕਰ ਪ੍ਰਭ ਆਪ ਲਿਯਾਵੈ ਜਾਇ ਕੈ । ੯੯ ।
ਰਲ ਵਾਲ ਗੋਇੰਦ ਤਾਂ ਸਮੇਂ ਗੁਰੂ ਆਪ ਅਰਜਨੁ ਆਇਆ ।
ਪਿਖ ਬੇਗਾ ਮੋਹਣ ਚੜ ਚਬਾਰੇ ਪਵਰ ਪਾਟ ਅੜਾਇਆ ।
ਉਨ ਭੇੜ ਤਾ ਕੀ ਲਈ ਜਬ ਗੁਰੂ ਪਵਰ ਬੈਠਾ ਆਇ ਕੈ ।
ਗੁਰ ਲੈ ਸਿਰੰਦਾ ਸਬਜ ਗਾਏ ਚਾਰ ਏਹੁ ਸੁਣਾਇ ਕੈ । ੧੦੦ ।

ਮੁਖ
: ਗਉੜੀ ਮਹਲਾ ੫ । "ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ।
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ।
ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ।
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ।
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ।
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ" । ੧ ।

ਪਈ : ਪਹਿਲੀ ਪੌੜੀ ਜਬ ਗੁਰ ਗਾਈ । ਤਬ ਮੋਹਨ ਤਾਕੀ ਖੁਲਵਾਈ ।
ਦੂਜੀ ਪੌੜੀ ਗਾਵਣ ਲਾਗਾ । ਪ੍ਰੇਮ ਮਗਨ ਅੰਮ੍ਰਿਤ ਰਸ ਪਾਗਾ । ੧੦੧ ।

ਮੁਖ "ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ।
ਕ : ਮੋਹਨਿ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ।
ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ[4] ਧਾਰੀਆ ।
ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖ ਬਨਵਾਰੀਆ ।
ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲਧਾਰੀਆ ।
ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ" । ੨ ।

ਚੌਪਈ : ਪੌੜੀ ਦੂਜੀ ਗਾਈ ਜਬੈ । ਪਾਟ ਖੋਲ ਮੋਹਨ ਦਏ ਤਬੈ ।
ਤੀਜੀ ਪੌੜੀ ਲਗੇ ਅਲਾਂਵਨ । ਗਦ ਗਦ ਕੰਠ ਊਚ ਸੁਰਗਾਵਨ । ੧੦੨ ।

ਸ੍ਰੀ ਮੁਖ "ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ।
ਵਾਕ : ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ।
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ।
ਮਨ ਬਚਨਿ[5] ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ।
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ।
ਬਿਨਵੰਤਿ[6] ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ" । ੩ ।

---

[1]ਮਆ [2]ਮੋਕੋ [3]ਸ੍ਰੀ ਮੁਖਵਾਕ । ਗੌੜੀ ਮਹਲਾ ੫ [4]ਕਰ [5]ਵਚਨਿ [6]ਵਿਨਵੰਤ

ਤੀਜੀ ਪੌੜੀ ਗਾਇ ਸੁਣਾਇਆ । ਤਬ ਮੋਹਨ ਚਲ ਬਾਹਰ ਆਇਆ ।
ਚੌਥੀ ਲਗੇ ਗਾਵਣੇ ਪੌੜੀ । ਅੰਮ੍ਰਿਤ ਧੁਨੀ ਰਾਗਨੀ ਗੌੜੀ । ੧੦੩ । [1]

ਸ੍ਰੀ ਮੁਖ ਵਾਕ : "ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ।
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ।
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨ ਪਾਇਆ ।
ਜਿਨੀ ਤੁਧ ਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ।
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖੁ ਮੁਰਾਰੇ ।
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ" । ੪।

ਚੌਪਈ : ਚੌਥੀ ਪੌੜੀ ਗੁਰ ਗਾਈ । ਮੋਹਨ ਪਰੋ ਸਰਨ ਗੁਰ ਆਈ ।
ਗੁਰਪਦ ਕੰਜ ਸੀਸ ਨਿਜ ਨਾਇ । ਸਭ ਪੋਥੀ ਗੁਰ ਕੋ ਦਈ ਆਇ । ੧੦

ਦੋਹਰਾ : ਸ੍ਰੀ ਗੁਰ ਲੈ ਸਭ ਪੋਥੀਆ ਕਰ ਮੋਹਨ ਸੋਂ ਹੇਤ ।
ਸ੍ਰੀ ਅੰਮ੍ਰਿਤਸਰ ਆਇਯੋ ਸੁਖ ਸੋਂ ਨਿਜਹਿਨ ਕੇਤ । ੧੦੫ ।

ਚੌਪਈ : ਰਾਮਦਾਸ ਪੁਰ ਆਇ ਬਿਰਾਜੇ । ਅੱਖਰ ਗੁਤੁ ਗੁਰਮੁਖੀ ਸਾਜੇ ।
ਤੋਰ ਬੁਲਾਇ ਭਾਈ ਗੁਰਦਾਸੈ । ਐਸੇ ਕਹਿਯਾ ਸਿਰੀ ਗੁਰ ਤਾਸੈ । ੧੦੬
ਸਭੁ ਗੁਰਬਾਣੀ ਗ੍ਰਿੰਥ ਚਢਾਵੋ । ਸ੍ਰੀ ਗੁਰ ਗ੍ਰਿੰਥੁ ਬੀੜ ਬੰਧਵਾਵੋ ।
ਭਗਤਾਂ ਕੀ ਬਾਣੀ ਲਿਖ ਲੇਹੁ । ਰਾਗ ਰਾਗ ਕੇ ਅੰਤ੍ਰਹਿ[3] ਦੇਹ । ੧੦੭।
ਸੀ ਗੁਰਬਾਣੀ ਸਰਬ ਲਿਖਾਈ । ਗੁਰੂ ਗ੍ਰਿੰਥ ਕੀ ਬੀੜ ਬੰਧਾਈ ।
ਸਭ ਭਗਤਾਂ ਕੇ ਸਬਦ ਚਢਾਏ । ਰਾਗ ਰਾਗ ਕੈ ਅੰਤਹਿ ਲਾਏ । ੧੦੮।
ਪ੍ਰਿਥੀ ਚੰਦੁ ਮਹਾਂਦੇਵ ਸਿਧਾਏ । ਅਪੁਨੀ ਬਾਣੀ ਚਾੜਨ ਆਏ ।
ਸੋ ਬਣੀ ਗੁਰਦਾਸ ਹਟਾਈ । ਗੁਰੂ ਬਿਨਾਂ ਕਾਚੀ ਠਹਿਰਾਈ । ੧੦੯ ।

ਉਨੋਂਹੁ ਕਹਿਯਾ ਗੁਰ ਅਰਜਨ । ਪਾਸ ਗੁਰਬਾਣੀ ਮੋੜੀ ਗੁਰਦਾਸ ।
ਤਬ ਸ੍ਰੀ ਗੁਰ ਗੁਰਦਾਸੁ ਬੁਲਾਇਆ । ਕਿਉਂ ਮੋੜੀ ਬਾਂਣੀ ਫੁਰਮਾਇਆ । ੧੧
ਹਾਥ ਜੋਰ ਗੁਰਦਾਸ ਅਲਾਈ। ਗੁਰਬਾਣੀ ਮੈਂ ਨਹੀਂ ਹਟਾਈ[4] ।
ਏ ਮਹਾਂਦੇ[5] ਪ੍ਰਿਥੀਏ ਕੀ ਬਾਣੀ । ਭੋਗ ਲਿਖਿਆ ਨਾਨਕ ਨਿਰਬਾਣੀ। ੧੧
ਤਬ ਗੁਰ ਅਰਜਨ ਕਹਿਯਾ ਸੁਣਾਇ । ਜਿਂਉ ਗੁਰਦਾਸ ਤੋਹਿ ਰਜਾਇ।
ਸੋਢੀ ਭੱਲੇ ਤੇਂਹਣ ਬੇਦੀ । ਤੂੰ ਸਭੁ ਗੁਰਬਾਣੀ ਕਾ ਭੇਦੀ । ੧੧੨ ।
ਸ੍ਰੀ ਗੁਰਬਾਂਣੀ ਗ੍ਰਿੰਥ ਚਢਾਵੋ । ਕਾਚੀ ਬਾਣੀ ਸਰਬ ਹਟਾਵੋ ।
ਐਸੇ ਕਹਿ ਗੁਰ ਅਰਜਨ ਰਾਇ । ਭਗਤ ਲਹੋਰੋਂ ਲਏ ਬੁਲਾਇ । ੧੧੩।
ਕਾਨਾ ਛੱਜੂ ਪੀਲੋ ਆਇਆ । ਸਾਹ ਹੁਸੈਨੁ ਭੀ ਸੰਗ ਸਿਧਾਇਆ ।
ਕਾਂਨੇ ਨਿਜ ਮਨ ਏ ਠਹਿਰਾਈ । ਸ੍ਰੀ ਗੁਰ ਸਮਸਰ ਬੈਠੋਂ ਜਾਈ । ੧੧੪।

---

[1] ਤੁਲਨਾ ਪੋਥੀ ਵਿਚ 102 ਅੰਕ ਦਿੱਤਾ ਹੈ ਜੋ ਗਲਤ ਹੈ [2] ਤੁਲਨਾ ਪੋਥੀ ਵਿਚ 104 ਦੀ ਥਾਂ ਅੰ
ਦਿਤਾ ,ਜੋ ਗਲਤ ਹੈ [3] ਅੰਤਰ [4] ਹਠਾਈ [5] ਮਹਾਂਦੇਉ

ਇਤ ਗੁਰ ਸਭ ਘਟ ਜਾਂਨਣਹਾਰਿ । ਨਿਜ ਸੰਗਤ ਪ੍ਰਿਤ ਕਹਿਆ ਉਚਾਰਿ ।
ਸਫ ਪਰ ਕੰਬਲ ਦੇਹੁ ਬਿਛਾਇ । ਆਵੈ ਕਾਂਨਾ ਲੇਹੁ ਬਠਾਇ । ੧੧੫ ।
ਜਬ ਆਇ ਕਾਂਨਾ ਪਹੁਚਿਆ ਰਾਮਦਾਸਪੁਰ ਕੇ ਤੀਰ ।
ਰਥ ਛੋੜ ਆਗੇ ਆਇਆ ਗੁਰ ਸਭਾ ਜਿਹ ਮਤ ਧੀਰ ।
ਗੁਰ ਕਹਿਯੋ ਚੌਤੋ ਕਾਂਬਰੀ ਕਰ ਦਰੀ ਪੈ ਬਿਛਵਾਇ ।
ਕਰੁ ਪਕਰ ਕਾਂਨੇ ਭਗਤ ਕੋ ਲੇਹੁ ਸਭਾ ਬੀਚ ਬੈਠਾਇ । ੧੧੬[1] ।
ਜਬ ਸੁਣੀ ਕਾਨੇ ਬਾਤ ਐਸੀ ਜਰਿਯੋ ਸਭ ਅੰਗ ਮਾਂਹਿ ।
ਗੁਰ ਸਭਾ ਬੀਚ ਬੈਠਾਇਆ ਕਛੁ ਪੇਸ ਜਾਵੈ ਨਾਂਹਿ ।
ਮਨ ਮਾਂਹਿ ਕਾਂਨੇ ਥਾਪਿਯੋ ਜਬ ਜਾਂਉ ਮੈਂ ਲਾਹੌਰਿ ।
ਸਦਾਇ ਕੈ ਗੁਰ ਅਰਜਨਾਂ ਤਵ ਮਾਰਹੋਂ ਤਿੰਹਿ ਠੌਰਿ । ੧੧੭ ।
ਗੁਰ ਸਮਝ ਤਾਂਕੇ ਹੀਏਂ ਕੀ ਨਿਜ ਯੌਂ ਕਾਹਯੋ ਮਨ ਮਾਂਰਿ[2] ।
ਤੁਮ ਚਿਤਿਵਿਆ ਮਮ ਮਾਰਿ ਬੋ ਮਤੁ ਆਪ ਜਮ ਪੁਰ ਜਾਂਹਿ ।
ਤੂੰ ਭਇਯੋ ਪੰਜ ਸੈ ਬਰਸ ਕਾ ਅਬ ਦੇਹਿ ਜੀਰਨ ਛੋਰਿ ।
ਤੂੰ ਮਰਹਿਂ ਮਾਰਗ ਬੀਚ ਕਾਂਨਿਯਾ ਜਾਹਿ ਨਾਂ ਲਾਹੌਰਿ । ੧੧੮ ।
ਦੁਹੂੰ ਚਿਤਵ ਉਤਰੁ ਪ੍ਰਸਨੁ ਮਨ ਮੈਂ ਮੌਂਨਿ ਲੀਨੀ ਧਾਰਿ ।
ਤਬ ਕਹਿਯੇ ਢਿਗ ਗੁਰਦਾਸ ਜੂ ਕਛੁ ਕਰੋ ਸਬਦਿ ਉਚਾਰਿ ।
ਜਿੰਹਿ ਨਿੰਦ ਉਸਤਤ ਹੈ ਨਹੀਂ ਤੁਮ ਰਰੋ ਬਾਣੀ ਸੋਇ ।
ਮੈਂ ਲਿਖਾਂ ਸ੍ਰੀ ਗੁਰ ਗ੍ਰਿੰਥ ਪੈ ਗੁਰ ਆਗਿਆ ਜੋ ਹੋਇ । ੧੧੯ ।

ਹਰਾ : ਜਬ ਭਾਂਈ[3] ਗੁਰਦਾਸ ਜੂ ਐਸੇ ਕਹਿਯੋ ਸੁਣਾਇ ।
ਤਬ ਕਾਂਨਾ ਬਲ ਜੋਗ ਕੈ ਬੋਲਿਯੋ ਆਪ ਜਿਤਾਇ । ੧੨੦ ।

ਬਿਤ : ਮੈ (ਤੋ) ਹੂੰ§ ਰੂਪੁ ਓਹੀ ਜਾਂ ਕੈ ਸਾਤਵੇਂ ਪਤਾਰ
ਪਾਂਇ ਨੀਕੇ ਕੈ ਨਿਹਾਰੁ ਸੀਸੁ ਸਾਤਵੇਂ ਅਕਾਸੁ ਹੈ ।
ਤੀਨੋ ਲੋਕ ਮਾਂਹਿ ਕੋਉ ਮੋ ਤੇ ਦੂਜਾ[4] ਨਾਂਹਿ
ਜਗ ਜਲਾ ਜਲ ਜੀਵ ਜੋਤ ਮੇਰੀ ਹੀ ਪ੍ਰਕਾਸੁ ਹੈ ।
ਉਪਾਇ ਪਾਲਕ ਰੋਹਾਂਨ ਆਪਨੋਂ[5] ਮੋਂ ਧ੍ਰੋਂ ਧਿਯਾਂਨ
ਆਂਨਨਾਂ ਨਿਹਾਰੋ ਸਭ ਮੇਰੋ ਈ ਬਿਲਾਸੁ ਹੈ ।
ਕਾਂਨੇ ਯੌਂ ਪੁਕਾਰਿ ਕਹਿਯਾ ਗੁਰੂ ਕਰਤਾਰ
ਜੁ ਪੈ ਖੰਡ ਬ੍ਰਿਹਮੰਡ ਪਿੰਡ ਮੇਰੋ ਈ ਨਿਵਾਸੁ ਹੈ । ੧੨੧ ।

ਦੋਹਰਾ : ਛੱਜੂ ਛਾਇਆ ਜਾ ਸਕੀ ਐਸੇ ਕਹਿਯੋ ਸੁਣਾਂਇ ।
ਅਹਿ ਅੰਧੇਹੁ ਹਿਜਰ ਹਿਤਰ ਨਰ ਕਿੰਹਿ ਬਚੰਹਿ ਉਪਾਇ । ੧੨੨ ।

ਦੋਹਰਾ : ਪੀਲੋ ਪਕਰ ਹਦੀਸ ਤਬ ਐਸੇ ਕੀਨ ਉਚਾਰ ।

---

[1] 116 ਅੰਕ ਦੀ ਥਾਂ 117 ਗ਼ਲਤ ਦਿੱਤਾ ਹੈ । [2] ਮਾਂਨਿ [3] ਬਾਂਣੀ [4] ਦੂਜੋ [5] ਆਪ ਕੋ

ਜੰਮਨ ਮਰਨਾ ਹੇ ਗੁਰੂ ਏ ਜੁਗ ਦੂਖ ਸੰਸਾਰ । ੧੨੩ ।

ਦੋਹਰਾ : ਸਾਹਿ ਹੁਸੈਨ ਨਿਵਾਇ ਸਿਰੁ ਕਹਿਯੋ ਹੇਰਿ ਗੁਰ ਤੋਰ ।
ਚੁੱਪ ਉਇ ਆੜਿਆ ਚੁੱਪ ਕਰੁ ਈਂਹਾਂ ਨ ਬੋਲਣ ਠੌਰ । ੧੨੪ ।

ਦੋਹਰਾ : ਸੁਨ ਚਾਰੋਂ ਕੇ ਵਾਕ ਤਬ ਸ੍ਰੀ ਗੁਰ ਅਰਜਨ ਰਾਇ ।
ਉਤਰ ਲਗੇ ਅਲਾਂਵਣੇ ਸੁਨੋਂ ਸੰਤ ਮਨ ਲਾਇ । ੧੨੫ ।

ਸਵੈਯਾ : ਕਾਂਨੇ ਕੋ ਤਾਂ ਛਿਨ ਏਹੁ ਕਹੀ ਗੁਰ ਤੂੰ ਰਰਹੈਂ ਪਰਪੰਚ ਕੀ ਗਾਥੇ ।
ਆਵਤ ਤੋਹਿ ਚਿਤੀ ਪਥ ਮੈ ਗੁਰ ਖਾਸ ਪ੍ਰਯੰਕ ਬਹੋਂ ਮਿਲ ਸਾਥੇ ।
ਫੇਰ ਸਭਾ ਮਧ ਆਇ ਤੁਮੈਂ ਮੁਖ ਰਾਂਮੁ ਕਹਿਯੋ ਨ ਧਰਿਯੋ ਕਰੁ ਮਾਥੇ ।
ਮੈਂ ਤੁਹਿ ਠੌਰ ਦਈ ਮਧ ਸੰਗਤ ਤੂੰ ਮਨ ਮੈ ਭਇਯੋ ਕ੍ਰੋਧਸ ਨਾਥੇ । ੧੨੬ ।

ਸਵੈਯਾ : ਫੇਰ ਚਿਤੀ ਤੁਹਿ ਬੈਠ ਸਭਾ ਈਹਾਂ ਮੇਰੋ ਕੀਓ ਅਪਮਾਨੁ ਮਹਾਂਨੇ ।
ਜਾਇ ਲਹੌਰ ਬੁਲਾਇ ਅਰੱਜਨ ਪ੍ਰਾਂਨ ਉਡਾਇ ਕਰੋਂ ਜਲ ਪਾਂਨੇ ।
ਰੰਚ ਨ ਕ੍ਰੋਧੁ ਘਟਿਯੋ ਤੁਮਰੋ ਅਰ ਆਪ ਹੀ ਕੋਂ ਸਭ ਠੌਰ ਬਖਾਂਨੇ ।
ਜਾਂ ਘਟ ਪੂਰਨ ਗਿਆਂਨੁ ਜਗਿਯੋ ਤਿੰਹਿ ਭੂੰਮ ਪ੍ਰਯੰਕੁ ਹੈ ਏਕ ਸਮਾਂਨੇ । ੧੨

ਸਵੈਯਾ : ਔਰਨ ਕੋ ਉਪਦੇਸੁ[1] ਕਰੇ ਨਹਿ ਆਪ ਹੀਏ ਨਿਜ ਨੈਕੁ ਬਿਚਾਰੇ ।
ਕੀਰ ਗਹੀ ਨਲਨੀ ਕਰ ਜਿੰਉ ਸਿਰ ਭਾਰ ਝਲੇ ਮੁਖ ਏਹੁ ਉਚਾਰੇ ।
ਰੇ ਸੁਕ ਮੰਡਲ ਨੈਕੁ ਗਹੋ[2] ਨਲਨੀ ਗਹਿ ਲੇਹੁ ਤ ਦੇਹੁ ਨਿਵਾਰੇ ।
ਕਾਂ ਨਰ ਨਾਂ ਅਭਮਾਂਨੁ ਤਜੇ ਨਿਜ ਭਾਖਹਿਂ ਖੰਡ ਬ੍ਰਿਹਮੰਡ ਮਝਾਰੇ । ੧੨੮ ।

ਦੋਹਰਾ : ਸਮਦ੍ਰਿਸਟੀ ਤਿੰਹਿ ਭਾਖੀਏ ਜਿੰਹਿ ਸਭੁ ਏਕ ਸਮਾਂਨ ।
ਮੈ ਤੂੰ ਤੂੰ ਮੈ ਹੈ ਜਹਾਂ ਤਹਾਂ ਨ ਬ੍ਰਿਹਮ ਗਿਆਂਨ । ੧੨੯ ।

ਦੋਹਰਾ : ਕਾਂਨੇ ਕਾ ਪਰਪੰਚੁ ਗੁਰ ਦੀਆਂ ਗਿਯਾਨ ਕਰ ਮੋਰਿ ।
ਅਬ ਛੱਜੂ ਕੋ ਕਹਿਤ ਹੈਂ ਸਰਗੁਨ ਕਥਾ ਨ ਚੋਰਿ । ੧੩੦ ।

ਦੋਹਰਾ : ਈਸਰੁ ਮਾਇਆ ਸਿਵ ਸਕਤ ਮਿਲੇ ਰਹਿਤ ਨਰੁ ਨਾਰਿ ।
ਛੱਜੂ ਛੈਨ ਹੁਇ ਸਮਝ ਤੇ ਦੇਖੋ ਰਿਦੇ ਬਿਚਾਰ । ੧੩੧ ।

ਦੋਹਰਾ : ਪੀਲੋ ਕੋ ਗੁਰ ਯੋ ਕਹਿਯਾ ਗਹੋ ਸਾਧ ਕੀ ਸਰਨ ।
ਹਰਿ ਸਿਮਰੋ ਅਭਮਾਨੁ ਤਜ ਛੂਟੈ ਜੰਮਨੁ ਮਰਨ । ੧੩੨ ।

ਦੋਹਰਾ : ਸ੍ਰੀ ਗੁਰ ਸਾਹਿ ਹੁਸੈਨ ਕੋ ਏ ਕਹਿ ਦਇਆ ਸਲੋਕ ।
ਚੁਪ ਕਰ ਰਹਨ[3] ਸਕਾਰਥਾ[4] ਜੇ ਮਨ ਹੋਇ ਸੰਤੋਖ । ੧੩੩ ।

ਦੋਹਰਾ : ਸ੍ਰੀ ਗੁਰ ਕੇ ਇਹੁ ਵਾਕ ਸੁਣ ਸਕਿਯਾ ਨ ਨੈਕੁ ਸਹਾਰ ।
ਕਾਂਨਾ ਸਹਿਰ ਲਹੌਰ ਕੋ ਸੀਘਰ ਭਇਆ ਤੀਯਾਰ । ੧੩੪ ।

ਦੋਹਰਾ : ਛੱਜੂ ਪੀਲੋਂ ਹੁਸੈਨ[5] ਸਾਹ ਗੁਰ ਪਦ ਲਾਏ ਹਾਥ ।

---

[1]ਉਪਦੇਸੁਤ [2]ਗਹੇ [3]ਰਹਿਸਨੁ [4]ਸੁਕਾਰਥਾ [5]ਸੈਨ

ਕਾਨੇ ਕਪਟੀ ਗੁਰੂ ਕੋ ਨੈਕੁ ਨ ਨਾਇਆ ਮਾਥ । ੧੩੫ ।

ਹਾਰ ਚਲਿਯੋ ਚਾਢ ਲੌਪੁਰ ਕੋ ਰਥੁ ਸਾਰਥੀ ਕੋ ਇਹਿ ਵਾਕ ਬਖਾਨੇ ।
ਾ : ਬੇਗ ਚਲਾਉ ਸਯੰਦਨੁ ਤੂੰ ਮਨ ਦੇਵ ਅਰੱਜਨ ਤੇ ਡਰੁ ਮਾਂਨੇ ।
ਸਾਰਥੀ ਬਾਜ ਸਮੀਰ ਸਮਾਂਨ ਚਲਾਇ ਚਲਿਯੋ ਕਰ ਤੇਜ ਮਹਾਂਨੇ ।
ਲੋਚਨ ਮੂੰਦ ਜਬਾਂਨ ਦੇ ਤਾਰੂਏ ਸੁਵਾਸ ਕਪਾਲ ਚਢਾਏ ਹੈਂ ਕਾਨੇ । ੧੩੬ ।

ਜਾਮੁ ਕੁ ਬੀਤ ਗਇਯੋ ਜਬ ਹੀ ਇਤ ਦੇਵ ਅਰੱਜਨ ਏਹੁ ਉਚਾਰਿਯੋ ।
ਯਾ : ਕਾਂਨਾ ਗਇਯੋ ਧਸ ਲੌਪੁਰ ਮੋਂ ਕਿਧੋ ਹੈ ਪਥ ਮੈਂ ਧਰ ਧਿਯਾਂਨੁ ਨਿਹਾਰਿਯੋ ।
ਜਾਵਤ ਹੇਰ ਨਜੀਕ ਲਹੌਰ ਕੇ ਲੇ ਕੜਛਾ ਟੂਕਣੇ ਪਰ ਮਾਰਿਯੋ ।
੧੨੬ ਕਾਨੇ ਕੇ[1] ਸੀਸ ਕੋ ਪੀਸੁ ਪ੍ਰਭੂ ਗੁਰ ਯੌ ਕਹਿ ਕੇ ਕਰਛਾ ਧਰ ਡਾਰਿਯੋ । ੧੩੭ ।

ਬਾਜ ਡਰੇ ਕਹੂੰ ਕਾਰਨ ਤੇ[2] ਲਗੇ ਮਾਰਨ ਸਾਰਥੀ ਓਰ ਪਛੰਡੇ ।
ਯਾ : ਕਾਂਨਾਂ ਗਿਰਿਯੋ ਰਥ ਤੇ ਧਰ ਪੇ ਖੁਰ ਬਾਜ ਕੀਏ ਸਿਰ ਕੇ ਸਤਿ ਖੰਡੇ ।
ਫੇਰੁ ਪਰਿਯੋ ਰਥ ਚੱਕ੍ਰ ਕੋ ਊਪਰ ਮੇਦ ਚਲਿਯੋ ਬਹਿ ਜਿਯੁ ਖਗ ਅੰਡੇ ।
੧੨ ਕਾਨੇ ਤਜਿਯੋ ਤਨੁ ਲੌਪੁਰ ਤੀਰ ਸਮੀਰੁ ਗਇਯੋ ਨਭ ਓਰ ਉਮੰਡੇ । ੧੩੮ ।

ਵੈਯਾ : ਕਾਂਨਾ ਭਇਯੋ ਪਰਲੋਕ ਉਤੇ ਇਤਿ ਚੰਦੂ ਪ੍ਰਿਥੀ ਨਿਸ ਧਾਮ ਸਿਧਾਰੇ ।
ਕ੍ਰੂਮ ਸਸੀ ਤੀਏ ਤਾਹਿ[3] ਕਹਿਯੋ ਤੁਮ ਪੂਰਬ ਜੋ ਮਮ ਵਾਕ ਉਚਾਰੇ ।
ਦੇਵੂ ਅਰੱਜਨੁ ਅੰਤ ਭਏ ਤਬ ਹੋਂਵਹਿੰਗੇ ਗੁਰ ਪੂਤ ਹਮਾਰੇ ।
੧੨੮ ਤਾਂ ਕੇ ਭਇਯੋ ਸੁਤੁ ਤ੍ਰੈ ਬ੍ਰਸ ਕੋ ਅਬ ਰਾਜੁ ਸਮਾਜੁ ਸੁ ਲੈਗੁ ਸੰਭਾਰੇ । ੧੩੯ ।

ਵੈਯਾ : ਸੋਂਮ ਪ੍ਰਿਥੀ ਕਹਿਯੋ ਤਾਂਹਿ ਸਮੈਂ ਅਬ ਪ੍ਰਾਤ ਭਏ ਸਿਸ ਕੋ ਬਧੁ ਕੈਹੋਂ[4] ।
ਜੋ ਦਿਜੁ ਤਾਂ ਦਧ ਦੇਵਤ ਹੈ ਤਿੰਹਿ ਪਾਂਚ ਸੈ ਦਾਮ ਕੈ ਲੋਭੁ ਦਿਖੈਹੋਂ ।
ਘੋਂਟਹ[5] ਲਾਹਲਤਾਂ[6] ਦਧ ਮੋਂ ਦਿਜ ਹਾਥ ਨ ਦੇ ਸਿਸ ਭੋਗੁ ਲਵੈਹੋਂ ।
ਪਾਂਨ ਕਰੇ ਦੰਹੀ ਪ੍ਰਾਂਨ ਤਜੇ ਤਬ ਯਾਂ ਛਲ ਬਾਲਕ ਜਾਂਨਹ ਤੇਹੋਂ[7] । ੧੪੦ ।

ਵੈਯਾ : ਭੋਰ ਭਏ ਦਿਜ ਧਾਂਮ ਗਏ ਕਰ ਜੋਰ ਕਹਿਯੋ ਰਿਖ ਜੂ ਸੁਨ ਲੱਈਯੇ ।
ਮੇਰਾ ਕਹਿਆ ਕਰੀਏ ਕਿਰਪਾ ਕਰ[8] ਬਾਢੀ ਲਹੋ ਸੈ ਪਾਂਚ[9] ਰਪੱਈਯੇ ।
ਆਂਨਨ ਕਾਂਨ ਸੁਨੇ ਕੋਊ ਮਾਂਨਸੁ ਬਾਤ ਇਹੈ ਮਨ ਮਾਂਹਿ ਛਪੱਈਯੇ ।
ਦੇਵ ਅਰੱਜਨ ਨੰਦਨ ਕੋ ਦਧ ਬੀਚ ਹਲਾਹਲ ਘੋਲ ਛਕੱਈਯੇ । ੧੪੧ ।

ਦੋਹਰਾ : ਕਾਲ ਕੂੰਟ[10] ਕੀ ਪਿਰਥੀਏ ਪੁਰੀ ਦਈ ਦਿਜ ਹਾਥ।
ਚਲਿਯੋ ਬਿੱਪ ਸਿਸ ਬਧਨ ਹਿਤ ਕੋਇ ਨ ਲੀਨੋ ਸਾਥ । ੧੪੨ ।

ਸਵੈਯਾ : ਸੀਧਰੁ ਜਿੰਯੁ ਕਹੇ ਕੰਸ ਕੇ ਕੇਵਲ ਕਾਂਨ ਕੋ ਮਾਰਨ ਬੇਗ ਸਿਧਾਇਯੋ ।
ਤੈ ਸੇਈ ਬਾਂਮਨੁ ਬੂਡਿ ਗਇਯੋ ਯਹਿ ਲਾਲਚੁ ਜੋ ਪ੍ਰਿਥੀਏ ਦਿਖਰਾਇਯੋ ।
ਆਇ ਹਜੂਰ ਸਿਰੀ ਹਰਗੋਬਿੰਦ ਲੈ ਮਟੁਕੀ ਸਰ ਦੇ ਦਧ ਪਾਇਯੋ ।
ਤਾਂ ਦਧ ਮੋਂ ਦਿਜ ਘੋਲ ਹਲਾਹਲ ਲੇਹੁ ਦਹੀ ਪ੍ਰਭ ਵਾਕੁ ਅਲਾਇਯੋ । ੧੪੩ ।

---

[1]ਕੋ [2]ਕੋ [3]ਵਾਜ [4]ਕੇਹੈ [5]ਘੋਲਹ [6]ਲਾਹਲਭਾ [7]ਠੇਹੇ [8]ਨਿਧ [9]ਚਾਰ [10]ਕੂਟ

ਸਵੈਯਾ : ਸੀਸੁ ਧੁਨੈਂ ਮੁਖ ਹੂੰ ਕਰ ਹੈ ਕਰ ਸੋਂ ਸਰਦਾ ਸਿਸੁ ਦੂਰ ਨਿਵਾਰੇ ।
ਬਾਰ ਦੁਤੀ ਨ ਹਟਾਇ ਦਇਯੋ ਦਿਜੁ ਕੋਪ ਕਸਾਬ ਸਰੂਪ ਨਿਹਾਰੇ ।
ਦੱਛਨ ਹਾਥ ਗਹਿਯੋ ਸਰਦਾ ਕਰੁ ਬਾਂਮੁ ਦਇਯੋ ਗੁਰ ਗ੍ਰਿਵ ਮਝਾਰੇ ।
ਤਾਂਹਿ ਸਮੈਂ ਸਿਸ ਸੋਰੁ ਕੀਓ ਨਿਜ ਜੋਰਿ ਸੋ ਭੂੰਮ ਪਰਯੋ ਬਲ ਧਾਰੇ ।੧

ਸਵੈਯਾ : ਰੋਸ ਭਰੇ ਦ੍ਰਿਗ ਯੋਂ ਚਿਤਵੈਂ ਗੁਰੂ ਬਾਂਮਨ ਮੂੜ੍ਹ ਮਰੋਰ ਧਰੋਂ ।
ਕੈਕਰ ਕਾਟ ਕਰੋਂ ਪਿੰਗੁਰਾ ਸਿਰੀ ਕਾਂਨ ਜਿਯੁ ਪੂਰਬ ਰੀਤ ਕਰੋਂ ।
ਮੈਂ ਅਵਤਾਰ ਧਰਿਯੋ ਦਿਜ ਗੋ ਹਿਤ ਯਾਂਹ ਤਤੋ ਮਨ ਮਾਂਹਿ ਡਰੋਂ ।
ਮੋ ਬਲੁ ਏ ਜਢੂ ਜਾਂਨਤ ਨਾਂ ਅਬ ਮੈਂ ਦਿਜ ਤੇ ਨਹਿ ਨੈਕੁ ਮਰੋਂ । ੧੪੫।

ਸਵੈਯਾ : ਬਾਂਮਨ ਕੋ ਬਧੁ ਕੇ ਨ ਸਕਿਯੋ ਭ੍ਰਿਗ ਜਿਯੁ ਮਨ ਤੇ ਤਜ ਰੋਸੁ ਦੀਓ ।
ਮਾਰਬੇ ਕੋ ਉਮਡਿਯੋ ਪ੍ਰਿਥਮੈਂ ਦਿਜ ਜਾਂਨਨ ਤਾਂ ਛਿਨ ਵਾਰੁ ਕੀਓ ।
ਮਾਤ ਕੋ ਨਾਂਮੁ ਲੈ ਰੋਂਨ ਲਗੋ ਮੁਖ ਬਾਲਕਿ ਜਿਯੁ ਭਰ ਸ੍ਵਾਸ ਹੀਓ[1] ।
ਸੋਰੁ ਸੁਨਿਯੋ ਜਬ ਮੰਦਰ ਮੈ ਦਿਜੁ ਦੇਵ ਅਰੱਜਨ ਬੋਲ ਲੀਓ ।
ਬੋਲ ਸਮੀਪ ਕਹਿਯੋ ਦਿਜ ਕੋ ਗੁਰ ਕਿਯੁ ਕਰੁਨਾਂ ਨਿਧਿ ਰੋਵਤ ਹੈ ।
ਖਾਤ ਨਹੀ ਦੰਹੀ ਬਿੱਪ ਕਹਿਯੋ ਪ੍ਰਭ ਲੈ ਧਰਨੀ ਪਰ ਖੋਵਤ ਹੈ ।
ਸ੍ਵਾਨ ਕੋ ਪਾਂਨ ਕਰਾਉ ਕਹਿਯੋ ਗੁਰ ਲੈ ਦਿਜੁ ਸ੍ਵਾਂਨ ਸੋ ਢੋਵਤ ਹੈ ।
ਖਾਇ ਦਹੀਂ ਸਗੁ ਸਾਂਤ ਭਇਯੋ ਮਾਨੋ ਸਾਂਝ ਹੀ ਕੋ ਪਰੋ ਸੋਵਤ ਹੈ । ੧੪੭

ਸਵੈਯਾ : ਤਾਂਹਿ ਸਮੈਂ ਗੁਰ ਕੋਪ ਕਹਿਯੋ ਕਪਟੀ ਦਿਜ ਕਿਯੁ ਗੁਰ ਸੋਂ ਛਲੁ ਕੀਨੋਂ ।
ਏ ਨਦ ਨਾਥ ਸੁਤਾ ਪਤ ਸੂ ਸਠ ਤੈਂ ਅਪਨੈਂ ਮਨ ਬਾਲਕੁ ਚੀਨੋ ।
ਸਾਚੁ ਕਹੋ ਅਬ ਬੇਗ ਮੁਖੋਂ ਖਲ ਜੇ ਅਪੁਨੈਂ ਸੁਖੁ ਚਾਹਤ ਜੀਨੋਂ ।
ਦੇਵ ਅਰੱਜਨ ਤਾੜ ਕਹਿਯੋ ਦਿਜ ਕਾਂਕੇ ਕਹੇ ਤੈਂ ਹਲਾਹਲ ਢੀਨੋਂ । ੧੪੮।

ਸਵੈਯਾ : ਪੀਤ ਭਇਯੋ ਮੁਖੁ ਕ੍ਰਾਂਪਤ ਹੈ ਦਿਜ ਬੋਲਤ ਵਾਕ ਜਬਾ ਤਤੁਲਾਨੀ ।
ਜੋਰ ਦੋਊ ਕਰ ਤੀਰ ਸਿਰੀ ਗੁਰ ਤਾਂਹਿ ਸਮੈਂ ਬਿਪਿ ਏਹੁ ਬਖਾਂਨੀ ।
ਮੋ ਗ੍ਰਿਹਿ ਆਇ ਪ੍ਰਭਾਤ ਪ੍ਰਿਥੀ ਚੰਦ ਮੋਹਿ ਕਹਿਯੋ ਸੁਨੁ ਗੋਪ ਕਹਾਂਨੀ ।
ਲੈ ਪੰਜ ਸੈ ਦਮਰਾ ਹਮ ਪੈ ਸੁਤ ਅਰਜਨ ਤੂੰ ਕਰੁ ਹਾਂਨੀ । ੧੪੯ ।

ਸਵੈਯਾ : ਦੈ ਬਿਖੁ ਕੀ ਪੁਰੀ ਚੰਦੁ ਪ੍ਰਿਥੀ ਮਮ ਬੇਗ ਤਬੈ ਨਿਜ[2] ਭੌਨ ਸਿਧਾਇਯੋ ।
ਭਾਵੀ ਭ੍ਰਮਾਇ ਕੇ ਮੋਮਨ ਕੋ ਪ੍ਰਭ ਲੋਭ ਕੇ ਸਾਗਰ ਬੀਚ ਗਿਰਾਇਯੋ ।
ਸੋਟੀ ਕਰੀ ਜੁ ਸਰੀ ਹਮ ਪੈ ਪ੍ਰਭ ਮੈਂ ਅਪਨੋਂ ਕਹਿ ਪਾਪੁ ਸੁਨਾਇਯੋ ।
ਮੈਂ ਤੁਮਰੋ ਗੁਨਾਂਗਾਰੁ[3] ਸਿਰੀ ਗੁਰ ਸੋ ਕਰੀਏ ਜੁ ਤੁਮੈ ਮਨ ਭਾਇਯੋ । ੧੫੦

ਸਵੈਯਾ : ਏ ਸੁਨ ਵਾਕ ਅਘੀ ਦਿਜ ਕੇ ਗੁਰ ਆਪ ਸਿਰੀ ਮੁਖ[4] ਵਾਕ ਉਚਾਰੇ ।
ਜਾਹਿ ਸਿਰੀ ਰਮਦਾਸ ਪੁਰੋਂ ਦਿਜ ਤੇਰੋ ਈ ਪਾਪੁ ਤੁਮੈਂ ਹਤ ਡਾਰੇ ।

---

[1]ਲੀਓ [2]ਗੁਰ [3]ਗੁਨਗਾਰੁ [4]ਗੁਖ

ਪ੍ਰਿਥੀ ਚੰਦ ਪੌਰ ਕੇ ਲਾਗ ਰਹਿਯੋ ਇਕ ਕੋਂਨ ਕਨਾਰੇ ।
ਤੌ ਲਗ ਆਇ ਪ੍ਰਿਥੀ ਚੰਦ ਪੌਰ ਕੇ ਲਾਗ ਰਹਿਯੋ ਇਕ ਕੋਂਨ ਕਨਾਰੇ ।
ਫੇਰ ਸਿਰੀ ਗੁਰ ਕੋਪ ਕਹਿਯੋ ਮੁਖ ਲਾਗਹੁ ਨਾਂ ਹਮਰੇ ਅਧ ਮਾਰੇ । ੧੫੧ ।
ਮਾਨਸੁ ਆਜ ਹੁਤੋ ਹੁਮਰੋ[1] ਸੁਤੁ ਦੇਤ ਤੁਮੈ ਇਸ[2] ਪ੍ਰਾਂਨ ਨਿਕਾਰੇ ।
ਭਾਰੁ ਨਿਵਾਰਨਿ ਹੇਤ ਮਹੀ ਭਵੁ ਆਇ ਲਇਯੋ ਭਗਵਾਂਨ ਹਮਾਰੇ ।
ਮੀਨੇ[3] ਮਲੇਛ ਨਿਹਾਰੁ ਇਸੇ ਜੁਗ ਬਾਂਹਿ ਬਿਸਾਲ ਹੈਂ ਸੇਸ ਅਕਾਰੇ ।
ਤੂੰ ਇਨ ਕੋ ਬਧੁ ਚਾਹਤੁ ਹੈਂ ਮਧੁ ਕੈਟਭ ਸੇ ਮੁਰ ਸੰਜਿਨ ਮਾਰੇ । ੧੫੨ ।
ਫੇਰ ਕਹਿਯੋ ਗੁਰ ਟੇਰ ਸਭਾ ਮਧ ਵਾਕ ਸੁਨੋਂ ਹਮਰੇ ਸਿਖ ਭਾਈ ।
ਜੋ ਸਿਖੁ ਮੀਨੇ[4] ਕੋਂ ਮੇਲ ਕਰੇ ਤਿੰਹਿ ਆਸ ਪੁਜੇ ਨਿ ਕਦੇ ਜਗ ਕਾਈ ।
ਦੂਰ ਕਰੋ ਦਰਬਾਰ ਤੇ ਮੀਣੇਂ ਕੋ ਜਾਇ ਪਰੇ ਪ੍ਰਿਥੀਆ ਦੁਖ ਦਾਈ ।
ਏ ਸੁਨ ਵਾਕ ਸਿਰੀ ਗੁਰ ਕੇ ਗੁਰਦਾਸ ਤਬੈ ਕਥ ਵਾਰ ਸੁਨਾਈ । ੧੫੩ ।
ਫੇਰ ਸਿਰੀ ਗੁਰ ਗੋਬਿੰਦ ਸਿੰਘ ਜੂ ਖਾਲਸੇ ਸੋਂ[5] ਇਹਿ ਮੱਤ ਦਿਢਾਈ ।
ਮੀਨੇਂ ਮਸੰਦ ਸੁਤਾਹਤ ਸੋਂ ਲਘੁ ਮੇਲ ਸਿੑਗੁੰਮ ਸੋਂ ਮੇਲੁ ਨ ਭਾਈ ।
ਆਦਿ ਸਿਰੀ ਗੁਰ ਜੈਸੇ ਕਹਿਯੋ ਕਵ ਵੀਰ ਮ੍ਰਿਗੇਸ ਸੁ ਭਾਖ ਸੁਣਾਈ ।
ਆਗੇ ਸੁਨੋਂ ਸਿੰਘ ਸੰਤ ਕਥਾ ਮਿਲਿਯੋ
ਮੰਢ ਸਿਰੀ ਗੁਰ ਕੋ ਜਿਮ ਆਈ । ੧੫੪ ।
ਮੰਢ ਪ੍ਰਿਥਮ ਸੁਲਤਾਂਨ ਕੋ ਸੇਵਤ[6] ਸਹਿ ਪਰਵਾਰਿ ।
ਏਕ ਦਿਵਸ ਚਲ ਆਇਯੋ ਵਿਆਸ ਨਦੀ ਕਰਾਰਿ । ੧੫੫ ।
ਮੰਢ ਵਿਆਸ ਤਟ ਆਇਯੋ ਜਬ ਹੀ । ਉਤਿਰਿਯੋ ਪਾਰ ਲਬਾਂਣਾ[7] ਤਬ ਹੀ ।
ਕਈ ਸਹਿਸ ਤਾਂ ਕੇ ਸੰਗ ਬੈਲਾ । ਸੰਗ ਲਬਾਣੇ ਤਰੁਨੇ ਛੈਲਾ । ੧੫੬ ।
ਡੇਰਾ ਕਰ ਸਰ ਤਾ ਕੇ ਤੀਰਾ । ਬਹੁਰ ਲਗੇ ਤਰਿਨੇਂ ਨਦ ਨੀਰਾ ।
ਤਬ ਨਾਇਕ ਮੁਖ ਏਹੁ ਅਲਾਈ । ਅਮਕਾ ਬੈਲੁ ਨਾਂਥ ਲਿਹ ਭਾਈ । ੧੫੭ ।
ਤਬੈ ਦੌਰ ਤਰੁਨੇ ਸਭ ਆਏ । ਗਹਿ ਕਰ ਦਾਂਮ ਬੈਲ ਦਿਸ ਧਾਏ ।
ਲਇਯੋ ਬੈਲੁ ਸੀਘਰ ਗਹਿ ਕਾਂਨਾਂ । ਕਹੁੰ ਗਹੇ ਜੁਗ ਸੀਂਙ[8] ਮਹਾਂਨਾਂ । ੧੫੮ ।
ਤਿਸੀ ਕਾਲ ਜਮਦੂਤ ਪਠਾਏ । ਪ੍ਰਿਥਮੈਂ ਤੀਰ ਮੰਢ ਕੇ ਆਏ ।
ਹੇਰ ਮੰਢ ਮੁਖ ਏਹੁ ਉਚਾਰੀ । ਤੁਮ ਕਹੁ ਕੌਂਨੁ ਜਾਤ ਕਿਆ ਬਾਰੀ । ੧੫੯ ।
ਤੁਮ ਚਲ ਕੌਨ ਦੇਸ ਤੇ ਆਏ । ਕਹੋ ਸਕਲ ਬਿਰਤਾਂਤੁ ਸੁਨਾਂਏ ।
ਜਮਦੂਤਨ ਇੰਮ ਭਾਖ ਸੁਣਾਇਆ ।
ਧਰਮ ਰਾਜ ਮਮ ਭੂੰਮ ਪਠਾਇਆ । ੧੬੦ ।
ਅਮਕੇ ਨਾਂਮ ਲਬਾਂਣਾਂ ਜੋਈ । ਤਾਂ ਤਨੁ ਹਤ ਲੈ ਜਾਂਵਹਿ ਸੋਈ ।
ਵੇਖੁ ਪ੍ਰਾਂਨ ਤਾਂ ਕੇ ਕਢ ਲੈਹੋਂ । ਤਵ ਦੇਖਤ ਜਮਪੁਰੀ ਲਿਜੈਹੋ । ੧੬੧ ।
ਐਸੇ ਕਹਿ ਜਮਦੂਤਿ ਸਿਧਾਇ[9] । ਬੈਲ ਸੀਙ ਤਰ ਬੈਠੇ ਆਇ ।

[1]ਇਤ [3-4]ਮੀਣੀ [5]ਕੋ [6]ਸੇਵਕ [7]ਲਵਾਣਾ [8]ਜੋਗ [9]ਸਿਧਾਇਆ

ਛਰਿਯੋ ਬੈਲੁ ਜੁਗ ਸੀਙ ਹਲਾਏ। ਤਬ ਆਯੁਧੁ ਉਨ ਦੂਹੂੰ ਚਲਾਏ।
ਉਦਰੁ ਲਬਾਣੇ ਕੋ ਫਟ ਗਇਯੋ। ਪ੍ਰਾਂਨ ਬਾਂਧ ਜਮਦੂਤਨ ਲਇਯੋ। ੧੬
ਜਮਪੁਰ ਮਗ ਲੈ ਜਬੈ ਸਿਧਾਏ। ਆਗੇ ਤੇ ਸੀਘਰ ਸਿੱਖ ਆਏ।
ਬੇਗ ਲਬਾਂਣਾਂ ਆਇ ਛਡਾਇਆ। ਜਮਦੂਤਨ ਕੋ ਮਾਰ ਭਜਾਇਆ। ੧੬੩।
ਤਬੈ ਮੰਢ੍ਹ ਆਇਯੋ ਤਿਹਿੰ ਤੀਰ। ਹਾਥ ਜੋਰ ਬੋਲਿਯੋ ਮਤ ਧੀਰ।
ਤੁਮਹਿ ਕੌਂਨੁ ਇਹੁ ਕੌਂਨੁ ਕਹਾਏ। ਵਹੁ ਜੁਗ ਕੌਂਨੁ ਜੁ ਮਾਰ ਭਜਾਏ। ੧੬੪
ਐਸੇ ਕਹੀ ਮੰਢ ਜਬ ਬਾਂਨੀ। ਤਬ ਬੋਲੇ ਗੁਰਸਿਖ ਸੁਰ ਗਿਯਾਂਨੀ।
ਇਹ ਗੁਰਸਿਖੁ ਹਮ ਗੁਰ ਕੇ ਦਾਸਾ। ਵਹ ਜਮਦੂਤ ਜੁ ਗਏ ਨਿਰਾਸਾ। ੧੬੫।
ਗੁਰਸਿਖੁ ਜਾਂਨ ਹਮੈਂ ਮੁਕਤਾਇਆ। ਜਮਦੂਤਨ ਕੋ ਮਾਰ ਭਜਾਇਆ। ੧੬
ਬਹੁਰ ਮੰਢ ਮੁਖ ਏਹੁ ਅਲਾਈ। ਆਗੈ ਹੋਵਤ ਕੌਨੁ ਸਹਾਈ।
ਗੁਰੂ ਵਡਾ ਸਰਵਰੁ ਸੁਲਤਾਂਨਾਂ। ਅਗੈ ਕਾ ਕੇ ਝੁਲਹਿ ਨਿਸਾਨਾ। ੧੬੭।
ਤਬ ਗੁਰਸਿਖ ਇਹੁ ਵਾਕ ਉਚਾਰੇ। ਆਗੈ ਸ੍ਰੀ ਗੁਰੂ ਰਾਖਣਹਾਰੇ।
ਸੁਲਤਾਂਨੁ ਜਗਤ ਮੋ ਕਰੇ ਸਹਾਇ। ਆਗੈ ਮੂਲੁ ਨ ਸਕੈ ਛਡਾਇ। ੧੬੮।
ਦੁਹੀ ਸਿਰੀ ਸ੍ਰੀਹੋ ਸਤਿ ਗੁਰੁ ਵਾਲੀ। ਗੁਰ ਕੋ ਸੇਵੁ ਨ ਜਾਏ ਖਾਲੀ।
ਸਨਮੁਖੁ ਹੁਵੈ ਗੁਰ ਕੇ ਪਦ ਸੇਵੈ। ਨੌਂ ਨਿਧ ਨਾਂਮੁ ਤਾਸ ਗੁਰੁ ਦੇਵੈ। ੧੬
ਫੁਲੇ ਫਲੇਯਾ ਜਗ ਸੁਖੁ ਪੈਹੇ। ਆਗੈ ਗੁਰੁ ਨਿਰਭੈ ਪਦੁ ਦੇਹੈ।
ਏ ਸੁਨ ਮੰਢ੍ਹ ਹੀਏਂ ਬਿਗਸਾਇਯੋ। ਗੁਰਸਿਖੁ ਹੋਣ ਸੁਧਾਸਰ ਆਇਸੋ। ੧

ਨਰਾਜ ਛੰਦ :

ਸੁਧਾਸਰੰ ਸਿਧਾਰ ਮੰਢ ਮੱਜਨੰ ਸਰੰ ਕਰੇ।
ਪਦੰ ਪਦੰ ਪ੍ਰਣਾਂਮ ਦੰਡ ਭਾਲੁ ਭੂੰਮ ਪੈ ਧਰੇ।
ਹਜੂਰ ਆਵਤੋ ਭਇਯੋ ਵਿਲੋਕ[1] ਦੇਵ ਅਰਜਨੰ।
ਸਭਾ ਸੁਰਿੰਦ ਕੇਸਰੀ ਸਮੀਪ ਪੁੰਜੁ ਹਰਿਜਨੰ। ੧੭੧।

ਭਗੀਰਥੀ ਪ੍ਰਵਾਹਿ ਜਿਉ ਸੁਹੰ ਸੁਹੰ ਉਚਾਰ ਹੈਂ।
ਦਿਵਾ ਨਿਸੰਕ ਜਪੈ ਹਰੀ ਨ ਰੰਚਕੰ ਬਿਸਾਰ ਹੈਂ।
ਨਿਵਾਇ ਨਾਰ ਪਾਦ ਕੰਜ ਮੰਢ੍ਹ ਬੰਦਨਾਂ ਕਰੇ।
ਪਦਾਰਬਿੰਦ ਸੇਵ ਤੋਹਿ ਕੋਟ ਪਾਤਕੀ ਤਰੇ। ੧੭੨।

ਅਭੇਵ ਦੇਵ ਅ੍ਰਜਨੰ ਕ੍ਰਿਪਾ ਕਟਾਛ ਹੇਰੀਏ।
ਉਧਾਰ ਦੇਵਦਾਸ ਕੋ ਪ੍ਰੰ ਮੈ ਸਾਂਮ ਤੇਰੀਏ।
ਨਿਵਾਰੁ ਪਾਪ ਸ੍ਰਿੰਖਲਾ ਕਰੋ ਸੁ ਮੋਹਿ ਪਾਂਵਨੰ।
ਸਰੇਸ ਨਾਥ ਜਿਉ ਕਰੇ ਤਰਾਇ ਮੇਘੁ ਸਾਂਵਨੰ। ੧੭੩।

ਸੁਰੇਸ ਦੇਸ ਰਾਵਰੀ ਸੁ ਦੇਵ ਕੀਰਤੰ ਰਰੇ।
ਪਦਾਰਬਿੰਦ ਪ੍ਰਸ ਤੋਹਿ ਕੋਟ ਪਾਤਕੀ ਤਰੇ।

[1]ਬਿਲੋਕ

ਤੁਵੈਂ¹ ਪਦਾਰਬਿੰਦ ਪੈ ਪ੍ਰਨਾਂਮ² ਨਾਥ ਮੇਰੀਯਾ ।
ਹਰੋ ਸਮੱਸਤ ਦੂਖ ਦੇਵ ਗਹੀ ਸਰਨ ਤੇਰੀਯਾ । ੧੭੪ ।
ਕਰੋ ਸੁ ਸਿੱਖ ਆਪ ਪਦੰਬ ਮੋ ਛਕਾਇ ਕੈ ।
ਦਿਵਾਉ ਮੋਹਿ ਮੰਤਰੰ ਕਰੰ ਕਮਾਲ ਲਾਇ ਕੈ ।
ਹਜ਼ੂਰ ਮੰਞ ਹਾਥ ਜੋਰ ਯੌਂ ਜਬੈ ਸੁਨਾਇਯੋ ।
ਸਿਰੀ ਗੁਰੂ ਕ੍ਰਿਪਾਲ ਹੁਵੈ ਇ ਊਤਰੰ ਅਲਾਇਯੋ । ੧੭੫ ।

ਪੂਰਬ ਸੇਵਕੁ ਤੂੰ ਕਿਸ ਕੋ ਗੁਰ ਤਾਂਹਿ ਸਮੇਂ ਇਹਿ ਵਾਕ ਉਚਾਰੇ ।
ਮੰਞ ਕਹਿਯੋ ਕਰਨਾ ਨਿਧ ਜੂ ਸੁਲਤਾਂਨ ਕੋ ਥਾਂਨੁ ਹੈ ਧਾਂਮ ਹਮਾਰੇ ।
ਤਾਹਿ ਤਜੋ ਕਿਹਿ ਹੇਤ ਤੁਮੇਂ ਮੰਞ ਕੀ ਉਪਜੀ ਜੀਏ ਸੰਕ ਤਿਹਾਰੇ ।
ਮੰਞ ਕਹਿਯੋ ਕਰ ਜੋਰ ਪ੍ਰਭੂ ਸੁਲਤਾਂਨੁ ਸਹਾਇ ਨ ਹੋਇ ਅਗਾਰੇ । ੧੭੬ ।

ਏ ਸੁਨ ਵਾਕ ਤਬੈ ਮੰਞ ਕੇ ਗੁਰ ਆਖ ਸਿਰੀ ਮੁਖ ਵਾਕ ਉਚਾਰੇ ।
ਹੈ ਗੁਰ ਸੇਵ ਮਹਾਂ ਬਿਖੜੀ ਮੰਞ ਸੋ ਚਲਹੋ ਮਨ ਮਾਂਹਿ ਬਿਚਾਰੇ ।
ਮੈ ਪਰ ਕੋ ਧਨੁ ਦੂਰ ਕਰੋਂ ਨਿਜ ਫੇਰ ਦੇਓ ਸਿਖਿ ਲੱਛ ਅਪਾਰੇ ।
ਤੂੰ ਘਰ ਜਾਂ ਅਬ ਗੋਰੁ ਮੁਕਾਂਮ ਕੋ ਫੇਰ ਬਨੋਂ ਆਇ ਸਿੱਖ ਹਮਾਰੇ । ੧੭੭ ।
ਆਇਸੁ ਮਾਂਨ ਸਿਰੀ ਗੁਰ ਕੋ ਮੰਞ ਸੀਸੁ ਨਿਵਾਇ ਕੈ ਧਾਂਮ ਪਧਾਰੇ³ ।
ਗਾਉ ਮੈਂ ਜਾਇ ਗਜਾਇ ਫਤੇ ਗੁਰ ਮੰਞ ਧਸਿਯੋ ਨਿਜ ਭੌਣ ਮਝਾਰੇ ।
ਲੈ ਕਰ ਬੇਗ ਬਿਸਾਲ ਕਹੀ ਸਤਿਨਾਂਮ ਉਚਾਰ ਮੁਕਾਂਮੁ ਬਿਦਾਰੇ ।
ਸੇਵਕ ਮੰਞ ਭਇਯੋ ਗੁਰ ਕੋ ਸੁਨ ਪੀਰੁ ਗਇਯੋ ਤਜ ਠੌਰ ਕਨਾਰੇ । ੧੭੮ ।

ਗੋਰ ਮੁਕਾਂਮੁ ਤਬੈ ਸੁਲਤਾਂਨ ਕੋ ਮੰਞ ਗਇਯੋ ਗੁਰ ਕੇ ਦਰਬਾਰੇ ।
ਆਇ ਸਿਰੀ ਰਾਮਦਾਸ ਪੁਰੇ ਕਰ ਜੋਰ ਖਰੇ ਗੁਰ ਤੀਰ ਅਗਾਰੇ ।
ਦੰਡ ਪ੍ਰਣਾਂਮ ਕਰੀ ਧਰ ਪੈ ਪਰਦੱਛਨ ਦੈ ਮੁਖ ਏਹੁ ਉਚਾਰੇ ।
ਬੇਗਿ ਕਰੋ ਕਰੁਣਾ ਕਰੁਣਾਨਿਧੰ ਅੰਮ੍ਰਿਤੁ ਦੈ ਮੁਖ ਸੀਸ ਹਮਾਰੇ । ੧੭੯ ।
ਮੰਞ ਹਜੂਰ ਕਹਿਯੋ 'ਕਰ ਜੋਰ'⁴ ਕੈ ਮੈਂ ਦਇਯੋ ਪੀਰ ਕੋ ਥਾਂਨੁ ਉਖਾਰੇ ।
ਏ ਸੁਨ ਵਾਕ ਤਬੈ ਮੰਞ ਪੈ ਗੁਰ ਆਖ ਕਟਾਛ ਕ੍ਰਿਪਾ ਕੈ ਨਿਹਾਰੇ ।
ਅੰਮ੍ਰਿਤੁ ਲੈ ਸਰ ਅੰਮ੍ਰਿਤ ਤੇ ਨਿਜ ਪਾਦ ਪਖਾ ਰਸੁ ਮੰਤ੍ਰ ਉਚਾਰੇ ।
ਮੰਞ ਕੇ ਸੀਸ ਦਇਯੋ ਗੁਰ ਅੰਮ੍ਰਿਤੁ ਪਾਂਚ ਚੁਲੇ ਮੁਖ ਭੀਤਰ ਡਾਰੇ । ੧੮੦ ।
ਅੰਮ੍ਰਿਤੁ ਦੈ ਉਪਦੇਸੁ ਕੀਓ ਗੁਰ ਮੰਞ ਸਦਾ ਸੱਤਨਾਮੁ ਉਚਾਰੋ ।
ਦੇਗ ਕਰੋ ਪ੍ਰਭਾਤ ਭਰੋ ਜਲ ਕੀ ਬਨ ਈਧਨ ਲੈ ਨਿਸ ਲੰਗਰ ਡਾਰੋ ।
ਸੰਗਤ ਕੋ ਪਰਸਾਦ ਸਮੈ ਬਰ ਨੀਰੁ ਛਕਾਇ ਸਮੀਰੁ ਝੁਲਾਰੋ ।
ਜਾਂਮੁ ਨਿਸਾ ਰਹਿ ਜਾਇ ਜਬੈ ਰਾਮਦਾਸ ਸਰੋਵਰ ਮੱਜਨੁ ਧਾਰੋ । ੧੮੧ ।

²ਪ੍ਰਨਾਂ ਸੁ ³ਸਿਧਾਰੇ ⁴ਕਰਨਾਂ ਨਿਧ

ਦੋਹਰਾ : ਜੈਸੇ ਸੇਵਾ ਮੰਝ ਕੋ ਸ੍ਰੀ ਗੁਰ ਦਈ ਦ੍ਰਿੜਾਇ ।
ਮਨ ਬਚ ਕ੍ਰਮ ਤੈਸੇ ਕਰੇ ਮੰਝ੍ਹ ਸੇਵ ਮਨ ਲਾਇ । ੧੮੨ ।

ਚੌਪਈ : ਰਹੇ ਜਾਂਮੁ ਜਾਮਨੀ ਜਬੈ । ਮੱਜਨੁ ਕਰੈ ਸੁਧਾਸਰ ਤਬੈ ।
ਚਰਨੰਬੁਜ ਗੁਰ ਕੈ ਸਿਰੁ ਨਾਇ । ਦੇਗ ਭਰੇ ਜਲ ਪ੍ਰਾਤੇ ਜਾਇ । ੧੮੩ ।
ਛਕ ਪ੍ਰਸਾਦੁ ਬਨ ਕੋ ਚਲ ਜਾਵੈ । ਸਾਝ ਸਮੈਂ ਈਧਨੁ ਲੈ ਆਵੈ ।
ਸਾਧ ਸਿੱਖ ਨਿਸ ਸੋਵੈਂ ਜਬ ਹੀ । ਪੱਖਾ ਕਰੇ ਸਭਨ ਕੋ ਤਬ ਹੀ । ੧੮੪ ।
ਐਸੇ ਕਰੇ ਮੰਝ੍ਹ ਨਿਤ[1] ਸੇਵ । ਏਕ ਦਿਵਸ ਬੋਲੇ ਗੁਰਦੇਵ ।
ਬਿੰਜਨੁ ਕਹਾਂ ਮੰਝ ਤੂੰ ਪੈਹੈਂ । ਖਾਟ ਸਵਨ ਹਿਤ ਕਾਂਤੇ ਲੈਹੋਂ । ੧੮੫ ।
ਮੰਝ ਕਹਿਯੋ ਲੰਗਰ ਛਕ ਭੋਜਨੁ । ਭੂਮ ਸੋਇ ਸਿਧ ਕਰੋਂ ਪਰੋਜਨੁ ।
ਤਬ ਗੁਰ ਕਹਿਯਾ ਮੰਝ ਸੁਨ ਲੀਜੈ ।
ਲੰਗਰ ਮੋਂ ਭੋਜਨ ਮਤੁ (ਤੁਮ) ਕੀਜੈ । ੧੮੬ ।
ਸੰਗਤ ਤੇ ਰੋਟੀ ਮੰਗ ਖਾਵੋ । ਨਿਸ ਦਿਨ ਗੁਰ ਕੀ ਸੇਵ ਕਮਾਵੋ ।
ਮੰਝ ਤਬੈ ਵੈਸੇ ਹੀ ਕੀਨੋਂ । ਹੁਕਮੁ ਹਜੂਰ ਜਿਵੇਂ ਕਹਿ ਦੀਨੋ । ੧੮੭ ।

ਦੋਹਰਾ : ਕਰਮ ਕਾਲ ਉਤ ਮੰਝ ਗ੍ਰਿਹਿ ਕਲਹਿ ਭਈ ਕਛੁ ਔਰਿ ।
ਲੂਟ ਸਰਬ ਧਨੁ ਮੰਝ ਕਾ ਲਇ ਗਏ ਤੁਰਕ ਲਹੌਰਿ । ੧੮੮ ।

ਚੌਪਈ : ਇਤਿ ਗੁਰ ਮੰਝ੍ਹ ਫੇਰ ਬੁਲਵਾਇਆ[2] । ਐਸੇ ਸ੍ਰੀ ਮੁਖ ਕਹਿਆ ਸੁਨਾਇ ।
ਕਹਾਂ ਖਾਹੁ ਭੋਜਨੁ ਮੰਝ ਪਾਈ । ਤਬ ਗੁਰ ਪੈ ਮੰਝ ਏਹੁ ਅਲਾਈ । ੧੮੯ ।
ਤਵ ਸੰਗਤ ਤੇਹੇ ਜਗਤੇਸ । ਨੌਂ ਦਸ ਰੋਟੀ ਬਨੈਂ ਹਮੇਸ ।
ਦੋਊ ਕਾਲ ਮੈਂ ਕਰੋਂ ਅਹਾਰਿ । ਸੇਵ ਕਰੋ ਸ੍ਰੀ ਗੁਰਦਬਾਰਿ । ੧੯੦ ।
ਪੁਨ ਗੁਰ ਕਹਿਆ ਮੰਝ ਸੁਨ ਲੀਜੈ । ਐਸਾ ਕੰਮੁ ਫੇਰ ਨਹਿ ਕੀਜੈ ।
ਰੋਟੀ ਏਕੁ ਲੇਹੁ ਤੁਮ ਖਾਇ । ਅਵਰ ਦੇਹੁ ਗੁਰ ਹਿਤਿ ਵਰਤਾਇ । ੧੯੧ ।
ਨਿਜ ਹਿਤ ਮਾਂਗ ਦੀਨ ਮੁਖ ਪਾਵੈ । ਤਾਂਕੀ ਮਹਿਮਾਂ ਗਂਨੀ ਨ ਆਵੈ ।
ਜਬ ਸ੍ਰੀ ਗੁਰ ਐਸੇ ਕਹਿ ਦਇਆ । ਤਬੈ ਮੰਝ ਮਨ ਦ੍ਰਿੜ ਕਰ ਲਇਆ । ੧
ਇਕੁ ਰੋਟੀ ਨਿਸ ਬਾਸਰ ਖਾਵੈ । ਲੰਗਰ ਸੇਵ ਹਮੇਸ ਕਰਾਵੈ ।
ਭਇਯੋ ਕਿਰਸ ਤਨੁ ਘਟੇ ਅਹਾਰਿ । ਨਿਤ ਪ੍ਰਿਤ ਜਾਵੈ ਬਿਪਨ ਮਝਾਰਿ । ੧੯
ਏਕ ਦਿਵਸ ਐਸੀ ਗਤ ਭਈ । ਈਧਨ ਪੋਟ ਅਧਕ ਬੰਧ ਲਈ ।
ਘੋਰ ਤਿਮਰ ਤਬ ਬਹੀ ਬਿਆਰਿ । ਪਰਿਯੋ ਮੰਝ ਗਿਰ ਕੂਪ ਮਝਾਰਿ । ੧੯੪
ਕਟ ਪ੍ਰਯੰਤ ਜਲੁ ਗੁਰ ਕਰ ਦਇਆ । ਗਿਰੀ ਨਦਾਰ ਮੰਝ੍ਹ ਦ੍ਰਿੜ ਭਇਆ ।
ਨਿਸ ਬੀਤੀ ਸਵਤਾ ਚੜ ਆਇਯੋ । ਇਤਿ ਸ੍ਰੀ ਗੁਰ ਸ੍ਰੀ ਮੁਖ ਫੁਰਮਾਇਯੋ । ੧
ਲਿਆਉ ਬਾਜੁ ਸੰਘਰੁ ਘੁਰਵਾਰ । ਚੜੋਂ ਬੇਗ ਬਨ ਚਲੇਂਹਿ ਸਿਕਾਰ ।
ਪਾਖਰ ਪਾ ਅਸੁ ਦੀਨਾਂ ਆਂਨ । ਸ੍ਰੀ ਗੁਰ ਚੜ ਗਤੇ ਵਿਪਨ ਮਹਾਂਨ । ੧੯੬ ।

---

[1]ਨਿਸ [2]ਬੁਲਾਇ

ਅੰਤਰਜਾਮੀ ਗੁਰ ਕਰਤਾਰਿ । ਆਠਾਵੇ ਤਿੰਹਿਂ ਕੂਪ ਕਰਾਰਿ ।
ਰਮੂੰ ਸਹਿਤ ਗੁਰ ਆਇਯੋ ਤੁਹਾਂ । ਮੰਞ ਕੂਪ ਬਨ ਭੀਤਰ ਜਹਾਂ । ੧੯੭ ।
ਤਬ ਗੁਰ ਕਹਿਆ ਨੀਰੁ ਨਿਕਰਾਵੋ । ਗਡਵਾ ਡੋਰੀ ਕੂਪ ਬਹਾਵੋ ।
ਗਡਵਾ ਡੋਰੀ ਤਬੈ ਸਵਾਰਿ । ਨਫਰ ਫਰਾਹੀ ਕੂਪ ਮਝਾਰਿ । ੧੯੮ ।
ਤਬੈ ਮੰਞ ਨਿਜ ਕਰ ਗਹਿ ਲਈ । ਊਪਰ ਨੈਕੁ ਨ ਜਾਂਵਨ ਦਈ ।
ਕਹਿਯੋ ਨਫਰ ਤੂੰ ਕੋ ਰੇ ਭਾਈ । ਕਹੋ ਆਪਨਾ[1] ਨਾਂਮੁ ਸੁਨਾਈ । ੧੯੯ ।
ਤਬੈ ਮੰਞ ਊਚੇ ਸੁਰ ਟੇਰੋ[2] । ਨਾਂਮੁ ਮੰਞ ਸੇਵਕੁ ਗੁਰ ਕੇਰੋ ।
ਪ੍ਰਿਥਮ ਵਾਕ ਸ੍ਰੀ ਗੁਰ ਸੁਨ ਪਾਇਯੋ । ਕਾਢ ਲੇਹੁ ਗੁਰ ਆਪ ਅਲਾਇਯੋ । ੨੦੦ ।
ਕਹਿਯੋ ਸਿੱਖ ਮੰਞ ਬਾਹਰਿ ਆਈਯੇ । ਮੰਞ ਕਹਿਯੋ ਈਂਧਨੁ ਨਿਕਰਾਈਯੇ ।
ਗੁਰ ਲੰਗਰ ਹਿਤ ਆਂਨਿਯਾਂ ਚੁਨ ਕਰ ।
ਸੂਕਾ ਰਾਖਿਯਾ ਰੈਂਨਿ ਸੀਸ ਧਰ । ੨੦੧ ।

ਸ੍ਰੀ ਗੁਰੂ ਕਹੇ ਮੰਞ ਚਢ ਆਵੇ । ਮੰਞ ਕਹੇ ਈਂਧਨੁ ਨਿਕਰਾਵੇ ।
ਬਹੁਤੁ ਬਾਰ ਸ੍ਰੀ ਗੁਰ ਫੁਰਮਾਇਆ । ਮੰਞ ਆਪਨਾ ਹਠੁ ਨ ਹਟਾਇਆ । ੨੦੨ ।
ਪ੍ਰਿਥਮੈਂ ਈਂਧਨੁ ਲਇਆ ਨਿਕਾਰ । ਤੌ ਆਇਆ ਮੰਞ ਬਾਹਰਵਾਰ ।
ਮੰਞ ਕੂਪ ਤੇ ਨਿਕਰਿਯੋ ਜਬ ਹੀ । ਗੁਰ ਨਿਜ ਕੰਠ ਲਗਾਇਯੋ ਤਬ ਹੀ । ੨੦੩ ।
ਬਾਰ ਬਾਰ ਗੁਰ ਚੂੰਮ ਲਿਲਾਰ । ਐਸੇ ਸ੍ਰੀ ਮੁਖ ਕੀਨ ਉਚਾਰ ।
ਸੁਨੋਂ ਸੰਤ ਸਰਵਨ ਨਿਜ (ਦੇ) ਸਬੈ । ਜੈਸੇ ਸ੍ਰੀ ਗੁਰ ਭਾਖਿਯੋ ਤਬੈ । ੨੦੪ ।
ਮੁਖ- ਗੁਰੂ ਪਿਆਰਾ ਮੰਞ ਨੂੰ ਗੁਰਿ ਮੰਞ ਪਿਆਰਾ ।
ਕ : ਮੰਞ ਗੁਰੂ ਬੋਹਥਾ ਜਗੁ ਲੰਘਣਹਾਰਾ ।

ਲ : ਸ੍ਰੀ ਗੁਰ ਕ੍ਰਿਪਾ ਕਟਾਛ ਜੌ ਮੰਞ ਨਿਹਾਰਿਆ ।
ਹੁਵੈ ਗਇਯਾ ਮੰਞ ਨਿਹਾਲੁ ਸਣੇ ਪਰਵਾਰਿਆ ।
ਤੁਰਕਾਂ ਦੀਨੀ ਮੋੜਿ ਸਰਬ ਨਿਧ ਤਾਸ ਕੀ ।
ਹੋਰ ਰਾਖ ਲਈ ਗੁਰ ਪੈਜ ਆਪਣੈ ਦਾਸ ਕੀ । ੨੦੫ ।

ਸੰਗਤ ਸ੍ਰੀ ਗੁਰ ਸਰਬ ਹਜੂਰ ਬੁਲਾਇ ਕੇ । ਸਿਰਪਾਉ ਦਰਬਾਰੋਂ ਬੇਸ ਮੰਗਾਇ ਕੇ ।
ਸ੍ਰੀ ਗੁਰ ਲੈ ਨਿਜ ਹਾਥ ਮੰਞ ਪਹਿਰਾਇਆ ।
ਹੋ ਥਾਪ ਆਪਣਾ ਸੇਵਕ ਧਾਂਮ ਪਠਾਇਆ । ੨੦੬ ।

ਮੱਦਰ ਦੇਸ ਸੁਧਾਂਸਰ ਸ੍ਰੀ ਗੁਰੁ ਰਾਜਈ ।
ਜਾਂ ਛਬ ਹੇਰ ਅਨੇਕ ਇੰਦ੍ਰ ਪੁਰੁ ਲਾਜਈ ।
ਇਕ ਦਿਨ ਦੇਵ ਅਰੱਜਨ ਏਹ ਉਚਾਰੀਆ ।
ਹੋ ਤੁਰਕਾਂ ਦੁਵੈ ਰਜਧਾਂਨੀ ਅਧਕ ਸਵਾਰੀਆ । ੨੦੭ ।

---

[1]ਪਨੋ [2]ਟੇਰੀਯੋ

ਦਿੱਲੀ ਅਵਰੁ ਲਹੌਰ ਨਕੇਤ ਸਵਾਰ ਹੈਂ ।
ਜਹਾਂ ਹੋਇ ਮਨ ਮੌਜ ਤਹਾਂ ਪਗੁ ਧਾਰ ਹੈਂ ।
ਹਮ ਭੀ ਬੀਚ ਦੁਆਬੇ ਪੂਰਾ ਵਸਾਈਯੇ ।
ਹੋ ਅਧਕ ਅੰਬ ਬਰ ਬਾਗ ਅਨੇਕ ਲਵਾਈਯੇ । ੨੦੮ ।
ਇਹ ਮਨ ਮੰਤ੍ਰ ਬੀਚਾਰ ਗੁਰੂ ਚਢਿ ਆਇਆ ।
ਨਾਖ ਵਿਆਸ ਨਦ ਦੁਆਬੈ ਡੇਰਾ ਪਾਇਆ ।
ਜਹਾਂ ਬਿਸਨ ਭਗਵਾਂਨ ਜਿਲੰਧਰੁ ਮਾਰਿਯੋ ।
ਹੋ ਤਹਾਂ ਸਿਰੀ ਕਰਤਾਰਪੁਰਾ ਗੁਰ ਧਾਰਿਯੋ । ੨੦੯ ।
ਸਾਜਿਆ ਕਿਲਾ ਬਿਲੰਦ ਅਜੀਤ ਸੁਹਾਂਵਣਾਂ ।
ਚੌਪੜ ਸਕਲ ਬਜਾਰ ਸਹਿਰੁ ਮਨ ਭਾਂਵਣਾ ।
ਲਾਏ ਬਾਗ ਬਿਸਾਲ ਘਟਾ ਜਨੁ ਪਾਵਸੀ ।
ਹੋ ਛਾਇਆ ਕੁਹੂ ਕਰਾਲ ਨਿਸਾ ਸਮ ਮਾਵਸੀ । ੨੧੦ ।
ਕਿਲੇ ਬੀਚ ਗੁਰਮੰਦਰ ਅਨਕ ਉਸਾਰਿਆ ।
ਸੀਸ ਮਹਿਲ ਸਭਿ ਸੁਫਾ ਅਨੂਪੁ ਸਵਾਰਿਆ ।
ਸੀਸੋਂ ਤਰਬੁਰ ਸੁਫੇ ਹੇਤ ਗੁਰ ਆਂਨਿਯੋ ।
ਹੋ ਕਾਰੀਗਰ ਸਜ ਥੰਮੁ ਸੁਫੇ ਮਧ ਠਾਂਨਿਯੋਂ । ੨੧੧ ।
ਰਹਿ ਗਇਆ ਉਂਗਲ ਚਾਰ ਲਟਾਇਣ ਤੇ ਉਰੇ ।
ਰਹੇ ਜੋੜ ਬਿਸ ਕਰਮਾਂਨੀ ਕਾਨਾਂ ਜੂਰੇ ।
ਆਇ ਹਜੂਰ ਤਖਾਂਣ ਕਹਿਆ ਸਿਰੁ ਕਾਇ ਕੇ ।
ਜੀ ਮਹਾਂਰਾਜ ਥੰਮੁ ਘਟ ਗਇਆ ਵੇਖੋ ਆਇ ਕੇ । ੨੧੨ ।
ਸ੍ਰੀ ਗੁਰੁ ਅਰਜਨੁ ਦੇਵੁ ਆਪ ਢਿਗ ਆਇਆ ।
ਨਿਜ ਕਰੁ ਲਾਇ ਸਤੰਨ ਏ ਵਾਕੁ ਅਲਾਇਆ ।
ਬਨ ਮੈਂ ਬਢੇ ਬਿਸਾਲ ਤੁਮੈਂ ਹਿਤ ਆਪ ਤਬ ।
ਹੋ ਵਧੋ[1] ਅੰਗੁਰੀਆਂ ਚਾਰ ਗੁਰੂ ਹਿਤ ਬੇਗ ਅਬ । ੨੧੩ ।
ਤੇ ਤਾਹੀ ਵਧ ਆਇਆ ਜੇਤਾ ਲੋੜਿਆ ।
ਸਜ ਰਹਿਯਾ ਖੂਬ ਬਰਾਬਰ ਜਿੱਥੇ ਜੋੜਿਆ ।
ਵਰੁ ਦੀਨਾ ਗੁਰ ਅਰਜਨ ਨਿਜ ਕਰੁ ਲਾਇ ਕੈ ।
ਹੋ ਸਭ ਸੰਗਤ ਪ੍ਰਿਤ ਭਾਖਿਯਾ ਏਹੁ ਸੁਣਾਇ ਕੈ । ੨੧੪ ।
ਸ੍ਰੀ ਥੰਮ ਜੀ ਮੇਰਾ ਰੂਪੁ ਨਿਹਾਰੀਯੈ । ਸੁਨੁ ਸੰਗਤ ਮਨ ਭੇਦੁ ਨ ਰੰਚਕ ਧਾਰੀਯੈ ।
ਸ੍ਰੀ ਗੁਰ ਅਰਜਨ ਸ੍ਰੀ ਮੁਖ ਏਹੁ ਅਲਾਇਆ ।
ਹੋ ਕਰਤਾਰ ਪੁਰਾ ਸ੍ਰੀ ਕਰਤੇ ਪੁਰਖ ਵਸਾਇਆ । ੨੧੫ ।
ਦੋਹਰਾ : ਸ੍ਰੀ ਗੁਰ ਸ੍ਰੀ ਕਰਤਾਰਪੁਰ ਸਹਿਰੁ ਅਨੂਪ ਵਸਾਇ ।

---
[1] ਬਧੋ

ਹੋਇ ਅਰੱਜਨ ਆਪ ਪੁਨ[1] ਵਸੇ ਸੁਧਾਸਰ ਆਇ । ੨੧੬ ।

ਤਾਹਿ ਸਮੈ ਕ੍ਰਤਾਰ ਪੁਰਾ ਗੁਰ ਸਹਿਰੁ ਵਸਾਇ ਸੁ ਬੀਚ ਦੁਆਬੇ ।
ਯਾ : ਹੇਤ ਸਿਕਾਰ ਸਿਕਾਰ ਚਢੇ ਗੁਰ ਪਾਰ ਗਏ ਨਦ ਨਾਖ ਸਤਾਬੇ ।
ਆਇ ਵਸੇ ਰਾਮਦਾਸ ਪੁਰੇ ਗੁਰ ਮੱਦਰ ਦੇਸ ਸੁ ਮੱਧ ਪੰਜਾਬੇ ।
ਬਾਂਰਿਰਵੀ[2] ਹਰਿਮੰਦਰ ਜੂ ਗੁਰ ਲੀਪਤ ਹੈਂ ਘਨਸਾਰ ਗੁਲਾਬੇ । ੨੧੭ ।

ਸੰਧ ਸਪੂਰਨੁ ਗ੍ਰਿਥੁ ਲਿਖਿਯੋ ਗੁਰ ਲੌਪੁਰ ਮੋਂ ਰਥ ਚਾਢ ਪਠਾਇਯੋ ।
ਯਾ : ਨਾਮੁ ਬੰਨੋਂ ਗੁਰ ਸਿੱਖੁ ਹੁਤੋ ਉਨ ਦੂਸਰੋ ਗ੍ਰਿਥ ਜੀ ਬੇਗ ਲਿਖਾਇਯੋ ।
ਤਾਹਿ ਸਮੈਂ ਜੁਗ ਜਿਲਤ ਬੰਧਾਇ ਸੁਧਾਇ ਲਿਯੋ ਗੁਰ ਕੈ ਢਿਗ ਆਇਯੋ ।
ਹੇਰ ਕਹਿਯੋ ਗੁਰ ਕਿਯੋ ਰੇ ਬੰਨੋਂ ਮਨ ਮੱਤ ਕਰੀ ਨ ਕੀਯੋ ਗਰ ਭਾਇਯੋ । ੨੧੮ ।

ਬੰਨੋਂ ਬਿਬਿ ਕਰ ਜੋਰ ਤਬ ਪਰਿਯੋ ਆਇ ਗੁਰ ਪਾਂਇ ।
ਰਾ : ਹੇ ਪ੍ਰਭ ਮੋ ਕੌਂ ਬਖਸੀਏ ਐਸੇ ਕਹਿਯਾ ਸੁਨਾਇ । ੨੧੯ ।

ਸੇਵਕ ਕੀ ਬਿਨਤੀ ਸੁਨੀਏ ਕਰ ਜੋਰ ਬੰਨੋਂ ਤਬ ਏਹੁ ਅਲਾਇਯਾ ।
ਯਾ : ਸੰਗਤ ਸ੍ਰੀ ਗੁਰ ਕੀ ਅਪਰੰਪਰ ਪਾਰ ਜਾਇ ਤਹੇ ਪ੍ਰਭ ਪਾਇਯਾ ।
ਜੋ ਨਰ ਨੀਤ ਸੁਧਾਸਰ ਜੂ ਰਹੇ ਤੇ ਗੁਰ ਵਾਕ ਸੁਨੇਂ ਮਨ ਭਾਇਯਾ ।
ਦੂਰ ਕੀ ਸੰਗਤ ਹੇਤ ਲਹੌਰ ਮੈਂ ਗ੍ਰਿਥ ਜੀ ਦੂਸਰੀ ਠੌਰ ਲਿਖਾਇਯਾ । ੨੨੦ ।

ਏ ਸੁਨ ਕੈ ਗੁਰ ਆਪ ਕਹਿਯੋ ਬੰਨੋਂ ਗ੍ਰਿਥ ਬਢੇਂ ਜਬ ਹੀ ਜਗ ਮਾਂਹੀ ।
ਯਾ : ਪੋਥੀ ਉਤਾਰ ਅਪਾਰ ਕਰੋਂ ਸਿੱਖ ਬਾਸਨ ਬਾਰ ਦੈ ਢਾਪ ਧਰਾਂਹੀ ।
ਐਸੇ ਸਿਰੀ ਗੁਰੁ ਸੇਵਕ ਕੋ ਇਤ ਤਾਰਤ ਹੈ ਪਰੁ ਮਾਰਤ ਨਾਂਹੀ ।
ਸੰਤ ਸੁਨੋਂ ਉਤ ਲੌਪੁਰ ਕੀ ਕਥਾ ਆਦ ਨਈ ਉਪਜੈ ਕਲ ਜਾਂਹੀ । ੨੨੧ ।

ਜਹਾਂਗੀਰ ਬਾਦਸਾਹ ਕਾ ਚੰਦੂ ਨਾਂਮ ਵਜੀਰੁ ।
ਰਾ : ਸਾਹੀ ਗੋਤਾ ਖੱਤਰੀ ਲੌਪੁਰ ਦਾ ਵਸਗੀਰੁ । ੨੨੨ ।

ਈ : ਤਾਂ ਗ੍ਰਿਹਿ ਉਪਜੀ ਸੁਤਾ ਅਨੂਪ । ਸਰ ਤਾਪਤ ਕੰਨਿਯਾਂ ਕੇ ਰੂਪ ।
ਮਾਤ ਤਾਤ ਰਹੁ ਭਾਤ ਲਡਾਈ । ਅਨਕ ਭਾਂਤ ਦਾਯਨ ਦੁਲਰਾਈ । ੨੨੩ ।
ਅੰਮ੍ਰਿਤ ਮੋਦਕ ਦੇਤ ਸਵਾਰ । ਬਸਨ ਅਲੰਕ੍ਰਿਤ ਦੁਵੈ ਪਰਕਾਰ ।
ਪਟ ਅੰਬਰ ਅੰਤ੍ਰਹ § ਪਹਿਰਾਵੈ । ਅਜਰ ਜਰਾਉ ਭੂਖ ਨ ਪਾਂਵੈ । ੨੨੪ ।
ਤਾਸ ਮਾਤ ਨਿਤ ਪਾਲਨ ਕਰੈ । ਸੁਤ ਤੇ ਅਧਕ ਸੁਤਾ ਹਿਤੁ ਧਰੈ ।
ਇਸੀ ਭਾਤੇ ਬੀਤੇ ਨਵ ਸਾਲ । ਏਕ ਦਿਵਸ ਨਿਜ ਗ੍ਰਿਹਿ ਵਹੁ ਬਾਲ । ੨੨੫ ।
ਸਖੀਅਨ ਸਾਥ ਅਟਾ ਮੋਂ ਗਈ । ਮੁਕ੍ਰਰ ਮਹਿਲ ਮੋਂ ਪ੍ਰਾਪਤ ਭਈ ।
ਤਿਸੀ ਸਮੈਂ ਚੰਦੂ ਗ੍ਰਿਹਿ ਆਇਆ । ਹੇਰ ਸੁਤਾ ਮਨ ਮੋਂ ਸਕੁਚਾਇਆ । ੨੨੬ ।
ਸੀਸ ਮਹਿਲ ਕੇ ਸੀਸ ਨਿਹਾਰੀ । ਸਖੀ ਸਾਥ ਬੈਠੀ ਮਧ ਬਾਰੀ ।
ਜੁਗ ਲੋਚਨ ਚੰਦੂ ਨਿਜ ਨਿਯਾਈ । ਤਬੈ ਪਰੋਹਤੁ ਲਇਯਾ ਬੁਲਾਇ । ੨੨੭ ।

---

[2] ਵਾਰਰਵੀ

ਬੈਠ ਇਕੰਤ ਮੰਤ੍ਰ ਸਮਝਾਇਆ । ਘਰੁ ਵਰੁ ਵੇਖ ਆਉ[1] ਫੁਰਮਾਇਆ ।
ਤਬੈ ਬ੍ਰਿਹਮਣੁ ਗਿਯਾ ਸਿਧਾਇ । ਘਰੁ ਪਾਵੈ[2] ਤਾਂ ਵਰੁ[3] ਨਾਂ ਪਾਹਿ । [illegible]
ਫਿਰਤ ਫਿਰਤ ਅੰਮ੍ਰਿਤਸਰ ਆਇਆ । ਰਾਂਮ ਦਾਸ ਪੁਰ ਘਰੁ ਵਰੁ ਪਾਇਆ [illegible]
ਸ੍ਰੀ ਗੁਰ ਅਰਜਨ ਕੇ ਢਿਗ ਆਇ ।
ਬ੍ਰਿਹਮਣ ਕਹੀ ਅਸੀਸ ਸੁਣਾਇ । ੨੨੯ ।
ਤਬ ਗੁਰ ਕਹਿਆ ਭੂਮ ਸੁਰ ਆਈਯੇ । ਕੋਪੁਰ ਚਹੋ[4] ਹਮੇਂ ਬਤਲਾਈਯੇ ।
ਕਵਨ ਕਾਜ ਆਏ ਦਿਜ ਰਾਈ । ਮਨ ਮਨਸਾ ਨਿਜਿ ਕਰੋ ਸੁਨਾਈ । ੨੩੦
ਐਸੇ ਤਬ ਦਿਜ ਭਾਖ ਸੁਣਾਇਆ । ਜਨਕ ਸੁਤਾ ਸੁਤ ਵਰ ਤੇ ਆਇਆ ।
ਚੰਦੂ ਸਾਹੀ ਕਹਿਆ ਬੁਲਾਇ । ਵੇਖ ਆਉ ਵਰੁ ਹੇ ਦਿਜ ਰਾਇ । ੨੩੧ ।
ਤਿਸੀ ਸਮੈਂ ਮੈਂ ਕੀਆ ਪਇਆਂਨ । ਰਾਂਮਦਾਸ ਪੁਰੁ ਹੇਰਿਆ ਆਨ ।
ਤਵ ਗ੍ਰਿਹਿ ਨੰਦਨੁ ਸੁਨਿਯਾਂ ਅਨੂਪ । ਮਹਾਂਰਾਜ ਰਾਜਨ ਕੇ ਭੂਪ । ੨੩੨ ।
ਸੋ ਤੁਮ ਮੋ ਪ੍ਰਿਤ ਦੇਹ ਦਿਖਾਇ । ਮੈਂ ਚੰਦੂ ਪੈ[5] ਭਾਖੋਂ ਜਾਇ ।
ਐਸੇ ਦਿਜ ਜਬ ਵਾਕੁ ਅਲਾਇਆ ।
ਤਬ ਸ੍ਰੀ ਗੁਰ ਨਿਜ ਪੂਤ ਬੁਲਾਇਆ । ੨੩੩ ।

ਸਵੈਯਾ : ਬੋਲ ਪਠਿਯਾ ਜਬ ਧਾਂਮ ਤੇ ਨੰਦਨੁ ਦੇਵ ਅਰੱਜਨ ਆਨੰਦ ਹੈ ਕੈ ।
ਰਾਜ ਸਮਾਜੁ ਸਭੋ ਸੰਗ ਲੈ ਹਰਿਗੋਬਿੰਦ ਜੂ ਚਢਿਯੋ ਊਪਰ ਗੈ ਕੈ ।
ਤਾਂ ਸੰਗ ਬਾਲਕ ਹੈਂ ਪੁਰ ਕੇ ਗੁਰ ਤੀਰ ਗਏ ਸਭ ਹੀ ਹਿਤੁ ਕੈ ਕੈ ।
ਤਾਂ ਛਬ ਕੋ ਕਵ[6] ਭਾਵੁ ਲਖਿਯੋ
ਮਾਨੋਂ ਦੇਵ ਦਿਵਿੰਦ੍ਰ ਆਇਯੋ ਸੰਗ ਲੈ ਕੇ । ੨੩੪ ।

ਸਵੈਯਾ : ਹੇਰ ਸਿਰੀ ਹਰਿਗੋਬਿੰਦ ਕੀ ਦੁਤ ਤਾਂਹਿ ਸਮੈਂ ਦਿਜ ਏਹੁ ਬਿਚਾਰੀ ।
ਕੈ ਸਸੁ ਕੈ ਰਵੁ ਕੈ ਸਿਵਜੂ ਚਤੁਰਾਂਨਨੁ ਕੈ ਪਤੁ ਸਿੰਧ ਕੁਮਾਰੀ ।
ਕੋਟ ਅਨੰਗ ਲਜੈ ਲਖ ਅੰਗ ਅਭੰਗ ਪ੍ਰਤਾਪੁ ਮਹਾਂਬਲ ਧਾਰੀ ।
ਯਾ ਸਮ ਔਰੁ ਅਨੂਪ ਨਹੀਂ ਬਰੁ ਕੋਟ ਪਚਾਸਹਿੰ ਭੂੰਮ ਮਝਾਰੀ । ੨੩੫ ।

ਸਵੈਯਾ : ਦੇਵ ਅਰੱਜਨ ਤੀਰ ਤਬੈ ਦਿਜ ਏਹੁ ਮੁਖੋਂ ਸੁਭ ਬਾਤ ਉਚਾਰੀ ।
ਮੈਂ ਅਬ ਜਾਂਉ ਲਹੌਰ ਪ੍ਰਭੂ ਇਹਿ ਬਾਲਕੁ ਹੈ ਅਬ ਰੋਕ ਹਮਾਰੀ ।
ਯੌਂ ਕਹਿ ਕੈ ਮਗ ਲੌਪੁਰ ਕੈ ਦਿਸ ਧਾਇ ਚਲਿਉ ਮਾਨੋਂ ਪੌਂਨਿ ਸਵਾਰੀ ।
ਜਾਇ ਕਹੀ ਉਪਮਾਂ ਗੁਰ ਕੀ ਉਤਸਾਹੁ ਬਢਿਯੋ ਸਸ ਧਾਂਮ ਅਪਾਰੀ । ੨੩੬ ।

ਦੋਹਰਾ : ਚੰਦੂ ਆਇਆ ਧਾਂਮ ਨਿਸ ਕਹੀ ਬਾਤ ਦਿਜ ਤਾਂਹਿ ।
ਗੁਰ ਅਰਜਨ ਸੁਤੁ ਮੈ ਪਿਖਿਯਾ ਰਾਮਦਾਸ ਪੁਰ[7] ਮਾਂਹਿ । ੨੩੭ ।

ਦੋਹਰਾ : ਮਹਾਂ ਬਾਹੁ ਸੁੰਦੁਰੁ ਸੁਘਰੁ ਮਨੋ ਜਸੋਧਾ ਨੰਦ ।
ਮਾਤ ਤਾਤ ਪ੍ਰਿਤਪਾਲ ਹੈਂ ਗਾਤੁ ਦੂਜ ਸਮ ਚੰਦ । ੨੩੮ ।

---

[1]ਆ [2]ਬਾਂਢੇ [3]ਬਰੁ [4]ਰਹੋ [5]ਪ੍ਰਿ [6]ਕਬਿ [7]ਧੁਰ

ਤਬ ਚੰਦੂ ਇਹਿ ਬਾਤ ਸੁਨਾਈ । ਤੋਹਿ ਕਹੋਂ ਸੁਨ ਹੇ ਦਿਜਿ ਰਾਈ ।
